# ਚਰਨ ਸਿੰਘ
## ਦਾ
# ਕਾਵਿ ਲੋਕ



ਪ੍ਰੋ. ਬ੍ਰਹਮਜਗਦੀਸ਼ ਸਿੰਘ

# ਚਰਨ ਸਿੰਘ ਦਾ ਕਾਵਿ ਲੋਕ

## ਵਿਕਾਸ, ਪਾਸਾਰ ਅਤੇ ਦਿਸ਼ਾਵਾਂ

ਪ੍ਰੋ. ਬ੍ਰਹਮਜਗਦੀਸ਼ ਸਿੰਘ

ਵਾਰਿਸ ਸ਼ਾਹ ਫ਼ਾਊਂਡੇਸ਼ਨ
ਅੰਮ੍ਰਿਤਸਰ-143002

# Charan Singh Da Kav Lok : Vikās, Pasār ate Dishāvaan

*by*

**Prof. Brahm Jagdish Singh**
B-XII/139, Harindra Nagar,
FARIDKOT-151203
Phone : 01639-252136 (M) 98760-52136

© Author

ISBN 978-81-7856-404-3

ਪਹਿਲੀ ਵਾਰ : 2014

ਮੁੱਲ : 300 ਰੁਪਏ

*ਪ੍ਰਕਾਸ਼ਕ :*
**ਵਾਰਿਸ ਸ਼ਾਹ ਫ਼ਾਉਂਡੇਸ਼ਨ**
42, ਗੁਰੂ ਤੇਗ ਬਹਾਦਰ ਨਗਰ, ਡਾ. ਖ਼ਾਲਸਾ ਕਾਲਜ,
ਅੰਮ੍ਰਿਤਸਰ-143 002 (ਫ਼ੋਨ : 0183-2450520)

*ਟਾਈਪ ਸੈਟਿੰਗ :*
**ਜੋਤ ਕ੍ਰਿਏਸ਼ਨਜ਼**
ਅੰਮ੍ਰਿਤਸਰ। ਫ਼ੋਨ : 99157 22047

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਜੀਵਨ ਦੇ ਉਚੇਰੇ ਲਕਸ਼ਾਂ ਨੂੰ ਸਮਰਪਿਤ

ਚਰਨ ਸਿੰਘ ਦੀ ਅਦਭੁਤ ਕਾਵਿ-ਪ੍ਰਤਿਭਾ ਨੂੰ

A bird doesn't sing because it has an answer,
it sings because it has a song.

*—Lou Holtz*

# ਪ੍ਰੋ. ਬ੍ਰਹਮਜਗਦੀਸ਼ ਸਿੰਘ ਰਚਨਾਵਲੀ

## ਆਲੋਚਨਾ

ਸੁਜਾਨ ਸਿੰਘ ਬਾਰੇ, ਪੰਜਾਬੀ ਗੱਦ ਸ਼ਿਰੋਮਣੀ, ਸਾਹਿੱਤ ਸਭਿਆਚਾਰ ਤੇ ਪੰਜਾਬ, ਰਾਣਾ ਸੂਰਤ ਸਿੰਘ : ਚਿੰਤਨ ਤੇ ਕਲਾ, ਆਧੁਨਿਕ ਪੰਜਾਬੀ ਕਾਵਿ ਅਤੇ ਭਾਈ ਵੀਰ ਸਿੰਘ, ਦਲੀਪ ਕੌਰ ਟਿਵਾਣਾ ਦੀ ਗਲਪ ਚੇਤਨਾ, ਭਾਈ ਵੀਰ ਸਿੰਘ ਦਾ ਰਚਨਾ ਸੰਸਾਰ, ਪੱਛਮੀ ਸਮੀਖਿਆ : ਸਿਧਾਂਤ ਤੇ ਸੰਦਰਭ, ਸਭਿਆਚਾਰਕ ਮਾਨਵ-ਵਿਗਿਆਨ, ਗੁਰੂ ਨਾਨਕ ਅਤੇ ਸੰਤ ਬਾਣੀ, ਭਗਤ ਬਾਣੀ : ਚਿੰਤਨ ਤੇ ਕਲਾ, ਸਮਾਲੋਚਨਾ ਅਤੇ ਪੰਜਾਬੀ ਸਮਾਲੋਚਨਾ, ਰਵਿੰਦਰ ਰਵੀ ਦਾ ਰਚਨਾ ਸੰਸਾਰ, ਪੰਜਾਬੀ ਸਭਿਆਚਾਰ : ਸੰਦਰਭਮੂਲਕ ਅਧਿਐਨ, ਨਾਟਕ ਅਤੇ ਰੰਗਮੰਚ, ਭਾਈ ਗੁਰਦਾਸ ਦੀ ਪਹਿਲੀ ਵਾਰ : ਵਿਆਖਿਆ, ਵਿਸ਼ਲੇਸ਼ਣ ਅਤੇ ਪਾਠ, ਰਾਸ਼ਟਰੀ ਚੇਤਨਾ ਦਾ ਕਵੀ : ਗੁਰਦੇਵ ਸਿੰਘ ਰਾਏ, ਪੰਜਾਬੀ ਸਾਹਿੱਤ ਦਾ ਇਤਿਹਾਸ, ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ, ਆਧੁਨਿਕ ਪੰਜਾਬੀ ਕਾਵਿ: ਪ੍ਰਮੁਖ ਪ੍ਰਵਿਰਤੀਆਂ, ਪੰਜਾਬੀ ਸਾਹਿਤ : ਪ੍ਰਮੁੱਖ ਰੂਪਾਕਾਰ, ਮੁੱਢਲੀ ਪੰਜਾਬੀ ਵਾਰਤਕ, ਸਮਾਲੋਚਨਾ ਸ਼ਾਸਤਰ, ਹਉ ਢਾਢੀ ਵੇਕਾਰੁ, ਮੁੱਢਲੀ ਪੰਜਾਬੀ ਵਾਰਤਕ, ਸਮਾਲੋਚਨਾ ਸ਼ਾਸਤਰ, ਪੰਜਾਬੀ ਆਲੋਚਨਾ : ਆਰੰਭ ਤੇ ਵਿਕਾਸ, ਆਧੁਨਿਕ ਪੰਜਾਬੀ ਵਾਰਤਕ।

## ਮੋਨੋਗ੍ਰਾਫ਼

ਬੋਲੈ ਸ਼ੇਖ਼ ਫ਼ਰੀਦ, ਪਰਮ ਸੰਤ ਨਾਮਦੇਵ, ਭਗਤ ਸ਼ਿਰੋਮਣੀ ਰਵਿਦਾਸ, ਸੰਤ ਕਬੀਰ, ਗੁਰੂ ਨਾਨਕ : ਸਾਹਿਤਕ ਪਰਿਪੇਖ, ਗੁਰੂ ਗੋਬਿੰਦ ਸਿੰਘ : ਜੀਵਨ ਅਤੇ ਸੰਦੇਸ਼, ਭਾਈ ਗੁਰਦਾਸ : ਰਚਨਾ ਸੰਸਾਰ, ਤੇਜਾ ਸਿੰਘ ਸਾਬਰ : ਜੀਵਨ ਤੇ ਰਚਨਾ, ਗਿਆਨੀ ਲਾਲ ਸਿੰਘ : ਜੀਵਨ ਤੇ ਰਚਨਾ, ਭਾਈ ਵੀਰ ਸਿੰਘ : ਜੀਵਨ ਤੇ ਰਚਨਾ, ਡਾ. ਗੰਡਾ ਸਿੰਘ : ਜੀਵਨ ਤੇ ਰਚਨਾ, ਗੁਰੂ ਨਾਨਕ ਦੇਵ ਜੀ : ਜੀਵਨ, ਦਰਸ਼ਨ ਅਤੇ ਬਾਣੀ, ਜਪੁਜੀ : ਵਿਚਾਰਧਾਰਾ, ਪ੍ਰਬੰਧ ਅਤੇ ਪਾਠ, ਸਿਧ ਗੋਸਟਿ : ਪਾਠ, ਪ੍ਰਸੰਗ ਅਤੇ ਪ੍ਰਵਚਨ, ਜਾਪ ਸਾਹਿਬ : ਪਾਠ ਅਤੇ ਪ੍ਰਸੰਗ, ਦਖਣੀ ਓਅੰਕਾਰ : ਰੂਪ-ਰਚਨਾ ਅਤੇ ਪਾਠ, ਸੁਖਮਨੀ ਸਾਹਿਬ : ਪਾਠ ਅਤੇ ਵਿਵੇਚਨ, ਮਾਝ ਦੀ ਵਾਰ : ਰੂਪ-ਰਚਨਾ ਅਤੇ ਪਾਠ, ਬਾਵਨ ਅਖਰੀ ਤੇ ਬਾਰਹਮਾਹ ਮਾਂਝ : ਵਿਚਾਰਧਾਰਾ ਅਤੇ ਰੂਪਾਕਾਰਕ ਅਧਿਐਨ, ਗਿੱਲ ਮੋਰਾਂਵਾਲੀ : ਸੋਚ ਅਤੇ ਸੰਵੇਦਨਾ, ਅੰਮ੍ਰਿਤਾ ਪ੍ਰੀਤਮ : ਜੀਵਨ ਅਤੇ ਰਚਨਾ, ਸ਼ਬਦ ਤੇ ਸ਼ਲੋਕ ਗੁਰੂ ਤੇਗ ਬਹਾਦਰ : ਪਾਠ, ਵਿਆਖਿਆ ਅਤੇ ਪ੍ਰਵਚਨ, ਦਰਸ਼ਨ ਮਿਤਵਾ ਦਾ ਨਾਵਲ ਜਗਤ, ਬਾਣੀ ਗੁਰੂ ਰਾਮਦਾਸ ਜੀ, ਲੋਕਧਾਰਾ ਦਾ ਕਵੀ : ਗੁੱਜਰ ਸਿੰਘ ਗਿੱਲ, ਸ਼ਬਦ ਤੇ ਸਲੋਕ: ਬਾਬਾ ਸ਼ੇਖ਼ ਫ਼ਰੀਦ, ਸੁਰਜੀਤ ਪਾਤਰ: ਕਾਵਿ ਸੰਵੇਦਨਾ : ਆਲੋਚਨਾਤਮਿਕ ਵਿਆਖਿਆ, ਦਲੀਪ ਕੌਰ ਟਿਵਾਣਾ : ਜੀਵਨ ਤੇ ਰਚਨਾ, ਗੁਰੂ ਗ੍ਰੰਥ ਸਾਹਿਬ : ਸੰਪਾਦਨਾ ਅਤੇ ਸੰਦੇਸ਼, ਗੁਰੂ ਗ੍ਰੰਥ ਸਾਹਿਬ : ਬਾਣੀ ਅਤੇ ਬਾਣੀਕਾਰ, ਧਨੀ ਰਾਮ ਚਾਤ੍ਰਿਕ : ਜੀਵਨ ਤੇ ਕਵਿਤਾ, ਸ਼ਿਵ ਕੁਮਾਰ : ਕਾਵਿ ਸੰਵੇਦਨਾ, ਗੁਰਬਖ਼ਸ਼ ਸਿੰਘ ਪ੍ਰੀਤਲੜੀ : ਵਾਰਤਕ ਰਚਨਾ, ਬਲਵੰਤ ਗਾਰਗੀ : ਨਾਟਕ ਰਚਨਾ, ਨਾਨਕ ਸਿੰਘ : ਨਾਵਲ ਕਲਾ, ਗੁਲਮੋਹਰ : ਚਿੰਤਨ ਤੇ ਚੇਤਨਾ, ਸੰਤ ਸਿੰਘ ਸੇਖੋਂ : ਜੀਵਨ ਤੇ ਰਚਨਾ , ਪਿਆਰਾ ਸਿੰਘ ਦਾਤਾ : ਜੀਵਨ ਤੇ ਰਚਨਾ, ਪੰਜਾਬੀ ਨਾਵਲ, ਪੰਜਾਬੀ ਨਿੱਕੀ ਕਹਾਣੀ, ਗੁਰੂ ਗ੍ਰੰਥ ਸੰਕਲਪ ਕੋਸ਼, ਸਾਹਿਤ ਸੰਕਲਪ ਕੋਸ਼, ਆਧੁਨਿਕ ਪੰਜਾਬੀ ਕਾਵਿ : ਸਿੱਧਾਂਤ, ਇਤਿਹਾਸ ਅਤੇ ਪ੍ਰਵਿਰਤੀਆਂ।

## ਸੰਪਾਦਨ

ਮਾਨਵਤਾ ਦਾ ਪ੍ਰਤੀਕ : ਬਾਬਾ ਫ਼ਰੀਦ, ਡਾ. ਕੁਲਬੀਰ ਸਿੰਘ ਕਾਂਗ : ਅਭਿਨੰਦਨ ਗ੍ਰੰਥ, ਕਰਮਜੀਤ ਸਿੰਘ : ਜੀਵਨ ਤੇ ਰਚਨਾ, ਭਗਤ ਰਵਿਦਾਸ: ਬਾਣੀ ਅਤੇ ਚਿੰਤਨ, ਕਾਵਿ ਧਾਰਾ, ਅਭਿੰਨਦਨ : ਪ੍ਰੇਮ ਪਾਲੀ, ਬ੍ਰਿਜਿੰਦਰ ਕਾਲਜ : ਇਤਿਹਾਸਕ- ਸਭਿਆਚਾਰਕ ਪਰਿਪੇਖ, ਸ਼ੇਖ਼ ਫ਼ਰੀਦ : ਏ ਕ੍ਰੋਨੀਕਲ (21 ਅੰਕ), ਮਿੱਟੀ ਮਾਲਵੇ ਦੀ : ਸਾਹਿੱਤਕ ਮੈਗਜ਼ੀਨ (2003 ਤੋਂ), ਕੋਠੇ ਖੜਕ ਸਿੰਘ : ਵਿਸ਼ਾ-ਵਸਤੂ ਤੇ ਬਿਰਤਾਂਤ-ਜੁਗਤਾਂ।

## ਅਨੁਵਾਦ

ਗੋਲਡੋਨੀ ਦੇ ਪ੍ਰਸਿੱਧ ਨਾਟਕ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀਆਂ ਮੁੱਖ ਘਟਨਾਵਾਂ

## ਜੀਵਨ-ਬ੍ਰਿਤਾਂਤ

ਅਸਤਿਤਵ, ਗਿਆਨ ਦੀ ਆਬਸ਼ਾਰ : ਪ੍ਰੋ. ਬ੍ਰਹਮਜਗਦੀਸ਼ ਸਿੰਘ।

# ਤ ਤ ਕ ਰਾ


ਭੂਮਿਕਾ 7

I. ਮੇਰੀ ਕਾਵਿ ਰਚਨਾ ਬਾਰੇ: ਸ੍ਵੈ-ਕਥਨ 9

II. ਚਰਨ ਸਿੰਘ: ਕਵਿਤਵ ਦਾ ਵਿਕਾਸ 15

III. ਚਰਨ ਸਿੰਘ ਦਾ ਕਾਵਿ-ਸੰਸਾਰ: ਮਾਈਕਰੋ ਅਧਿਐਨ 26

1. ਤੀਸਰੀ ਅੱਖ/30
2. ਮਿੱਟੀ 'ਚੋਂ ਉੱਕਰੇ ਅੱਖਰ/34
3. ਸ਼ੂਨਯ ਬੋਧ/38
4. ਗਗਨ ਮੈਂ ਥਾਲੁ/41
5. ਸ਼ੀਸ਼ੇ ਵਿਚਲਾ ਸੂਰਜ/46
6. ਰੁੱਖ ਤੇ ਜੰਗਲ/51
7. ਮੁੜ੍ਹਕੋ ਮੁੜ੍ਹਕੀ ਪੌਣ/56
8. ਵਿਪਰੀਤ/62
9. ਬਿੰਦੂ ਤੇ ਦਾਇਰੇ/66
10. ਅੰਤਰੀਵ/71
11. ਸੂਰਜ ਤੇ ਕਿਰਨਾਂ/76
12. ਤੁਪਕਾ ਤੁਪਕਾ ਸੂਰਜ/80
13. ਪ੍ਰਕਰਮਾ/85
14. ਦੀਵੇ ਜਗਦੇ ਨੈਣ/88
15. ਰਿਸ਼ਮਾਂ/91
16. ਦਰਪਣ/97
17. ਅਨੁਭਵ/100
18. ਪ੍ਰਛਾਵੇਂ/106

19. ਤ੍ਰੈਕਾਲ/111
20. ਤ੍ਰਿਵੇਣੀ/115
21. ਆਗਮਨ/119
22. ਪ੍ਰਵਾਜ਼/124
23. ਕੋਰਾ ਕਾਗ਼ਜ਼/129
24. ਸ਼ਬਦਾਂ ਦਾ ਸਫ਼ਰ/135
25. ਬੁੱਕਲ/141
26. ਸ਼ੀਸ਼ੇ ਦਾ ਸ਼ਹਿਰ/146

IV. ਅਤਿਰਿਕਤ ਰਚਨਾਵਾਂ : ਪ੍ਰਮੁੱਖ ਧਰਾਤਲ 153

V. ਚਰਨ ਸਿੰਘ ਦਾ ਸਮੁੱਚਾ ਯੋਗਦਾਨ 174

ਅੰਤਿਕਾਵਾਂ

i. ਚਰਨ ਸਿੰਘ ਕਾਵਿ ਰਚਨਾਵਲੀ/190
ii. ਪ੍ਰਕਾਸ਼ਨਾਧੀਨ ਪੁਸਤਕ-ਸੂਚੀ/191
iii. ਐਵਾਰਡਜ਼ ਤੇ ਸਨਮਾਨ/192

# ਭੂਮਿਕਾ

ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿਚ ਇਹ ਅਦਭੁਤ ਵਰਤਾਰਾ ਸਦਾ ਯਾਦ ਰੱਖਿਆ ਜਾਵੇਗਾ ਕਿ 1980 ਈ. ਤੋਂ ਕੈਨੇਡਾ ਵਿਚ ਰਹਿਣ ਵਾਲੇ ਸਾਡੇ ਇਕ ਅਲਬੇਲੇ, ਸੂਝਵਾਨ ਅਤੇ ਸੰਵੇਦਨਸ਼ੀਲ ਕਵੀ ਦੇ 28 ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਉਸ ਦੀਆਂ 19-20 ਹੋਰ ਕਾਵਿ-ਪੁਸਤਕਾਂ ਪ੍ਰਕਾਸ਼ਨ ਅਧੀਨ ਹਨ, ਜਿਹੜੀਆਂ ਆਉਣ ਵਾਲੇ ਇਕ-ਦੋ ਵਰ੍ਹਿਆਂ ਵਿਚ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਜਾਣਗੀਆਂ। ਇਉਂ 'ਚਰਨ ਸਿੰਘ' ਨਾਮ ਦਾ ਸਾਡਾ ਇਹ ਵਿਸ਼ਿਸ਼ਟ ਕਵੀ ਪੂਰੀ ਵਚਨਬੱਧਤਾ, ਸਾਧਨਾ ਅਤੇ ਸਿਰੜ ਨਾਲ ਆਧੁਨਿਕ ਪੰਜਾਬੀ ਕਾਵਿ ਦੀ ਪਰੰਪਰਾ ਨੂੰ ਹੋਰ ਅਮੀਰ ਅਤੇ ਭਰਪੂਰ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ।

ਚਰਨ ਸਿੰਘ ਨੇ ਆਪਣੀ ਕਾਵਿ-ਯਾਤਰਾ ਦਾ ਆਰੰਭ 1975-76 ਈ. ਵਿਚ ਉਸ ਸਮੇਂ ਕੀਤਾ ਜਦੋਂ ਭਾਰਤ ਇਕ ਸੰਕ੍ਰਾਂਤੀ ਕਾਲ ਵਿਚੋਂ ਗੁਜ਼ਰ ਰਿਹਾ ਸੀ। ਦੇਸ਼ ਦੇ ਵਿਕਾਸ ਨੂੰ ਸਮਰਪਿਤ ਰਹੇ ਨੇਤਾ ਭਾਰਤ ਦੇ ਰੰਗਮੰਚ ਉੱਤੋਂ ਰੁਖ਼ਸਤ ਹੋ ਗਏ ਸਨ ਅਤੇ ਉਹਨਾਂ ਦੀ ਥਾਂ ਭ੍ਰਸ਼ਟ ਅਤੇ ਸਵਾਰਥੀ ਨੇਤਾਵਾਂ ਨੇ ਲੈ ਲਈ ਸੀ। ਮਜ਼ਦੂਰ, ਕਿਸਾਨ ਅਤੇ ਵਿਦਿਆਰਥੀ ਲੋਕ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਸੜਕਾਂ ਉਪਰ ਨਿਕਲ ਆਏ ਸਨ। ਵਿਵਸਥਾ ਦੇ ਵਿਰੁੱਧ ਲੋਕ-ਮਨਾਂ ਵਿਚ ਇਕ ਤਿੱਖਾ ਆਕ੍ਰੋਸ਼ ਸੀ। ਚਰਨ ਸਿੰਘ ਦੇ ਕਾਵਿ ਵਿਚ ਉਸ ਆਕ੍ਰੋਸ਼ ਅਤੇ ਅਸੰਤੋਸ਼ ਦੇ ਬੜੇ ਪ੍ਰਮਾਣਿਕ ਅਕਸ ਦੇਖੇ ਜਾ ਸਕਦੇ ਹਨ ਪਰ ਇਸੇ ਦੌਰਾਨ ਉਸ ਨੂੰ ਕੈਨੇਡਾ ਜਾਣ ਦਾ ਸੁਅਵਸਰ ਵੀ ਪ੍ਰਾਪਤ ਹੋ ਗਿਆ। ਇਹ ਇਕ ਨਵੀਂ ਦੁਨੀਆਂ ਸੀ। ਮੁੱਢਲੇ ਵਰ੍ਹਿਆਂ ਵਿਚ ਤਾਂ ਉਸ ਨੂੰ ਇਹ ਦੁਨੀਆਂ ਕਾਫ਼ੀ ਅਜਨਬੀ ਅਤੇ ਓਪਰੀ ਪ੍ਰਤੀਤ ਹੋਈ ਪਰ ਹੌਲੀ-ਹੌਲੀ ਉਹ ਇਸ ਨਵੀਂ ਦੁਨੀਆਂ ਵਿਚ ਰਚ-ਬਸ ਗਿਆ। ਇਥੋਂ ਪ੍ਰਾਪਤ ਹੋਏ ਨਵੇਂ ਅਨੁਭਵ ਨੂੰ ਉਸ ਨੇ ਆਪਣੇ ਜੀਵਨ ਦਾ ਅੰਗ ਬਣਾ ਲਿਆ। ਇਸ ਨਾਲ ਉਸ ਦੀ ਸ਼ਖ਼ਸੀਅਤ ਅੱਗੇ ਨਾਲੋਂ ਵੀ ਕਾਫ਼ੀ ਭਾਰੀ-ਗੌਰੀ ਹੋ ਗਈ। ਉਸ ਦੇ ਕਾਵਿ-ਲੋਕ ਵਿਚ ਇਹ ਸ਼ਖ਼ਸੀਅਤ ਅਨੇਕ ਰੰਗਾਂ-ਸੁਗੰਧਾਂ ਵਿਚ ਰੂਪਮਾਨ ਹੋਈ ਹੈ।

ਮੂਲ ਰੂਪ ਵਿਚ ਚਰਨ ਸਿੰਘ ਬ੍ਰਹਿਮੰਡਕ ਚੇਤਨਾ ਦਾ ਕਵੀ ਹੈ। ਉਹ ਬ੍ਰਹਿਮੰਡ ਦੇ ਜਟਿਲ ਅਤੇ ਚੁਣੌਤੀ-ਭਰਪੂਰ ਸਰੋਕਾਰਾਂ ਨਾਲ ਜੂਝਦਾ ਹੈ। ਉਸ ਦੀ ਦ੍ਰਿਸ਼ਟੀ ਦਿੱਸਦੇ ਜਗਤ ਦੇ ਸਤਹੀ ਵੇਰਵਿਆਂ ਵਿਚ ਨਹੀਂ ਉਲਝਦੀ ਬਲਕਿ ਉਹ ਸਤਹਿ ਉਪਰ ਪਏ ਹੋਏ ਰੋਮਾਂਟਿਕ ਅਤੇ ਆਦਰਸ਼ਵਾਦੀ ਪਰਦੇ ਨੂੰ ਹਟਾ ਕੇ ਜ਼ਿੰਦਗੀ ਵਿਚ ਬਹੁਤ ਡੂੰਘਾ ਉੱਤਰ ਜਾਂਦਾ ਹੈ। ਉਹ ਬ੍ਰਹਿਮੰਡ ਦੇ ਨਵੇਂ-ਨਵੇਂ

ਰਹੱਸ ਖੋਲ੍ਹਦਾ ਹੈ ਅਤੇ ਆਪਣੇ ਪਾਠਕਾਂ ਨੂੰ ਜ਼ਿੰਦਗੀ ਦੇ ਅਦਭੁਤ ਵਰਤਾਰੇ ਦੇ ਰੂਬਰੂ ਲੈ ਜਾਂਦਾ ਹੈ।

ਮੈਨੂੰ, ਚਰਨ ਸਿੰਘ ਜੀਵਨ ਦੀ ਸਹਿਜ-ਗਤੀ ਨਾਲ ਚੱਲਣ ਵਾਲਾ ਇਕ ਸੁਹਿਰਦ ਅਤੇ ਸੰਤੁਲਿਤ ਵਿਅਕਤੀ ਪ੍ਰਤੀਤ ਹੋਇਆ ਹੈ। ਉਹ ਭੂ-ਹੇਰਵੇ, ਪਲਾਇਣ ਜਾਂ ਰੋਮਾਂਸ ਦਾ ਕਵੀ ਨਹੀਂ ਹੈ। ਸਾਡੇ ਬਹੁਤੇ ਲੇਖਕ ਪੱਛਮ ਦੀ ਚਕਾਚੌਂਧ ਵਾਲੀ ਜ਼ਿੰਦਗੀ ਨੂੰ ਵੇਖ ਕੇ ਹੱਕੇ-ਬੱਕੇ/ਹੈਰਾਨ ਰਹਿ ਜਾਂਦੇ ਹਨ। ਚਰਨ ਸਿੰਘ ਇਸ ਪ੍ਰਕਾਰ ਦੀ ਕਿਸੇ ਉਪਭਾਵੁਕਤਾ ਦਾ ਪ੍ਰਦਰਸ਼ਨ ਨਹੀਂ ਕਰਦਾ। ਉਸ ਦੇ ਕਾਵਿਕ ਅੰਦਾਜ਼ ਦਾ ਜਿਹੜਾ ਪੱਖ ਮੈਨੂੰ ਸਭ ਤੋਂ ਵੱਧ ਪਸੰਦ ਆਇਆ ਹੈ, ਉਹ ਉਸ ਦਾ ਅਕੱਟ ਅਤੇ ਅਖੰਡ ਆਸ਼ਾਵਾਦ ਹੈ। ਉਹ ਸਦੈਵ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਇਕ ਸੱਚਾ-ਸੁੱਚਾ ਪੰਜਾਬੀ ਹੈ। ਮੈਨੂੰ ਉਸ ਦੀ ਪੰਜਾਬੀਅਤ ਉਪਰ ਪੂਰਾ-ਪੂਰਾ ਗੌਰਵ ਹੈ।

ਆਧੁਨਿਕ ਪੰਜਾਬੀ ਕਾਵਿ ਨੂੰ ਉਸ ਦੀ ਦੇਣ ਬਹੁਪੱਖੀ ਅਤੇ ਬਹੁਵਿਮਾਵੀ ਹੈ। ਉਹ ਆਪਣੇ ਅਨੁਭਵ ਪ੍ਰਤੀ ਸੱਚਾ ਅਤੇ ਸੁਹਿਰਦ ਰਿਹਾ ਹੈ। ਉਸ ਨੇ ਕਦੇ ਵੀ ਕਿਸੇ ਸਾਹਿਤਿਕ ਫ਼ੈਸ਼ਨ ਦਾ ਅਨੁਕਰਨ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਸ ਦੇ ਕਾਵਿ-ਲੋਕ ਵਿਚ ਪ੍ਰਗਤੀ ਅਤੇ ਪ੍ਰਯੋਗ ਦਾ ਸੁਮੇਲ ਹੈ। ਉਸ ਦੇ ਵਿਲੱਖਣ ਅੰਦਾਜ਼ ਨੂੰ ਸਹਿਜੇ ਹੀ ਪਹਿਚਾਣਿਆ ਜਾ ਸਕਦਾ ਹੈ। ਉਹ ਆਪਣੀਆਂ ਕਵਿਤਾਵਾਂ ਨੂੰ ਪ੍ਰਸਿੱਧ ਪੱਛਮੀ ਕਵੀ ਏਜ਼ਰਾ ਪਾਊਂਡ (Ezra Pound) ਵਾਂਗ ਟੁਕੜੀਆਂ (cantos) ਵਿਚ ਵਿਭਾਜਿਤ ਕਰ ਕੇ ਰੂਪਮਾਨ ਕਰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਆਧੁਨਿਕ ਵਿਅਕਤੀ ਦੀ ਸ਼ਖ਼ਸੀਅਤ ਖੰਡਿਤ ਹੋ ਚੁੱਕੀ ਹੈ ਅਤੇ ਉਸ ਨੂੰ ਵੱਖ-ਵੱਖ ਟੁਕੜਿਆਂ ਦੇ ਮਾਧਿਅਮ ਦੁਆਰਾ ਹੀ ਸਾਂਭਿਆ ਅਤੇ ਸਹੇਜਿਆ ਜਾ ਸਕਦਾ ਹੈ।

ਬੜੀ ਖ਼ੁਸ਼ੀ ਹੈ ਕਿ ਮੈਨੂੰ ਚਰਨ ਸਿੰਘ ਦੇ ਸਮੁੱਚੇ ਕਾਵਿ-ਲੋਕ ਦਾ ਅਵਲੋਕਨ ਅਤੇ ਅਧਿਐਨ ਕਰਨ ਦਾ ਸੰਜੋਗ ਪ੍ਰਾਪਤ ਹੋਇਆ ਹੈ। ਮੇਰਾ ਵਿਸ਼ਵਾਸ ਹੈ ਕਿ ਆਧੁਨਿਕ ਪੰਜਾਬੀ ਕਾਵਿ ਦੀ ਦਿਸ਼ਾ ਅਤੇ ਦਸ਼ਾ ਨੂੰ ਸਮਝਣ ਲਈ ਚਰਨ ਸਿੰਘ ਦਾ ਕਾਵਿ ਇਕ ਉਪਯੋਗੀ ਪਲੇਟਫ਼ਾਰਮ ਪ੍ਰਦਾਨ ਕਰਦਾ ਹੈ। ਮੈਂ ਪੰਜਾਬੀ ਸਾਹਿਤ ਦੇ ਸਮੂਹ ਪਾਠਕਾਂ ਨੂੰ ਉਸ ਦੇ ਕਾਵਿ-ਲੋਕ ਵਿਚੋ ਗੁਜ਼ਰਨ ਦੀ ਨਿੱਘੀ ਦਾਅਵਤ ਦਿੰਦਾ ਹਾਂ।

6 ਸਤੰਬਰ 2013

ਪ੍ਰੋ. ਬ੍ਰਹਮਜਗਦੀਸ਼ ਸਿੰਘ
ਹਰਿੰਦਰਾ ਨਗਰ, ਫ਼ਰੀਦਕੋਟ

# ਮੇਰੀ ਕਾਵਿ-ਰਚਨਾ ਬਾਰੇ : ਸ੍ਵੈ-ਕਥਨ

**ਚਰਨ ਸਿੰਘ**

ਮੇਰਾ ਕਾਵਿ ਆਧੁਨਿਕ ਕਾਵਿ ਹੈ। ਆਧੁਨਿਕ ਕਾਵਿ ਦਾਰਸ਼ਨਿਕ ਵਿਗਿਆਨਕ ਅਭਿਵਿਅਕਤੀ ਦਾ ਉਹ ਯਥਾਰਥਕ ਸੱਚ ਹੈ ਜੋ ਤ੍ਰੈਕਾਲ-ਮੁਖੀ ਹੈ ਭਾਵ ਜਿਸ ਦੇ ਯਥਾਰਥਕ ਸੱਚ ਦਾ ਪ੍ਰਭਾਵ ਭੂਤ, ਵਰਤਮਾਨ, ਭਵਿੱਖ ਵਿਚ ਇਕ ਸਮਾਨ ਹੈ। ਮੇਰੇ ਆਧੁਨਿਕ ਕਾਵਿ ਦਾ ਫ਼ਲਸਫ਼ਾ ਮਨੁੱਖਵਾਦੀ ਹੈ। ਮੇਰੀ ਕਵਿਤਾ ਮਨੁੱਖ 'ਚੋਂ ਜਨਮਦੀ, ਮਨੁੱਖ 'ਚ ਵਿਚਰਦੀ ਅਤੇ ਮਨੁੱਖ ਨੂੰ ਹੀ ਵਿਸਥਾਰਦੀ ਹੈ। ਮਨੁੱਖੀ ਜੀਵਨ ਦੀਆਂ ਉਤਰਾਈਆਂ-ਚੜ੍ਹਾਈਆਂ ਮਨੁੱਖ ਦੀਆਂ ਅੰਦਰੂਨੀ ਤੇ ਬਾਹਰੀ ਪ੍ਰਵਿਰਤੀਆਂ ਨੂੰ ਅਭਿਵਿਅਕਤ ਕਰਦੀ ਹੈ। ਜਿਥੇ ਮੇਰਾ ਕਾਵਿ ਆਧੁਨਿਕ ਮਨੁੱਖ ਦਾ ਸੰਕਲਪ ਸਿਰਜਦਾ ਹੈ ਉਥੇ ਉਸ ਦਾ ਵਜੂਦ, ਉਸ ਦੀ ਹੋਂਦ, ਉਸ ਦੀ ਸ਼ਖ਼ਸੀਅਤ ਦਾ ਸੱਚ ਵੀ ਬਿਆਨ ਕਰਦਾ ਹੈ।

ਅਜੋਕੇ ਸਮੇਂ ਵਿਚ ਮਨੁੱਖ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਉਹ ਕੌਣ ਹੈ, ਕੀ ਹੈ, ਕਿਥੋਂ ਆਇਆ ਹੈ, ਕਿਥੇ ਜਾਣਾ ਹੈ, ਜੀਵਨ ਦਾ ਕੀ ਪ੍ਰਯੋਜਨ ਹੈ, ਮਨੁੱਖ ਦਾ ਜੀਵਨ 'ਚ ਕੀ ਰੋਲ ਹੈ ? ਉਸ ਦੇ ਵਿਚਰਨ ਧਰਾਤਲ ਪ੍ਰਤੀ ਸਮਾਜ ਦਾ ਉਸ ਵੱਲ ਕੀ ਪ੍ਰਤੀਕਰਮ ਹੈ ? ਸਮਾਜ ਵੱਲ ਉਸ ਦੀ ਕੀ ਪ੍ਰਤੀਕਰਮ ਹੈ ? ਸਮਾਜ ਵਿਚ ਮਨੁੱਖ ਦਾ ਵਿਚਰਨਾ ਹਾਂ-ਪੱਖੀ ਹੈ ਜਾਂ ਨਾ-ਪੱਖੀ ਹੈ। ਮਨੁੱਖ ਜੀਵਨ ਵਿਚ ਸਮਾਜ ਲਈ ਕੋਈ ਉਸਾਰੂ ਪੱਖ ਪ੍ਰਦਾਨ ਕਰਦਾ ਹੈ ਜਾਂ ਨਹੀਂ, ਜੀਵਨ ਨੂੰ ਮਨੁੱਖ ਦੀ, ਮਨੁੱਖ ਨੂੰ ਜੀਵਨ ਕੀ ਕੀ ਦੇਣ ਹੈ ? ਇਹਨਾਂ ਸਾਰੇ ਸਵਾਲਾਂ ਸਾਹਵੇਂ ਅਜੋਕਾ ਮਨੁੱਖ ਖੜਾ ਹੈ।

ਮੇਰਾ ਕਾਵਿ ਇਹਨਾਂ ਸਵਾਲਾਂ ਦੇ ਰੂਬਰੂ ਹੁੰਦਾ ਹੈ ਅਤੇ ਅਗਾਂਹ-ਵਧੂ ਸਿੱਟਿਆਂ ਦੀ ਪ੍ਰਾਪਤੀ ਲਈ ਯਤਨਸ਼ੀਲ ਹੈ। ਜੇ ਇਹਨਾਂ ਸਿੱਟਿਆਂ ਦੀ ਪ੍ਰਾਪਤੀ ਤਕ ਨਹੀਂ ਅੱਪੜਦਾ ਤਾਂ ਇਹਨਾਂ ਸਿੱਟਿਆਂ ਦੀ ਪੂਰਤੀ ਦੀਆਂ ਸੰਭਾਵਨਾਵਾਂ ਨੂੰ ਜ਼ਰੂਰ ਜਨਮਦਾ ਹੈ। ਮਨੁੱਖ ਲਈ ਇਕ ਚੰਗਾ ਮਨੁੱਖ ਬਣਨ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਆਪਣੇ ਆਪ ਨੂੰ ਸਮਝੇ, ਆਪਣੇ ਆਪ ਨੂੰ ਜਾਣੇ, ਆਪਣੇ ਅੰਦਰਲੇ ਦਾ ਸੱਚ ਪਹਿਚਾਣੇ। ਮਨੁੱਖ ਜਦ ਆਪਣੇ ਆਪ ਨੂੰ, ਆਪਣੇ ਅੰਦਰਲੇ ਨੂੰ ਜਾਣ

ਲੈਂਦਾ ਹੈ, ਉਹ ਦੂਜੇ ਮਨੁੱਖ ਦੇ ਅੰਦਰ ਨੂੰ ਵੀ ਸਮਝ ਲੈਂਦਾ ਹੈ। ਮਨੁੱਖ ਦਾ ਅੰਦਰਲਾ ਸੱਚ ਮਨੁੱਖਤਾ ਦੀ ਇਕਾਈ ਹੈ ਜੋ ਰੰਗ, ਨਸਲ, ਜਾਤ-ਪਾਤ, ਮੁਲਕ, ਹੱਦਾਂ-ਬੰਨਿਆਂ ਦੇ ਭਰਮ ਤੋਂ ਉੱਚਾ ਹੈ। ਜੋ ਮਨੁੱਖਤਾ ਦਾ, ਮਨੁੱਖ ਦਾ ਅਸਲ ਸੱਚ ਹੈ, ਪਹਿਚਾਣ ਹੈ, ਹੋਂਦ ਹੈ। ਇਸ ਇਕਾਈ ਨੂੰ ਜਾਣਨ ਤੋਂ ਬਾਅਦ ਇਕ ਮਨੁੱਖ ਦੂਜੇ ਮਨੁੱਖ ਨਾਲ ਧੋਖੇ-ਫ਼ਰੇਬ ਤੋਂ ਉੱਚਾ ਉੱਠ ਕੇ ਪਿਆਰ, ਹਮਦਰਦੀ ਅਤੇ ਮਿਲਵਰਤਣ ਦੀ ਭਾਵਨਾ ਨਾਲ ਵਿਹਾਰ ਕਰੇਗਾ। ਪਿਆਰ, ਹਮਦਰਦੀ ਅਤੇ ਮਿਲਵਰਤਣ, ਸਾਂਝੀਵਾਲਤਾ, ਸਰਬੱਤ ਦਾ ਭਲਾ ਜੀਵਨ ਦੇ ਮੂਲ ਗੁਣ ਹਨ। ਮਨੁੱਖ ਨੂੰ ਦੂਜੇ ਮਨੁੱਖ 'ਚੋਂ ਜੇ ਆਪਣਾ ਆਪ ਨਜ਼ਰ ਆਵੇਗਾ ਤਾਂ ਹੀ ਇਹਨਾਂ ਜੀਵਨ ਦੇ ਮੂਲ ਗੁਣਾਂ ਦਾ ਯਥਾਰਥਕ ਨਿਰਮਾਣ ਸੰਭਵ ਹੈ। ਦੇਸ਼-ਦੇਸ਼ਾਂਤਰਾਂ ਤੋਂ ਵੱਖ ਗਲੋਬਲ ਪੱਧਰ 'ਤੇ ਵੀ ਵਿਚਰਦੀ ਮਨੁੱਖਤਾ ਲਈ ਜੀਵਨ ਦੇ ਇਹਨਾਂ ਮੂਲ ਗੁਣਾਂ ਦਾ ਨਿਰਮਾਣ ਜ਼ਰੂਰੀ ਹੈ। ਆਪਣੇ ਆਪ ਨੂੰ ਜਾਣਨ ਵਾਲਾ ਮਨੁੱਖ ਹਰ ਮਨੁੱਖ ਨੂੰ ਇਕੋ ਦ੍ਰਿਸ਼ਟੀ ਨਾਲ ਵੇਖਦਾ ਹੈ, ਜਿਸ ਦ੍ਰਿਸ਼ਟੀ ਨਾਲ ਉਹ ਆਪਣੇ ਆਪ ਨੂੰ ਵੇਖਦਾ ਹੈ। ਉਹ ਮਨੁੱਖ ਹਨੇਰੇ ਬੀਜਣ ਦੀ ਥਾਂ ਸੂਰਜ ਬੀਜਦਾ ਹੈ ਤਾਂ ਕਿ ਸਾਰੀ ਦੁਨੀਆਂ 'ਚ ਪ੍ਰਕਾਸ਼ ਹੋ ਸਕੇ। ਸਾਰੀ ਮਨੁੱਖਤਾ ਦੀ ਸ਼ਕਤੀ ਦੁਨੀਆਂ 'ਚ ਅਮਨ ਕਾਇਮ ਰੱਖਣ ਲਈ ਉਤਸੁਕ ਰਹੇ। ਅਮਨ-ਸ਼ਾਂਤੀ ਦੁਨੀਆਂ ਵਿਚ ਕਿਉਂ ਨਹੀਂ ? ਇਸ ਦਾ ਮੂਲ ਕਾਰਨ ਮਨੁੱਖ ਦਾ ਆਪਣੇ ਆਪ ਨੂੰ, ਆਪਣੇ ਅੰਦਰਲੇ ਨੂੰ ਨਾ ਜਾਣਨਾ ਹੈ। ਇਸ ਸਮੱਸਿਆ ਦਾ ਹੱਲ ਹੀ ਮਨੁੱਖ ਦਾ ਆਪਣੇ ਆਪ ਨੂੰ ਜਾਣਨਾ ਹੈ। ਸੋ ਮੇਰੀ ਕਵਿਤਾ ਮਨੁੱਖ ਤੋਂ ਜਨਮ ਕੇ ਮਨੁੱਖ 'ਤੇ ਹੀ ਖ਼ਤਮ ਹੁੰਦੀ ਹੈ ਜਿਸ ਦੀਆਂ ਜੜ੍ਹਾਂ ਮਿੱਟੀ 'ਚ ਹਨ, ਧਰਤੀ 'ਚ ਹਨ, ਮਾਨਵਤਾ 'ਚ ਹਨ।

ਆਧੁਨਿਕ ਮਨੁੱਖ ਦਾ, ਸਮਾਜ ਦਾ, ਵਿਸ਼ਵ ਦਾ ਕੀ ਯਥਾਰਥਕ ਸੰਕਲਪ ਹੈ ? ਇਹ ਆਪਣੀ ਲੰਬੀ ਕਵਿਤਾ 'ਆਧੁਨਿਕ ਵਿਸ਼ਵ' ਵਿਚ ਬੜੇ ਵਿਸਥਾਰ ਨਾਲ, ਦਾਰਸ਼ਨਿਕ ਤੇ ਵਿਗਿਆਨਕ ਆਧਾਰ ਤੇ ਤ੍ਰੈਕਾਲ-ਮੁਖੀ ਰੂਪ ਵਿਚ ਪੇਸ਼ ਕੀਤਾ ਹੈ। ਇਹ ਕਵਿਤਾ ਮਨੁੱਖ ਨੂੰ ਮਨੁੱਖ ਅਨੁਸਾਰ ਸਮਾਜ ਤੇ ਵਿਸ਼ਵ ਪ੍ਰਦਾਨ ਕਰਦੀ ਹੈ।

## ਦੂਸਰੀ ਗੱਲ

ਮੇਰਾ ਕਾਵਿ ਜਿਉਂਦਾ-ਜਾਗਦਾ ਕਾਵਿ ਹੈ। ਅੱਖਰਾਂ, ਸ਼ਬਦਾਂ ਜਾਂ ਅਰਥਾਂ ਦਾ ਕਾਵਿ ਨਹੀਂ ਸਗੋਂ ਲਹੂ-ਮਾਸ ਦਾ ਜਿਉਂਦਾ-ਜਾਗਦਾ ਕਾਵਿ ਹੈ। ਅੱਖਰ ਪਾਠਕ ਨੂੰ ਆਪਣੀ ਉਂਗਲੀ ਫੜਾ ਕੇ ਅਰਥਾਂ ਦੀ ਗਹਿਰਾਈ ਤਕ ਲੈ ਜਾਂਦੇ ਹਨ। ਅੱਖਰ

ਅਰਥਾਂ ਦਾ ਇਕ-ਇਕ ਪਰਦਾ ਫ਼ਾਸ਼ ਕਰਦੇ ਹਨ ਅਤੇ ਅਰਥਾਂ ਦੀ ਅਸਲੀਅਤ ਅਤੇ ਯਥਾਰਥ ਤੋਂ ਜਾਣੂ ਕਰਵਾਉਂਦੇ ਹਨ। ਅਰਥਾਂ ਦੀ ਡੂੰਘਿਆਈ, ਅਰਥਾਂ ਦੀ ਵਿਸ਼ਾਲਤਾ, ਅਰਥਾਂ ਦੀਆਂ ਸੀਮਾਵਾਂ-ਸੰਭਾਵਨਾਵਾਂ, ਅਰਥਾਂ ਦਾ ਬੋਧ-ਵਿਕਾਸ, ਅਰਥਾਂ ਦੇ ਦਿੱਸ-ਹੱਦੇ ਅਤੇ ਬੋਧ ਅੱਖਰ ਭਾਸ਼ਕ ਮਾਧਿਅਮ ਰਾਹੀਂ ਪਾਠਕ ਨੂੰ ਕਰਵਾਉਂਦੇ ਹਨ। ਜੀਵਨ 'ਤੇ ਇਹਨਾਂ ਅਰਥਾਂ ਦੀਆਂ ਦ੍ਰਿਸ਼ਟੀਆਂ ਦਾ ਅਸਰ ਯਥਾਰਥਕ ਕਾਵਿ ਦੇ ਟੋਟਲ ਅਨੁਭਵ ਤੋਂ ਪ੍ਰਗਟ ਹੁੰਦਾ ਹੈ। ਅੱਖਰ ਤੁਰਦੇ-ਫਿਰਦੇ ਹਨ, ਅੱਖਰ ਬੋਲਦੇ-ਸੁਣਦੇ ਹਨ। ਕਾਵਿ ਵਿਚਲੀ ਕਾਰਜ-ਪ੍ਰਣਾਲੀ ਵੱਲ ਇਸ਼ਾਰੇ ਕਰਦੇ ਹਨ, ਸੰਕੇਤ ਕਰਦੇ ਹਨ। ਕਾਵਿ ਦੇ ਯਥਾਰਥਕ ਮੂਲ ਦਾ ਅਸਰ ਸਮਾਜ, ਜੀਵਨ ਅਤੇ ਮਨੁੱਖਤਾ 'ਤੇ ਕੀ ਹੁੰਦਾ ਹੈ, ਇਸ ਦੀ ਗਵਾਹੀ ਅੱਖਰ ਭਰਦੇ ਹਨ।

ਪੁਸਤਕ ਦੇ ਪੰਨਿਆਂ 'ਤੇ ਅੱਖਰ, ਸ਼ਬਦ ਤੇ ਅਰਥ ਸਰੀਰ ਵਿਚ ਦਿਲ ਵਾਂਗ ਧੜਕਦੇ ਹਨ। ਕਾਵਿ ਉਡਾਰੀ ਅਤੇ ਸਾਹਿਤਕਤਾ ਦਾ ਗਿਆਨ ਕਰਵਾਉਂਦੇ ਹਨ। ਪਾਠਕ ਨੂੰ ਵੇਖਦੇ ਹਨ, ਮਹਿਸੂਸ ਕਰਦੇ ਹਨ ਅਤੇ ਉਸ ਨਾਲ ਕਵਿਤਾ ਵਿਚਲੇ ਯਥਾਰਥ ਪ੍ਰਤੀ ਸੰਵਾਦ ਰਚਦੇ ਹਨ। ਆਪਣੇ ਜਿਉਂਦੇ ਹੋਣ ਦਾ ਅਹਿਸਾਸ ਕਰਵਾਉਂਦੇ ਹਨ। ਭਾਵ ਕਾਵਿ ਸਚਾਈ ਦਾ ਅਹਿਸਾਸ ਭਾਸ਼ਾ ਮਾਧਿਅਮ ਰਾਹੀਂ ਹੀ ਕਾਵਿ ਵਿਚਲਾ ਭਾਸ਼ਾ ਸਟਰਚਕਚਰ ਪਾਠਕ ਨੂੰ ਕਰਵਾਉਂਦਾ ਹੈ। ਭਾਸ਼ਾ ਮਾਧਿਅਮ ਰਾਹੀਂ ਪ੍ਰਗਟਾਈ ਜੀਵਨ ਸਚਾਈ ਦਾ ਗਿਆਨ ਅੱਖਰਾਂ, ਸ਼ਬਦਾਂ, ਅਰਥਾਂ ਵੱਲੋਂ ਪਾਠਕ ਵੱਲ ਚੱਲਦਾ ਹੈ ਨਾ ਕਿ ਪਾਠਕ ਵੱਲੋਂ ਅੱਖਰਾਂ, ਸ਼ਬਦਾਂ, ਅਰਥਾਂ ਵੱਲ ਚੱਲਦਾ ਹੈ। ਇਸ ਲਈ ਮੈਂ ਇਸ ਨੂੰ ਜਿਉਂਦਾ-ਜਾਗਦਾ ਲਹੂ-ਮਾਸ ਦਾ ਕਾਵਿ ਆਖਿਆ ਹੈ। ਕਵੀ ਪਾਠਕ ਦੀ ਬੁੱਧੀ, ਸੁਹਜ-ਸੁਆਦ ਨੂੰ ਆਪਣੇ ਧੁਰ ਅੰਦਰ ਤਕ ਲੈ ਵੜਦਾ ਹੈ ਅਤੇ ਆਪਣੇ ਵਿਚਲੀ ਜੀਵਨ ਸਚਾਈ ਨੂੰ ਪਾਠਕ ਸਾਹਮਣੇ ਖੋਲ੍ਹ ਕੇ ਰਖ ਦਿੰਦਾ ਹੈ। ਇਹ ਕਾਵਿ ਅਸਾਧਾਰਨ ਚੇਤਨਾ ਦਾ ਕਾਵਿ ਹੈ। ਦੇਸ਼ ਤੋਂ ਬਹੁਤ ਦੂਰ ਰਹਿਣ ਦੇ ਬਾਵਜੂਦ ਪੰਜਾਬ, ਭਾਰਤ ਤੇ ਯੂਰਪ ਦੇ ਅਨੁਭਵੀ ਚਿੰਤਨ ਕਾਰਨ ਇਸ ਕਾਵਿ ਦੀ ਯਾਤਰਾ ਸੀਮਿਤ ਘੇਰਿਆਂ ਵਿਚੋਂ ਨਿਕਲ ਕੇ ਵਿਸ਼ਵ-ਵੇਦਨਾ ਅਤੇ ਆਧੁਨਿਕ ਸੰਦਰਭ ਨੂੰ ਆਪਣੇ ਵਿਚ ਸਮੋਈ ਬੈਠੀ ਹੈ। ਇਹ ਕਾਵਿ ਅਨੁਭਵੀ, ਸੰਵੇਦਨਸ਼ੀਲ ਅਤੇ ਤਰਕਸ਼ੀਲ ਹੈ।

## ਤੀਸਰੀ ਗੱਲ

ਇਹ ਕਾਵਿ ਆਤਮ-ਸੰਤੋਸ਼ ਦਾ ਨਹੀਂ, ਆਤਮ-ਖੋਜ ਦਾ ਕਾਵਿ ਹੈ, ਆਤਮ-ਖੋਜ ਦਾ ਨਿਰੰਤਰ ਸਫ਼ਰ ਹੈ। ਮਨੁੱਖੀ ਸਮਾਜ ਵਿਚ ਮਨੁੱਖ ਨਾਲ ਹੋ ਰਹੇ

ਵਿਰੋਧ ਅਤੇ ਅਨਿਆਏ ਨੂੰ ਇਹ ਕਾਵਿ ਵਿਸਥਾਰਪੂਰਵਕ ਬਿਆਨ ਹੀ ਨਹੀਂ ਕਰਦਾ ਸਗੋਂ ਇਸ ਸਮਾਜਕ ਅਨਿਆਏ ਵਿਰੁੱਧ ਅਗਾਂਹ-ਵਧੂ ਸੰਭਾਵਨਾਵਾਂ ਨੂੰ ਜਨਮ ਦਿੰਦਾ ਹੈ। ਆਤਮ-ਸੰਤੋਸ਼ ਦੀ ਥਾਂ ਆਤਮ-ਖੋਜ ਵੱਲ ਸੰਕੇਤ ਕਰਦਾ ਹੈ। ਇਸ ਕਾਵਿ ਦੀ ਦ੍ਰਿਸ਼ਟੀ ਵਿਚ ਕਿਸੇ ਵੀ ਮੰਜ਼ਿਲ ਦੀ ਪ੍ਰਾਪਤੀ ਸਫ਼ਰ ਦਾ ਅੰਤ ਨਹੀਂ ਹੈ। ਇਹੀ ਇਸ ਕਾਵਿ ਦਾ ਵਿਲੱਖਣ ਗੁਣ ਹੈ। ਰਚਨਾ ਤੋਂ ਸੰਤੁਸ਼ਟੀ ਦੀ ਪ੍ਰਾਪਤੀ ਦਾ ਸਫ਼ਰ ਖੜੋਤ ਨੂੰ ਜਨਮ ਦਿੰਦਾ ਹੈ, ਖੋਜ ਨੂੰ ਨਹੀਂ। ਇਸ ਕਾਵਿ ਦਾ ਸਫ਼ਰ ਨਿਰੰਤਰ ਹੈ, ਇਹ ਕਾਵਿ ਸ਼ੂਨਯ ਤੋਂ ਸਿਰਜਣਾ ਅਤੇ ਸਿਰਜਣਾ ਤੋਂ ਸ਼ੂਨਯ ਤੇ ਨਹੀਂ ਰੁਕਦਾ। ਇਹ ਨਿਰੰਤਰ ਹੈ ਕਿਉਂਕਿ ਇਹ ਸੰਤੁਸ਼ਟਤਾ ਰਹਿਤ ਹੈ। ਇਹ ਕਾਵਿ ਸਮਕਾਲੀ ਯਥਾਰਥ ਦਾ ਪ੍ਰਗਟਾਅ ਕਰਦਾ ਹੈ। ਗਲੋਬਲ ਪੱਧਰ 'ਤੇ ਮਨੁੱਖੀ ਸਮਾਜ ਵਿਚ ਜੋ ਕੁਝ ਵੀ ਵਿਚਰ ਰਿਹਾ ਹੈ। ਉਹ ਮਨੁੱਖਤਾ ਅਨੁਕੂਲ ਹੈ ਜਾਂ ਨਹੀਂ, ਜੀਵਨ ਨੂੰ ਉਸ ਦੀ ਕੋਈ ਸਾਰਥਕ ਦੇਣ ਹੈ ਜਾਂ ਨਹੀਂ। ਮਨੁੱਖ ਦਾ ਵਿਚਰਨ-ਧਰਾਤਲ ਅਤੇ ਉਸ ਵੱਲ ਸਮਾਜਕ ਪ੍ਰਤੀਕਰਮ ਦੀ ਪਰਤ-ਦਰ-ਪਰਤ ਇਹ ਕਾਵਿ ਖੋਲ੍ਹਦਾ ਹੈ।

ਮਨੁੱਖ ਦੇ ਅਜੋਕੇ ਸਮਕਾਲੀ ਯਥਾਰਥ ਦਾ ਜਿਥੇ ਇਹ ਕਾਵਿ ਪ੍ਰਗਟਾਅ ਕਰਦਾ ਹੈ, ਉਥੇ ਜੀਵਨ ਪ੍ਰਤੀ ਮਨੁੱਖ ਦੇ ਰੋਲ ਵਿਚੋਂ ਪੈਦਾ ਹੋਈਆਂ ਬਿਰਤੀਆਂ ਅਤੇ ਪ੍ਰਵਿਰਤੀਆਂ ਨੂੰ ਸਹੀ ਸੇਧ ਦੇਣ ਦਾ ਉਪਰਾਲਾ ਵੀ ਕਰਦਾ ਹੈ। ਮਨੁੱਖੀ ਜੀਵਨ ਵਿਚ ਆਈਆਂ ਔਕੜਾਂ, ਸਮੱਸਿਆਵਾਂ, ਸਰਵਾਈਵਲ ਦੇ ਸੰਘਰਸ਼ 'ਚੋਂ ਉਪਜੀਆਂ ਪ੍ਰਸਥਿਤੀਆਂ ਅਤੇ ਅਵਸਥਾਵਾਂ ਪ੍ਰਤੀ ਸੰਕੇਤ ਕਰਨ ਦੀ ਥਾਂ ਉਹਨਾਂ ਦੀ ਸਹੀ ਸੇਧ ਵਿਚ ਰਹਿਨੁਮਾਈ ਕਰਦਾ ਹੈ। ਇਸ ਕਾਵਿ ਦੀ ਕਾਵਿ-ਸਿਰਜਣਾ, ਸਿਰਜਣਾ ਦੇ ਨਿਰੰਤਰ ਸਫ਼ਰ ਨਾਲ ਬੱਝੀ ਹੈ। ਇਸ ਕਾਵਿ ਦਾ ਮੂਲ ਸੋਮਾ ਸੰਤੁਸ਼ਟ-ਰਹਿਤਤਾ ਹੈ।

ਇਹ ਕਾਵਿ ਆਧੁਨਿਕ ਮਨੁੱਖ ਦੀ ਬਹੁ-ਮੁਖੀ, ਬਹੁ-ਦਿਸ਼ਾਵੀ, ਬਹੁ-ਵਿਧ ਸ਼ਖ਼ਸੀਅਤ ਦੀ ਖੰਡਤ ਅਤੇ ਸੰਯੁਕਤ ਇਕਾਈ ਨੂੰ ਸਾਪੇਖ ਰੂਪ ਵਿਚ ਅਜੋਕੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਤ੍ਰੈਕਾਲਕ ਤੇ ਬ੍ਰਹਿਮੰਡਕ ਦ੍ਰਿਸ਼ਟੀ ਤੋਂ ਗਲੋਬਲ ਸੰਦਰਭਾਂ ਵਿਚ ਸਮਝਣ ਤੇ ਸਿਰਜਣ ਦਾ ਕਲਾਤਮਕ ਅਭਿਆਸ ਹੈ। ਆਪਣੀ ਹੋਂਦ ਦੇ ਵੱਖ-ਵੱਖ ਪਹਿਲੂਆਂ ਨੂੰ, ਵੱਖ-ਵੱਖ ਸਿਧਾਂਤਾਂ, ਚਿੰਤਨਾਂ, ਦਰਸ਼ਨਾਂ, ਪ੍ਰਸਥਿਤੀਆਂ ਦੇ ਕੋਣਾਂ ਤੋਂ ਵਾਚਣਾ ਅਜੋਕੇ ਆਧੁਨਿਕ ਮਨੁੱਖ ਦੀ ਆਪਣੀ ਸ਼ਨਾਖ਼ਤ (ਆਈਡੈਂਟਿਟੀ) ਦੀ ਪਹਿਚਾਣ ਤੇ ਤਲਾਸ਼ ਵਿਚ ਹੈ। ਆਪਣੀ ਹੋਂਦ ਨੂੰ ਜਾਣਨ ਵਿਚ ਹੀ ਦੂਜੇ ਦੀ ਹੋਂਦ ਦਾ ਸੰਕਲਪ ਹੈ, ਸਾਰੇ ਸੰਸਾਰ ਦੀ ਹੋਂਦ ਦਾ ਸੰਕਲਪ ਹੈ।

ਚੌਥੀ ਗੱਲ

ਇਹ ਕਾਵਿ ਸਮਕਾਲੀ ਸਮਾਜਕ, ਰਾਜਨੀਤਕ, ਆਰਥਿਕ ਢਾਂਚੇ ਵਿਚ ਵਿਚਰਦੇ ਅਜੋਕੇ ਮਨੁੱਖ ਦੀ ਰੂਪ-ਰੇਖਾ ਵੀ ਚਿਤਰਦਾ ਹੈ। ਸਮਾਜਕ ਤੌਰ 'ਤੇ ਹੋ ਰਿਹਾ ਮਨੁੱਖ ਦਾ ਸ਼ੋਸ਼ਨ, ਰਾਜਨੀਤਕ ਤੌਰ 'ਤੇ ਮਨੁੱਖ ਦੇ ਚਿਹਰੇ 'ਤੇ ਉੱਗੇ ਜੰਗਲ ਅਤੇ ਆਰਥਿਕ ਤੌਰ 'ਤੇ ਪੀਸੇ ਜਾ ਰਹੇ ਮਨੁੱਖ ਦੀਆਂ ਰੋਜ਼ਾਨਾ ਜੀਵਨ ਦੀਆਂ ਲੋੜਾਂ ਬਾਰੇ ਵਿਆਖਿਆ ਅਤੇ ਸੇਧ ਭਰਪੂਰ ਦਿਸ਼ਾਵਾਂ ਦਾ ਇਹ ਕਾਵਿ ਨਿਰਮਾਣ ਕਰਦਾ ਹੈ।

ਮਨੁੱਖਤਾ ਅਨੁਕੂਲ ਸਮਾਜਕ, ਆਰਥਿਕ ਤੇ ਰਾਜਨੀਤਕ ਢਾਂਚਾ ਸਿਰਜਣ ਦਾ ਉਪਰਾਲਾ ਕਰਦਾ ਹੈ। ਮੌਜੂਦਾ ਵਿਸ਼ਵ ਢਾਂਚੇ ਦੀਆਂ ਗਤੀਆਂ, ਵਿਧੀਆਂ, ਰੂਪ-ਸਰੂਪ, ਨੈਣ-ਨਕਸ਼ ਅਤੇ ਮੁਕੰਮਲ ਸਰੀਰਕ ਬਣਤਰ ਦੀਆਂ ਤਰੁੱਟੀਆਂ ਦੀ ਪੁਰਜ਼ੋਰ ਆਵਾਜ਼ ਵਿਚ ਵਕਾਲਤ ਕਰਦਾ ਹੈ। ਮਨੁੱਖ ਦੀਆਂ ਨਿੱਕੀਆਂ-ਵੱਡੀਆਂ ਜ਼ਰੂਰਤਾਂ, ਅੰਤਰਮੁਖੀ, ਬਾਹਰਮੁਖੀ ਪ੍ਰਵਿਰਤੀਆਂ ਅਤੇ ਮਨੁੱਖ ਨਾਲ ਸੰਘਰਸ਼ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ। ਮਨੁੱਖ ਰਿਸ਼ਤੇ, ਸਭਿਆਚਾਰ, ਭਾਸ਼ਾ, ਰਸਮਾਂ, ਰੀਤੀ-ਰਿਵਾਜ, ਮਨੁੱਖੀ ਸੁਪਨੇ ਤੇ ਸੱਚ ਦੇ ਯਥਾਰਥ ਨੂੰ ਸਿਰਜਦਾ ਹੈ। ਮਨੁੱਖ ਆਪਣੇ ਆਪ ਨਾਲੋਂ ਟੁੱਟ ਕੇ ਵਧੇਰੇ Materialistic ਹੁੰਦਾ ਜਾ ਰਿਹਾ ਹੈ। ਉਦਾਸੀ ਤੇ ਇਕੱਲਤਾ 'ਚ ਘਿਰਿਆ ਮਨ ਦੀ ਸ਼ਾਂਤੀ, ਜੀਵਨ ਵਿਚਲਾ ਅਮਨ ਅਤੇ ਆਪਣੀ ਹੋਂਦ ਗੁਆ ਬੈਠਾ ਹੈ। ਇਹ ਕਾਵਿ ਮਨੁੱਖ ਦੇ Materialistic ਹੋਣ ਦੇ ਸਫ਼ਰ ਵਿਚ ਆਏ ਲਾਭ-ਹਾਨ ਦੀ ਬਾਤ ਪਾਉਂਦਾ ਹੈ। ਮਨੁੱਖ ਨੇ ਕੀ ਗੁਆਇਆ ਹੈ, ਕੀ ਹਾਸਲ ਕੀਤਾ ਹੈ, ਇਸ ਦਾ ਹਿਸਾਬ-ਕਿਤਾਬ ਕਰਦਾ ਹੈ। ਮਨੁੱਖ ਨੂੰ ਕੀ ਹੋਣਾ ਚਾਹੀਦਾ ਸੀ, ਕੀ ਬਣ ਗਿਆ ਹੈ, ਇਸ ਦਾ ਲੇਖਾ-ਜੋਖਾ ਇਸ ਕਾਵਿ ਦਾ ਵਿਸ਼ੇਸ਼ ਲੱਛਣ ਹੈ।

ਸਮੂਹਕ ਕਾਵਿ ਆਧੁਨਿਕ ਚੇਤਨਾ ਤੇ ਗਲੋਬਲ ਵਿਚਾਰਧਾਰਾ ਦੀ ਹੋਣ ਕਾਰਨ ਅਜੋਕੀ ਮਨੁੱਖਤਾ ਦੇ ਸਾਹਵੇਂ ਆਈਆਂ ਔਕੜਾਂ ਦਾ ਜਦ ਵਿਸ਼ਲੇਸ਼ਣ ਕਰਦਾ ਹੈ ਤਾਂ ਇਸ ਸਿੱਟੇ 'ਤੇ ਅੱਪੜਦਾ ਹੈ ਕਿ ਆਦਿ ਮਨੁੱਖ ਤੋਂ ਅਜੋਕੇ ਮਨੁੱਖ ਤਕ ਜੋ ਅੱਜ ਤਕ ਦਰਸ਼ਨ ਜਾਂ ਵਿਗਿਆਨ ਨੇ ਉੱਨਤੀ ਕੀਤੀ ਹੈ, ਉਹ ਉੱਨਤੀ ਮਨੁੱਖ ਅਤੇ ਮਨੁੱਖਤਾ ਅਨੁਕੂਲ ਨਹੀਂ ਹੋਈ। ਇਸੇ ਕਾਰਨ ਉਸ ਉੱਨਤੀ ਦੇ ਸਫ਼ਰ ਵਿਚ ਕੀਤੀਆਂ ਮਨੁੱਖੀ ਪ੍ਰਾਪਤੀਆਂ ਤਾਂ ਅੱਜ ਨਜ਼ਰ ਆਉਂਦੀਆਂ ਹਨ ਪਰ ਇਹਨਾਂ ਪ੍ਰਾਪਤੀਆਂ ਵਿਚੋਂ ਮਨੁੱਖ ਮਨਫ਼ੀ ਹੈ। ਦੂਜੀ ਗੱਲ ਅਜੋਕੀ ਵਿਸਥਾਰਤ ਵਿਦਿਆ ਤੇ ਇਹ ਪ੍ਰਾਪਤੀਆਂ ਸਾਨੂੰ ਗਿਆਨ ਅਤੇ ਰੌਸ਼ਨੀ ਤਾਂ ਦਿੰਦੀਆਂ ਹਨ ਪਰ ਸਿਆਣਪ ਨਹੀਂ ਦਿੰਦੀਆਂ। ਮਨੁੱਖੀ ਪ੍ਰਾਪਤੀਆਂ ਨੇ ਸਾਨੂੰ ਸ਼ਕਤੀ ਦਿੱਤੀ ਹੈ ਪਰ ਵਿਦਿਆ ਨੇ ਇਸ ਸ਼ਕਤੀ ਦੀ ਵਰਤੋਂ ਲਈ ਮਨੁੱਖ ਨੂੰ ਸਿਆਣਪ ਨਹੀਂ

ਦਿੱਤੀ। ਇਸੇ ਲਈ ਇਸ ਵਿਗਿਆਨਕ ਸ਼ਕਤੀ ਦੀ ਵਰਤੋਂ ਮਨੁੱਖਤਾ ਵਿਰੁੱਧ ਕੀਤੀ ਗਈ ਹੈ। ਕੁਦਰਤ ਨੂੰ ਗੰਧਲਾ ਕੀਤਾ ਗਿਆ ਹੈ, ਭ੍ਰਿਸ਼ਟਾਚਾਰ, ਰਿਸ਼ਵਤਖ਼ੋਰੀ ਅਤੇ ਮਨੁੱਖ ਤੋਂ ਮਨੁੱਖ ਵਿਚਲੀ ਵਿੱਥ ਵੱਧ ਰਹੀ ਹੈ। ਮਨੁੱਖ ਜ਼ਿੰਦਗੀ ਤੋਂ ਸੱਖਣਾ ਹੋਇਆ ਆਪਣੀ ਹੋਂਦ ਗੁਆ ਬੈਠਾ ਹੈ। ਆਧੁਨਿਕ ਮਨੁੱਖ ਦਾ ਚਿਹਰਾ ਤਿੜਕ ਗਿਆ ਹੈ ਅਤੇ ਨਕਸ਼ ਤੇ ਅੰਗ ਪਹਿਚਾਣਹੀਣ ਹੋ ਗਏ ਹਨ। ਜ਼ੀਵਨ ਦੇ ਇਸ ਕਮਜ਼ੋਰ ਅਤੇ ਸ਼ਕਤੀਹੀਣ ਵਜੂਦ ਨੂੰ ਤੱਕ ਕੇ ਇਹ ਆਧੁਨਿਕ ਭਾਵ-ਬੋਧ ਦਾ ਕਾਵਿ ਆਧੁਨਿਕ ਮਨੁੱਖ, ਆਧੁਨਿਕ ਸਮਾਜ ਅਤੇ ਆਧੁਨਿਕ ਵਿਸ਼ਵ-ਦਾ ਸੰਕਲਪ ਜਿਥੇ ਸਿਰਜਦਾ ਹੈ, ਉਸੇ ਇਸ ਸੰਕਲਪ ਨੂੰ ਯਥਾਰਥਕ ਰੂਪ ਦੇਣ ਵਿਚ ਵੀ ਯਤਨਸ਼ੀਲ ਹੈ ਤਾਂ ਕਿ ਸਿਰਜਿਆ ਜਾਣ ਵਾਲਾ ਵਿਸ਼ਵ ਮਨੁੱਖ ਦੇ ਅਨੁਕੂਲ ਹੋਵੇ ਜੋ ਮਨੁੱਖ ਤੋਂ ਉਸ ਦੀ ਸਮਰੱਥਾ ਅਨੁਸਾਰ ਯੋਗਦਾਨ ਹਾਸਲ ਕਰ ਸਕੇ ਅਤੇ ਮਨੁੱਖ ਦੀਆਂ ਲੋੜਾਂ ਨੂੰ ਉਸ ਦੀ ਲੋੜ ਅਨੁਸਾਰ ਪੂਰਾ ਕਰ ਸਕੇ ਤਾਂ ਕਿ ਮਨੁੱਖ ਉੱਨਤੀ ਦੀ ਸਿਖ਼ਰ 'ਤੇ ਪਹੁੰਚ ਕੇ ਤਕਸੀਮਿਆ ਨਾ ਜਾਏ ਬਲਕਿ ਕੁਦਰਤ, ਕਾਦਰ ਦੀ ਇਕਾਈ ਦੀ ਜੜ੍ਹ ਰੂਪ ਤੋਂ ਮਾਨਵਤਾ ਦੇ ਸਵੈ 'ਚ ਵਿਚਰੇ ਜੋ ਕੁਦਰਤ ਦਾ ਕਰਤਾ ਹੈ, ਮਾਨਵ ਦਾ ਸਿਰਜਕ ਹੈ। ਆਧੁਨਿਕ ਵਿਸ਼ਵ ਦਾ ਰੱਬ ਵੀ ਮਾਨਵ ਹੈ, ਕੁਦਰਤ ਵੀ ਮਾਨਵ ਹੈ, ਮਾਨਵਤਾ ਵੀ ਮਾਨਵ ਹੈ। ਮਾਨਵ ਦੇ ਅੰਕੁਰ ਦਾ ਵਿਸਥਾਰ ਹੀ ਬ੍ਰਹਿਮੰਡ ਹੈ।

# ਚਰਨ ਸਿੰਘ : ਕਵਿਤਵ ਦਾ ਵਿਕਾਸ

ਸ. ਚਰਨ ਸਿੰਘ ਆਧੁਨਿਕ ਪੰਜਾਬੀ ਦੇ ਆਕਾਸ਼ ਦਾ ਇਕ ਪ੍ਰਮਾਣਿਕ ਹਸਤਾਖ਼ਰ ਹੈ। ਉਸ ਨੇ ਇਧਰ ਭਾਰਤ ਵਿਚ ਰਹਿੰਦਿਆਂ ਹੋਇਆ 1975-76 ਈ. ਵਿਚ ਲਿਖਣਾ ਸ਼ੁਰੂ ਕਰ ਦਿੱਤਾ ਸੀ, ਬੇਸ਼ੱਕ ਉਸ ਦੀ ਪ੍ਰਥਮ ਕਾਵਿ-ਪੁਸਤਕ 1982 ਈ. ਵਿਚ ਕੈਨੇਡਾ ਜਾਣ ਦੇ ਉਪਰੰਤ ਹੀ ਪ੍ਰਕਾਸ਼ਿਤ ਹੋਈ ਸੀ। ਉਹ 1980 ਈ. ਵਿਚ ਕੈਨੇਡਾ ਵਿਖੇ ਪਰਵਾਸ ਕਰ ਗਿਆ ਸੀ। ਉਥੇ ਉਸ ਨੇ ਇਕ ਮਸ਼ੀਨਿਸਟ ਸੁਪਰਵਾਈਜ਼ਰ ਦੇ ਤੌਰ 'ਤੇ ਕੰਮ ਕੀਤਾ। ਸਾਹਿਤ ਸਿਰਜਣ ਵਿਚ ਵਧੇਰੇ ਮਸਰੂਫ਼ ਰਹਿਣ ਕਾਰਨ ਉਸ ਨੇ ਸਮੇਂ ਤੋਂ ਪਹਿਲਾਂ ਸ੍ਵੈ-ਇੱਛਤ ਸੇਵਾ-ਮੁਕਤੀ ਲੈ ਲਈ ਸੀ। ਹੁਣ ਤਕ ਉਸ ਦੀਆਂ 28 ਕਾਵਿ-ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ 19 ਅਜੇ ਪ੍ਰਕਾਸ਼ਨਾ ਅਧੀਨ ਹਨ। ਗੁਣਾਤਮਕ ਅਤੇ ਗਿਣਾਤਮਕ ਦ੍ਰਿਸ਼ਟੀ ਤੋਂ ਏਨਾ ਸਮਰੱਥ ਕਵੀ ਅਜੇ ਤਕ ਕੋਈ ਹੋਰ ਘੱਟੋ-ਘੱਟ ਮੇਰੀ ਦ੍ਰਿਸ਼ਟੀ ਵਿਚੋਂ ਤਾਂ ਨਹੀਂ ਗੁਜ਼ਰਿਆ। ਉਸ ਨੇ ਅੰਮ੍ਰਿਤਾ ਪ੍ਰੀਤਮ, ਰਵਿੰਦਰ ਰਵੀ ਅਤੇ ਅਜਾਇਬ ਕਮਲ ਵਰਗੇ ਕੁਝ ਮਹੱਤਵਪੂਰਨ ਕਵੀਆਂ ਦੇ ਕਈ ਕੀਰਤੀਮਾਨ ਭੰਗ ਕਰ ਦਿੱਤੇ ਜਾਪਦੇ ਹਨ। ਉਸ ਦੀ ਏਨੀ ਵੱਡੀ ਉਪਲਬਧੀ ਦਾ ਕਾਰਨ ਕਾਵਿ-ਸ਼ਿਰਜਣਾ ਵੱਲ ਉਸ ਦੀ ਨਿਸ਼ਠਾ ਅਤੇ ਵਚਨਬੱਧਤਾ ਹੀ ਹੋ ਸਕਦੀ ਹੈ। ਕਾਵਿ ਤੋਂ ਬਿਨਾਂ ਉਹ ਪੰਜਾਬੀ ਸਾਹਿਤ ਦੀ ਕਿਸੇ ਹੋਰ ਰੂਪ-ਰਚਨਾ ਵੱਲ ਰੁਚਿਤ ਨਹੀਂ ਹੋਇਆ। ਉਹ ਪਦ-ਪਦਵੀਆਂ, ਇਨਾਮਾਂ ਅਤੇ ਸਨਮਾਨਾਂ ਵੱਲ ਵੀ ਆਕ੍ਰਿਸ਼ਤ ਨਹੀਂ ਹੁੰਦਾ। ਬੇਸ਼ੱਕ ਸਮੇਂ-ਸਮੇਂ ਉਸ ਨੂੰ ਕਾਫ਼ੀ ਮਾਨ-ਸਨਮਾਨ ਹਾਸਲ ਹੁੰਦੇ ਤਾਂ ਰਹੇ ਹਨ; ਉਸ ਦੀਆਂ ਕਈ ਪੁਸਤਕਾਂ ਪੰਜਾਬ ਦੀਆਂ ਵਿਭਿੰਨ ਯੂਨੀਵਰਸਿਟੀਆਂ ਦੇ ਪਾਠ-ਕ੍ਰਮ ਦਾ ਅੰਗ ਬਣੀਆਂ ਰਹੀਆਂ ਹਨ, ਉਸ ਦੇ ਕਾਵਿ ਉਪਰ ਐਮ.ਫਿਲ ਅਤੇ ਪੀਐਚ.ਡੀ. ਪੱਧਰ ਦਾ ਖੋਜ-ਕਾਰਜ ਵੀ ਹੁੰਦਾ ਰਿਹਾ ਹੈ ਪਰ ਪੰਜਾਬੀ ਦੇ ਸਥਾਪਿਤ ਆਲੋਚਕਾਂ ਦੀ ਉਸ ਵੱਲ ਸਿਰਦ-ਮਿਹਰੀ ਹੀ ਰਹੀ ਹੈ। ਪੰਜਾਬੀ ਕਾਵਿ ਅਤੇ ਸਾਹਿਤ ਦੇ ਇਤਿਹਾਸਾਂ ਵਿਚ ਉਸ ਦਾ ਯਥਾਯੋਗ ਵਰਣਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਸੱਚ ਪੁੱਛੋ ਤਾਂ ਪੰਜਾਬੀ ਵਿਚ ਸਥਾਪਿਤ ਹੋਣ ਲਈ ਹਰ ਲੇਖਕ ਨੂੰ ਚੰਗਾ ਲਿਖਣ ਦੇ ਨਾਲ-ਨਾਲ ਆਪਣਾ ਇਕ ਪਬਲਿਕ ਰਿਲੇਸ਼ਨ ਵਿੰਗ ਵੀ ਕਾਇਮ ਕਰਨਾ ਪੈਂਦਾ ਹੈ। ਚਰਨ ਸਿੰਘ ਦੇ ਆਗ੍ਰਹਿ ਕੁਝ

ਨਵੇਕਲੇ ਅਤੇ ਉਚੇਰੇ ਹਨ; ਉਹ ਆਪਣੀਆਂ ਕਦਰਾਂ-ਕੀਮਤਾਂ ਨਾਲ ਸਮਝੌਤਾ ਨਹੀਂ ਕਰ ਸਕਿਆ। ਉਹ ਆਪਣੀਆਂ ਸ਼ਰਤਾਂ ਉਪਰ ਜੀਣ-ਥੀਣ ਕਰਕੇ ਇਕ ਖ਼ੁਦਦਾਰ ਵਿਅਕਤੀ ਬਣਿਆ ਰਿਹਾ; ਸਿੱਟੇ ਵਜੋਂ ਸਥਾਪਤੀ ਅਤੇ ਖਿਆਤੀ ਦੀ ਦ੍ਰਿਸ਼ਟੀ ਤੋਂ ਉਹ ਕਾਫ਼ੀ ਪੱਛੜ ਵੀ ਗਿਆ ਪਰ ਉਸ ਨੂੰ ਇਸ ਗੱਲ ਦਾ ਕੋਈ ਰੰਜ ਜਾਂ ਮਲਾਲ ਨਹੀਂ ਹੈ। ਉਸ ਦੇ ਸੁਹਿਰਦ ਪ੍ਰਯਾਸ ਬੱਸ ਇਥੋਂ ਤਕ ਹੀ ਸੀਮਿਤ ਰਹੇ ਹਨ ਕਿ ਪੰਜਾਬੀ ਬੋਲੀ ਵਿਚ ਕਾਵਿ-ਰਚਨਾ ਦੇ ਪਰਚਮ ਨੂੰ ਬੁਲੰਦ ਰੱਖਿਆ ਜਾਵੇ ਅਤੇ ਆਪਣੇ ਇਸ ਪ੍ਰਯਤਨ ਵਿਚ ਉਹ ਪੂਰਨ ਭਾਂਤ ਸਫ਼ਲ ਵੀ ਰਿਹਾ ਹੈ। ਡਾ. ਐਸ.ਪੀ. ਸਿੰਘ, ਡਾ. ਰਣਜੀਤ ਸਿੰਘ ਬਾਜਵਾ, ਸ਼ਿਰੋਮਣੀ ਕਵੀ ਰਵਿੰਦਰ ਰਵੀ ਅਤੇ ਸੁਰਿੰਦਰ ਮੋਹਨ ਵਰਗੇ ਵਿਦਵਾਨ ਲੇਖਕ ਉਸ ਦੀ ਅਸਾਧਾਰਣ ਸਫ਼ਲਤਾ ਦੀ ਗਵਾਹੀ ਭਰਦੇ ਰਹਿੰਦੇ ਹਨ।

ਚਰਨ ਸਿੰਘ ਦਾ ਜਨਮ 1 ਨਵੰਬਰ 1947 ਨੂੰ ਕਪੂਰਥਲੇ ਜ਼ਿਲੇ ਦੇ ਇਕ ਪ੍ਰਸਿੱਧ ਨਗਰ ਬੇਗੋਵਾਲ ਵਿਚ ਮਾਤਾ ਸੰਤ ਕੌਰ ਅਤੇ ਪਿਤਾ ਸ. ਲਾਲ ਸਿੰਘ ਦੇ ਗ੍ਰਹਿ ਵਿਖੇ ਹੋਇਆ। ਜਦੋਂ ਉਹ ਪੜ੍ਹਨੇ ਪੈਣ ਦੀ ਉਮਰ ਵਿਚ ਹੋਇਆ ਤਾਂ ਉਸ ਦੇ ਪਿਤਾ ਜੀ ਪੂਰੇ ਪਰਿਵਾਰ ਨੂੰ ਲੈ ਕੇ ਜਲੰਧਰ ਵਿਖੇ ਸ਼ਿਫ਼ਟ ਹੋ ਗਏ। ਜਲੰਧਰ ਪੰਜਾਬ ਦਾ ਇਕ ਬਹੁਤ ਪੁਰਾਣਾ ਸ਼ਹਿਰ ਹੈ। ਮੁਗ਼ਲ ਰਾਜ ਦੇ ਸਮੇਂ ਤੋਂ ਇਸ ਦੀ ਅਹਿਮੀਅਤ ਬਣੀ ਹੋਈ ਹੈ। ਉਹਨਾਂ ਦਿਨਾਂ ਵਿਚ ਇਹ ਖੇਤਰ ਲਾਹੌਰ ਅਤੇ ਸਰਹਿੰਦ ਵਾਂਗ ਇਕ ਸੁਤੰਤਰ ਸੂਬੇ ਦੀ ਰਾਜਧਾਨੀ ਹੁੰਦਾ ਸੀ। ਸਿੱਖ ਰਾਜ ਸਮੇਂ ਇਹ ਸੂਬਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸ਼ਾਮਲ ਰਿਹਾ। 1947 ਈ. ਵਿਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੱਛਮੀ ਪੰਜਾਬ ਤੋਂ ਅਨੇਕ ਪੰਜਾਬੀ ਆਪਣਾ ਸਭ ਕੁਝ ਪਿੱਛੇ ਛੱਡ ਕੇ ਇਥੇ ਸੈਟਲ ਹੋ ਗਏ ਅਤੇ ਉਹਨਾਂ ਨੇ ਮੁਸਲਮਾਨ ਕਾਮਿਆਂ ਦੀਆਂ ਛੱਡੀਆਂ ਲਘੂ-ਇਕਾਈਆਂ ਨੂੰ ਵਿਕਸਿਤ ਕਰਨ ਵਿਚ ਇਥੋਂ ਦੇ ਮੂਲ ਪੰਜਾਬੀਆਂ ਦੇ ਸਹਿਯੋਗ ਨਾਲ ਕਾਫ਼ੀ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਇਉਂ ਇਹ ਸ਼ਹਿਰ ਇਕ ਉਦਯੋਗ-ਸੈਂਟਰ ਵਜੋਂ ਪੂਰੇ ਭਾਰਤ ਵਿਚ ਪ੍ਰਸਿੱਧ ਹੋ ਗਿਆ। ਇਸ ਖੇਤਰ ਵਿਚ ਰਹਿਣ ਵਾਲੇ ਬਹੁਤੇ ਲੋਕ ਕਿਰਤੀ ਸ਼੍ਰੇਣੀ ਨਾਲ ਸੰਬੰਧ ਰੱਖਦੇ ਹਨ। ਪ੍ਰਾਚੀਨ ਭਾਰਤ ਦੀ ਸਨਾਤਨੀ ਵਰਣ-ਵਿਵਸਥਾ ਦੇ ਹਿਸਾਬ ਨਾਲ ਇਹ ਸ਼ਹਿਰ ਹੱਥੀਂ ਕੰਮ ਕਰਨ ਵਾਲੇ ਮਜ਼ਦੂਰਾਂ (ਕਥਿਤ ਸ਼ੂਦਰਾਂ) ਦਾ ਪੰਜਾਬ ਵਿਚ ਸਭ ਤੋਂ ਵੱਡਾ ਕੇਂਦਰ ਬਣ ਗਿਆ ਅਤੇ ਅੱਜ ਤਕ ਵੀ ਇਸ ਨਗਰ ਦੀ ਇਹੀ ਸਥਿਤੀ ਹੈ। ਮੋਏ ਜਾਨਵਰਾਂ ਦੇ ਸਰੀਰ ਤੋਂ ਚਮੜਾ ਉਤਾਰ ਕੇ ਇਸ ਨੂੰ ਰੰਗਣ-ਸੰਵਾਰਨ ਵਾਲੇ ਅਤੇ ਲੱਕੜੀ-ਲੋਹੇ ਦੇ ਕਲ-ਪੁਰਜ਼ੇ ਬਣਾਉਣ ਵਾਲੇ ਮਿਹਨਤਕਸ਼ਾਂ ਦੀ ਇਹ ਬਸਤੀ ਕਿਰਤ ਦੇ ਗੌਰਵ ਨੂੰ ਪੂਰੀ ਦੁਨੀਆਂ ਵਿਚ

ਪ੍ਰਚਾਰਿਤ-ਪ੍ਰਸਾਰਿਤ ਕਰਨ ਵਾਲੀ ਪਵਿੱਤਰ ਧਰਤੀ ਹੈ; ਬੇਸ਼ੱਕ ਪੰਜਾਬ ਦੇ ਬੇਪਰਵਾਹ ਲੋਕਾਂ ਨੇ ਅਜੇ ਤਕ ਇਸ ਧਰਤੀ ਨੂੰ ਬਣਦਾ ਆਦਰ-ਸਤਿਕਾਰ ਨਹੀਂ ਦਿੱਤਾ।

## ਪੜ੍ਹਾਈ-ਲਿਖਾਈ

ਜਲੰਧਰ ਆਉਣ ਉਪਰ ਚਰਨ ਸਿੰਘ ਨੇ ਆਪਣੀ ਮੁੱਢਲੀ ਪੜ੍ਹਾਈ ਆਰੰਭ ਕਰ ਦਿੱਤੀ। ਉਸ ਨੇ ਸਿਆਲਕੋਟ ਖ਼ਾਲਸਾ ਹਾਈ ਸਕੂਲ ਜਲੰਧਰ ਤੋਂ ਮੈਟ੍ਰਿਕ ਤਕ ਦੀ ਪੜ੍ਹਾਈ ਕੀਤੀ ਅਤੇ ਨਾਲ-ਨਾਲ ਪਰਿਵਾਰਕ ਜ਼ਿੰਮੇਵਾਰੀਆਂ ਵੀ ਨਿਭਾਉਂਦਾ ਰਿਹਾ, ਪਿਤਾ ਜੀ ਨਾਲ ਹੱਥ ਵਟਾ ਕੇ ਉਹਨਾਂ ਦੀ ਮਦਦ ਕਰਦਾ ਰਿਹਾ। ਇਉਂ ਉਸ ਦੇ ਮਨ ਵਿਚ ਕਿਰਤ ਅਤੇ ਸਹਿਯੋਗ ਦੀਆਂ ਅਜਿਹੀਆਂ ਭਾਵਨਾਵਾਂ ਪੈਦਾ ਹੋ ਗਈਆਂ, ਜਿਹੜੀਆਂ ਅੱਜ ਦੇ ਉੱਤਰ-ਆਧੁਨਿਕ ਅਤੇ ਖਪਤਕਾਰੀ ਸਮਾਜ ਵਿਚ ਉਸੇ ਤਰ੍ਹਾਂ ਨਾਲ ਬਰਕਰਾਰ ਹਨ। ਬਚਪਨ ਤੋਂ ਹੀ ਉਸ ਦਾ ਇਹ ਉਦੇਸ਼ ਰਿਹਾ ਹੈ ਕਿ ਜੇ ਤੁਹਾਡੇ ਪਾਸ ਚਾਰ ਰੋਟੀਆਂ ਹਨ ਤਾਂ ਦੋ ਰੋਟੀਆਂ ਆਪਣੇ ਆਸ-ਪਾਸ ਵਿਚਰਦੇ ਲੋਕਾਂ ਵਿਚ ਵੰਡ ਦਿਉ। ਸਿੱਖ ਧਰਮ ਦੇ ਦੋ ਬੁਨਿਆਦੀ ਅਸੂਲਾਂ—ਕਿਰਤ ਕਰਨਾ ਅਤੇ ਵੰਡ ਛਕਣਾ ਉਪਰ ਉਹ ਅਜੇ ਤਕ ਪੂਰੀ ਸੁਦ੍ਰਿੜ੍ਹਤਾ ਨਾਲ ਪਹਿਰਾ ਦੇ ਰਿਹਾ ਹੈ। ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਕਰਤੱਵ ਸਦਕਾ ਉਹ ਪੰਜਾਬ ਯੂਨੀਵਰਸਿਟੀ ਦੇ ਈਵਨਿੰਗ ਕਾਲਜ ਵਿਚ ਬੀ.ਏ. ਦੀ ਪੜ੍ਹਾਈ ਕਰਨ ਲੱਗ ਪਿਆ ਅਤੇ 1966-69 ਦੇ ਅਰਸੇ ਵਿਚ ਉਸ ਨੇ ਇਥੋਂ ਗਰੈਜੂਏਸ਼ਨ ਕਰ ਲਈ।

ਇਹਨਾਂ ਦਿਨਾਂ ਵਿਚ ਲਾਇਲਪੁਰ ਖ਼ਾਲਸਾ ਕਾਲਜ ਵਿਚ ਉਚੇਰੀ ਪੜ੍ਹਾਈ ਦੀ ਬੜੀ ਚੰਗੀ ਵਿਵਸਥਾ ਸੀ। ਭਾਵੇਂ ਜਲੰਧਰ ਵਿਚ ਡੀ.ਏ.ਵੀ. ਅਤੇ ਦੋਆਬਾ ਕਾਲਜ ਦੀ ਵੀ ਕਾਫ਼ੀ ਭੱਲ ਬਣੀ ਹੋਈ ਸੀ ਪਰ ਚਰਨ ਸਿੰਘ ਨੇ ਲਾਇਲਪੁਰ ਖ਼ਾਲਸਾ ਕਾਲਜ ਵਿਚੋਂ ਐਮ.ਏ. ਪੰਜਾਬੀ ਕਰਨ ਨੂੰ ਤਰਜੀਹ ਦਿੱਤੀ। ਇਸ ਕਾਲਜ ਵਿਚ ਐਮ.ਏ. ਪੰਜਾਬੀ 1949-50 ਈ. ਵਿਚ ਹੀ ਸ਼ੁਰੂ ਹੋ ਗਈ ਸੀ। ਰਵਿੰਦਰ ਰਵੀ ਦੇ ਪਿਤਾ ਸ੍ਰ. ਪਿਆਰਾ ਸਿੰਘ ਗਿੱਲ ਅਤੇ ਡਾ. ਆਤਮਜੀਤ ਦੇ ਪਿਤਾ ਪ੍ਰੋ. ਅਮੋਲ ਪੰਜਾਬੀ ਵਿਭਾਗ ਦੇ ਮੁੱਢਲੇ ਪ੍ਰੋਫ਼ੈਸਰ ਸਨ। ਚਰਨ ਸਿੰਘ ਦੇ ਦਾਖ਼ਲ ਹੋਣ ਸਮੇਂ ਇਥੇ ਲੁਧਿਆਣੇ ਤੋਂ ਡਾ. ਐਸ.ਪੀ. ਸਿੰਘ, ਪਟਿਆਲੇ ਤੋਂ ਡਾ. ਰਣਜੀਤ ਸਿੰਘ ਬਾਜਵਾ ਅਤੇ ਅੰਮ੍ਰਿਤਸਰ ਤੋਂ ਡਾ. ਨਰਜੀਤ ਖਹਿਰਾ ਵੀ ਇਥੇ ਆ ਗਏ ਸਨ। ਪ੍ਰਗਤੀਸ਼ੀਲ ਸੋਚ ਉਪਰ ਪਹਿਰਾ ਦੇਣ ਵਾਲਾ ਪ੍ਰੋ. ਨਿਰੰਜਨ ਸਿੰਘ ਢੇਸੀ ਵੀ ਇਸੇ ਕਾਲਜ ਵਿਚ ਸੀ। ਇਹਨਾਂ ਅਧਿਆਪਕਾਂ ਦੀ ਪ੍ਰੇਰਨਾ ਭਰਪੂਰ ਸੰਗਤ

ਤੋਂ ਉਸ ਨੇ ਕਾਫ਼ੀ ਕੁਝ ਗ੍ਰਹਿਣ ਕੀਤਾ; ਪੰਜਾਬੀ ਸਾਹਿਤ ਦੇ ਨਾਲ-ਨਾਲ ਉਸ ਨੂੰ ਵਿਸ਼ਵ ਸਾਹਿਤ ਬਾਰੇ ਵੀ ਭਰਪੂਰ ਜਾਣਕਾਰੀ ਹਾਸਲ ਹੋ ਗਈ ਸੀ। ਅਸਲ ਵਿਚ ਉਸ ਨੂੰ ਸਾਹਿਤ-ਅਨੁਸ਼ਾਸਨ ਦਾ ਮੁੱਢਲਾ ਗਿਆਨ ਪ੍ਰੋ. ਜਗਜੀਤ ਸਿੰਘ ਛਾਬੜਾ ਤੋਂ ਹਾਸਲ ਹੋਇਆ ਸੀ, ਜੋ ਉਸ ਦਾ ਬੀ.ਏ. ਸਮੇਂ ਦਾ ਅਧਿਆਪਕ ਰਹਿ ਚੁੱਕਾ ਸੀ। ਪ੍ਰੋ. ਛਾਬੜਾ ਇਕ ਅਸਾਧਾਰਣ ਪ੍ਰਤਿਭਾ ਸੀ। ਜਵਾਨੀ ਵਿਚ ਹੀ ਕਾਲਵੱਸ ਹੋ ਜਾਣ ਕਾਰਨ ਉਹ ਪੰਜਾਬੀ ਸਾਹਿਤ ਦੀ ਉਤਨੀ ਸੇਵਾ ਨਾ ਕਰ ਸਕਿਆ, ਜਿਤਨੀ ਕਰਨ ਦੀ ਉਸ ਵਿਚ ਸਮਰੱਥਾ ਸੀ। 'ਸੰਕੇਤ' (ਤ੍ਰੈਮਾਸਿਕ) ਦੇ ਮਾਧਿਅਮ ਦੁਆਰਾ ਉਸ ਨੇ ਪੰਜਾਬੀ ਸਾਹਿਤਕਾਰਾਂ ਨੂੰ ਆਧੁਨਿਕ ਭਾਵਬੋਧ ਨਾਲ ਜੋੜਿਆ, ਨਹੀਂ ਤਾਂ ਪੰਜਾਬੀ ਲੇਖਕਾਂ ਨੇ ਰੋਮਾਂਟਿਕ ਅਤੇ ਕਥਿਤ ਪ੍ਰਗਤੀਵਾਦ ਵਿਚ ਹੀ ਫਸੇ ਰਹਿ ਜਾਣਾ ਸੀ। ਪ੍ਰੋ. ਛਾਬੜਾ ਦਾ ਸ.ਸ. ਮੀਸ਼ਾ, ਨਿਰੰਜਨ ਤਸਨੀਮ ਤੇ ਉਸ ਦੌਰ ਦੇ ਪ੍ਰਯੋਗਵਾਦੀ ਕਵੀਆਂ ਨਾਲ ਕਾਫ਼ੀ ਸਨੇਹ ਸੀ। ਉਸ ਨੇ ਪਰੰਪਰਾ ਅਤੇ ਪ੍ਰਯੋਗ ਦੇ ਸਮੀਕਰਣ ਨੂੰ ਚੰਗੀ ਤਰ੍ਹਾਂ ਨਾਲ ਸਮਝਿਆ ਹੋਇਆ ਸੀ ਅਤੇ ਉਹ ਯੁਵਾ ਲੇਖਕਾਂ ਨੂੰ ਉਤਸਾਹਿਤ ਕਰ ਕੇ ਆਧੁਨਿਕ ਭਾਵਬੋਧ ਨਾਲ ਜੋੜਨ ਦੀ ਸੁਹਿਰਦ ਕੋਸ਼ਿਸ਼ ਕਰ ਰਿਹਾ ਸੀ। ਉਸ ਦੀ ਸੰਗਤ ਵਿਚ ਆ ਕੇ ਚਰਨ ਸਿੰਘ ਵੀ ਆਧੁਨਿਕਤਾ ਨਾਲ ਜੁੜ ਗਿਆ ਅਤੇ ਪੜ੍ਹਨ ਦੇ ਦਿਨਾਂ ਵਿਚ ਲਗਾਤਾਰ 'ਸੰਕੇਤ' ਵਿਚ ਪ੍ਰਕਾਸ਼ਿਤ ਵੀ ਹੁੰਦਾ ਰਿਹਾ। ਇਉਂ ਉਸ ਦੇ ਭਾਵਬੋਧ ਅਤੇ ਅਨੁਭਵ ਦੇ ਨਿਰਮਾਣ ਵਿਚ ਇਹਨਾਂ ਵਿਦਵਾਨ ਅਧਿਆਪਕਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ। ਚਰਨ ਸਿੰਘ ਖ਼ੁਦ ਉਹਨਾਂ ਦੇ ਯੋਗਦਾਨ ਨੂੰ ਸਾਭਾਰ ਸਵੀਕਾਰ ਕਰਦਾ ਹੈ।

ਆਪਣੇ ਵਕਤ ਦੇ ਅਨੇਕ ਪੰਜਾਬੀ ਕਿਰਤੀ ਨੌਜਵਾਨਾਂ ਵਾਂਗ ਚਰਨ ਸਿੰਘ ਆਪਣੀ ਇਕ ਨਵੇਕਲੀ ਸ਼ਖ਼ਸੀਅਤ ਦੇ ਨਿਰਮਾਣ ਲਈ ਵਿਆਕੁਲ ਸੀ। ਪ੍ਰਕਿਰਤੀ ਹਰ ਮਨੁੱਖ ਦੇ ਮਨ ਵਿਚ ਇਕ ਵਾਰ ਇਹ ਰੀਝ ਪੈਦਾ ਕਰਦੀ ਤਾਂ ਜ਼ਰੂਰ ਹੈ ਪਰ ਬਹੁਤੇ ਨੌਜਵਾਨ ਆਪਣੀ ਸੁਭਾਵਿਕ ਬੇਪਰਵਾਹੀ ਦੇ ਕਾਰਨ ਇਸ ਰੀਝ ਨੂੰ ਬਰਕਰਾਰ ਨਹੀਂ ਰੱਖ ਪਾਉਂਦੇ। ਚਰਨ ਸਿੰਘ ਨੂੰ ਇਹ ਕਰੈਡਿਟ ਜਾਂਦਾ ਹੈ ਕਿ ਉਸ ਨੇ ਆਪਣੇ ਮਨ ਵਿਚ ਪੈਦਾ ਹੋਈ ਇਸ ਰੀਝ ਨੂੰ ਮਰਨ ਨਹੀਂ ਦਿੱਤਾ, ਅੱਜ ਉਮਰ ਦੇ ਸੱਤਵੇਂ ਦਹਾਕ੍ਰੇ ਵਿਚ ਪਹੁੰਚ ਕੇ ਵੀ ਉਸ ਅੰਦਰ ਇਹ ਚਿਣਗ ਜਿਉਂ ਦੀ ਤਿਉਂ ਮਘ ਰਹੀ ਹੈ ਬਲਕਿ ਹੁਣ ਤਾਂ ਇਹ ਰੀਝ ਇਕ ਸ਼ੋਅਲੇ ਦਾ ਰੂਪ ਧਾਰਨ ਕਰ ਕੇ ਪ੍ਰਕਾਸ਼ ਅਤੇ ਨਿੱਘ ਵੰਡ ਰਹੀ ਹੈ। ਉਹ ਬਚਪਨ ਵਿਚ ਹੀ ਆਪਣੇ ਆਸ-ਪਾਸ ਫੈਲੇ ਜੀਵਨ ਨੂੰ ਖੁੱਲ੍ਹੀਆਂ ਅੱਖਾਂ ਨਾਲ ਦੇਖਦਾ ਸੀ ਅਤੇ ਕਿਸੇ ਵੀ ਸਮਾਜਕ-ਸਭਿਆਚਾਰਕ ਵਰਤਾਰੇ ਨੂੰ 'ਹੋਊ ਪਰੇ' ਕਹਿ ਕੇ

ਨਜ਼ਰ-ਅੰਦਾਜ਼ ਨਹੀਂ ਸੀ ਕਰਦਾ। ਉਹ ਚੜ੍ਹਦੀ ਜਵਾਨੀ ਵਿਚ ਹੀ ਸ਼ਬਦ ਦੀ ਮਹਿਮਾ ਨੂੰ ਪਹਿਚਾਣ ਗਿਆ ਸੀ। ਉਸ ਦਾ ਇਹ ਵਿਸ਼ਵਾਸ ਬਣਦਾ ਜਾ ਰਿਹਾ ਸੀ ਕਿ ਸ਼ਬਦ ਹੀ ਬ੍ਰਹਮ ਹੈ ਅਤੇ ਇਸੇ ਸ਼ਬਦ-ਬ੍ਰਹਮ ਨੇ ਬ੍ਰਹਿਮੰਡ ਦੀ ਰਚਨਾ ਕੀਤੀ ਹੈ। ਜੇ ਤੁਸੀਂ ਬ੍ਰਹਿਮੰਡ ਦੇ ਰਹੱਸਾਂ ਨੂੰ ਸਮਝਣਾ ਹੈ ਤਾਂ ਇਸੇ ਸ਼ਬਦ-ਬ੍ਰਹਮ ਦੀ ਆਰਾਧਨਾ ਕਰੋ। ਇਹੀ ਕਾਰਨ ਹੈ ਕਿ ਪਿਛਲੀ ਅੱਧੀ ਸਦੀ ਤੋਂ ਸਾਡਾ ਇਹ ਸਤਿਕਾਰਿਤ ਕਵੀ ਚਰਨ ਸਿੰਘ ਕਾਵਿ-ਸਿਰਜਣਾ ਦੀ ਮਾਅਰਫ਼ਤ ਸ਼ਬਦ-ਬ੍ਰਹਮ ਦੀ ਆਰਾਧਨਾ ਨੂੰ ਸਮਰਪਿਤ ਹੈ। ਆਪਣੀ ਸਿਰਜਣ-ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਾ ਹੋਇਆ ਉਹ ਲਿਖਦਾ ਹੈ:

> ਕਵਿਤਾ ਲਿਖਣ ਦਾ ਸ਼ੌਕ ਮੈਨੂੰ ਜਮਾਂਦਰੂ ਸੀ। ਮੈਨੂੰ ਮੈਗ਼ਜ਼ੀਨਾਂ ਵਿਚ ਪ੍ਰਕਾਸ਼ਿਤ ਰੰਗਦਾਰ ਤਸਵੀਰਾਂ, ਕੁਦਰਤ, ਦਰਿਆ, ਪਹਾੜ ਬੜੇ ਦਿਲਚਸਪ ਲੱਗਦੇ। ਮੇਰੇ ਮਨ ਅੰਦਰ ਇਹਨਾਂ ਨੂੰ ਦੇਖ ਕੇ ਇਕ ਉਮੰਗ ਉੱਠਦੀ ਜੋ ਕਾਵਿ-ਬੀਜ ਦੇ ਰੂਪ ਵਿਚ ਮੇਰੀ ਸ਼ਖ਼ਸੀਅਤ ਵਿਚ ਬੀਜੀ ਗਈ। ਹਵਾ, ਆਕਾਸ਼, ਜਲ, ਧਰਤੀ ਵਿਸ਼ੇਸ਼ ਰੂਪ ਵਿਚ ਮੇਰੀ ਖਿੱਚ ਦੇ ਪ੍ਰਤੀਕ ਸਨ। ਕੁਦਰਤ ਜਦੋਂ ਲੋੜੋਂ ਵੱਧ ਹਰਕਤ ਵਿਚ ਹੁੰਦੀ ਤਾਂ ਮੈਨੂੰ ਬਹੁਤ ਚੰਗਾ ਤੇ ਅਜੀਬ ਲੱਗਦਾ। ਮੈਨੂੰ ਇਸ ਲੱਗਦਾ ਜਿਵੇਂ ਮੈਂ ਹੀ ਇਹਨਾਂ ਵਿਚ ਵਿਚਰ ਰਿਹਾ ਹਾਂ।
>
> (ਕੁਝ ਆਪਣੇ ਬਾਰੇ)

ਇਸ ਪ੍ਰਕਾਰ ਚਰਨ ਸਿੰਘ ਨੂੰ ਬਚਪਨ ਵਿਚ ਹੀ ਅਨੁਭਵ ਹੋ ਗਿਆ ਸੀ ਕਿ ਮਨੁੱਖ ਦਾ ਪਿੰਡ (ਸਰੀਰ) ਸਮੁੱਚੇ ਬ੍ਰਹਿਮੰਡ ਦਾ ਇਕ ਮਾਈਕਰੋਕਾਜ਼ਮ ਹੈ: ਜੋ ਬ੍ਰਹਮੰਡੇ ਸੋਈ ਪਿੰਡੇ। ਪ੍ਰਕਿਰਤੀ ਦੇ ਵਿਵਿਧ ਰੰਗਾਂ-ਰੂਪਾਂ ਨੂੰ ਉਹ ਇਕ ਬਾਲ-ਚਿੱਤਰਕਾਰ ਦੇ ਰੂਪ ਵਿਚ ਕਾਗ਼ਜ਼ਾਂ ਉਪਰ ਉਤਾਰਦਾ ਰਹਿੰਦਾ ਸੀ। ਜੇ ਉਹ ਕਵੀ ਬਣ ਕੇ ਆਪਣੇ ਭਾਵਾਂ ਨੂੰ ਜ਼ੁਬਾਨ ਨਾ ਦੇ ਸਕਦਾ ਤਾਂ ਉਸ ਨੇ ਇਕ ਲੈਂਡਸਕੇਪ ਚਿੱਤਰਕਾਰ ਜ਼ਰੂਰ ਬਣ ਜਾਣਾ ਸੀ। ਪਰ ਕਲਾ ਦਾ ਜੋ ਬੀਜ ਉਸ ਦੇ ਅੰਤਹਕਰਣ ਵਿਚ ਬੀਜਿਆ ਗਿਆ ਸੀ, ਉਹ ਅਨੁਕੂਲ ਆਲੇ-ਦੁਆਲੇ ਦੇ ਪ੍ਰਭਾਵ ਅਧੀਨ ਅੰਕੁਰਿਤ ਹੋ ਗਿਆ ਅਤੇ ਛੇਤੀ ਹੀ ਇਕ ਬੂਟਾ ਬਣ ਕੇ ਲਹਿਲਹਾਉਣ ਲੱਗ ਪਿਆ। ਦੇਸ਼ ਨੂੰ ਅਜੇ ਨਵੀਂ-ਨਵੀਂ ਆਜ਼ਾਦੀ ਮਿਲੀ ਸੀ ਅਤੇ ਸਾਡੇ ਦੇਸ਼ਵਾਸੀਆਂ ਨੂੰ ਇਸ ਆਜ਼ਾਦੀ ਤੋਂ ਬਹੁਤ ਆਸ਼ਾਵਾਂ ਸਨ। ਇਸ ਕਾਰਨ ਫ਼ਿਜ਼ਾਵਾਂ ਵਿਚ ਖ਼ੁਸ਼ੀ ਅਤੇ ਮਸਤੀ ਦਾ ਮਾਹੌਲ ਸੀ। ਮੁੰਡੇ-ਕੁੜੀਆਂ ਧੜਾਧੜ ਸਕੂਲਾਂ-ਕਾਲਜਾਂ ਵਿਚ ਦਾਖ਼ਲ ਹੋ ਰਹੇ ਸਨ। ਅਜੇ ਨੌਕਰੀਆਂ ਦੀ ਵੀ ਕੋਈ ਘਾਟ ਪੈਦਾ ਨਹੀਂ ਸੀ ਜੋ 1970 ਈ. ਤੋਂ ਬਾਅਦ ਸੰਕਟ ਦਾ ਸਬੱਬ ਬਣਨ ਲੱਗਦੀ ਹੈ। ਇਸ ਖ਼ੁਸ਼ੀ ਦੇ ਮਾਹੌਲ ਵਿਚ ਪੰਜਾਬ ਵਿਚ ਕਵੀ-ਦਰਬਾਰਾਂ ਅਤੇ

ਹੋਰ ਸਭਿਆਚਾਰਕ ਪ੍ਰੋਗਰਾਮਾਂ ਦੀ ਧੂਮ ਮੱਚੀ ਹੋਈ ਸੀ। ਕਰਤਾਰ ਸਿੰਘ ਬਲੱਗਣ, ਨੰਦ ਨਾਲ ਨੂਰਪੁਰੀ, ਵਿਧਾਤਾ ਸਿੰਘ ਤੀਰ, ਜਸਵੰਤ ਸਿੰਘ ਵੰਤਾ, ਨਿਰੰਜਨ ਸਿੰਘ ਨਾਕਿਸ (ਨੂਰ) ਅਤੇ ਸ਼ਿਵ ਕੁਮਾਰ ਵਰਗੇ ਮੰਚ ਦੇ ਧਨੀ ਇਹਨਾਂ ਕਵੀ-ਦਰਬਾਰਾਂ ਦੀ ਜ਼ੀਨਤ ਹੋਇਆ ਕਰਦੇ ਸਨ। ਚਰਨ ਸਿੰਘ ਇਹਨਾਂ ਦਿਨਾਂ ਵਿਚ ਕਿਸ਼ੋਰਾਵਸਥਾ ਵਿਚੋਂ ਗੁਜ਼ਰ ਰਿਹਾ ਸੀ ਪਰ ਉਸ ਦੇ ਅੰਦਰਲਾ ਵੀ ਉਸ ਨੂੰ ਖਿੱਚ ਕੇ, ਪ੍ਰੇਰ ਕੇ, ਇਹਨਾਂ ਕਵੀ-ਦਰਬਾਰਾਂ ਵਿਚ ਲੈ ਆਉਂਦਾ ਸੀ। ਕਵੀ-ਦਰਬਾਰਾਂ ਦੀਆਂ ਇਹਨਾਂ ਖ਼ੂਬਸੂਰਤ ਮਹਿਫ਼ਲਾਂ ਵਿਚੋਂ ਉਸਨੇ ਆਤਮ-ਅਭਿਵਿਅੰਜਨ ਲਈ ਕਵਿਤਾ ਕਹਿਣ ਦਾ ਢੰਗ ਸੁਭਾਵਿਕ ਹੀ ਸਿੱਖ-ਸਮਝ ਲਿਆ। ਜਲੰਧਰ ਵਿਚ ਰਹਿਣ ਵਾਲੇ ਪੰਜਾਬ ਦੇ ਮੁਮਤਾਜ਼ ਗੀਤਕਾਰ ਸ੍ਰੀ ਨੰਦ ਲਾਲ ਨੂਰਪੁਰੀ ਨਾਲ ਤਾਂ ਉਸ ਦਾ ਬੜਾ ਗੂੜ੍ਹਾ ਰਿਸ਼ਤਾ ਵੀ ਸਥਾਪਿਤ ਹੋ ਗਿਆ ਸੀ।

ਪੰਜਾਬ ਯੂਨੀਵਰਸਿਟੀ ਈਵਨਿੰਗ ਕਾਲਜ ਜਲੰਧਰ ਵਿਚ ਬੀ.ਏ. ਕਰਨ ਸਮੇਂ ਉਸ ਦੀ ਨਿਕਟਤਾ ਪ੍ਰੋ. ਜਗਜੀਤ ਸਿੰਘ ਛਾਬੜਾ ਨਾਲ ਹੋ ਗਈ, ਜਿਸ ਨੇ ਉਸ ਦੇ ਅਨੁਭਵ ਨੂੰ ਆਧੁਨਿਕ ਭਾਵਬੋਧ ਨਾਲ ਜੋੜਨ ਵਿਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਈ। ਉਹ ਛਾਬੜਾ ਸਾਹਿਬ ਦੁਆਰਾ ਸੰਪਾਦਿਤ ਕੀਤੇ ਜਾ ਰਹੇ ਤ੍ਰੈਮਾਸਿਕ ਪੱਤਰ 'ਸੰਕੇਤ' ਵਿਚ ਲਗਾਤਾਰ ਛਪਦਾ ਰਿਹਾ। 'ਸੰਕੇਤ' ਦੇ ਇਕ ਭਾਰਤੀ ਕਾਵਿ ਵਿਸ਼ੇਸ਼ ਅੰਕ ਵਿਚ ਉਸ ਦੀ ਇਕ ਲੰਬੀ ਨਜ਼ਮ ਵੀ ਪ੍ਰਕਾਸ਼ਿਤ ਹੋਈ, ਜਿਸ ਤੋਂ ਪਤਾ ਚੱਲਦਾ ਹੈ ਕਿ ਉਸ ਨੇ 1970 ਈ. ਦੇ ਆਸ-ਪਾਸ ਹੀ ਆਪਣੇ ਭਾਵਾਂ ਦੇ ਅਭਿਵਿਅੰਜਨ ਲਈ ਲੰਬੀ ਕਵਿਤਾ ਦੇ ਰੂਪ ਨੂੰ ਅਪਣਾ ਲਿਆ ਸੀ। ਇਹਨਾਂ ਦਿਨਾਂ ਵਿਚ ਪੰਜਾਬ ਦੇ ਵਿਸ਼ਿਸ਼ਟ ਅਦਬੀ ਦਾਇਰਿਆਂ ਵਿਚ ਅਸਤਿੱਤਵਵਾਦ ਅਤੇ ਐਬਸਰਡਵਾਦ ਬਾਰੇ ਵੀ ਚਰਚਾ ਹੋਣ ਲੱਗ ਪਈ ਸੀ। ਇਹ ਸਾਰਤ੍ਰ, ਕਾਮੂ, ਕਾਫ਼ਕਾ ਅਤੇ ਸੈਮੁਅਲ ਬੈਕੇਟ ਦਾ ਦੌਰ ਸੀ। ਬੈਕੇਟ ਦੇ ਇਕ ਨਾਟਕ 'ਵੇਟਿੰਗ ਫ਼ਾਰ ਗੋਦੋ' ਦੀ ਇਧਰ ਭਾਰਤ ਅਤੇ ਪੰਜਾਬ ਵਿਚ ਵੀ ਕਾਫ਼ੀ ਚਰਚਾ ਸੀ। ਜਲੰਧਰ ਦੇ ਇਕ ਯੁਵਾ ਲੇਖਕ ਸੁਰਿੰਦਰ ਮੋਹਨ ਨੇ 'ਵੇਟਿੰਗ ਫ਼ਾਰ ਗੋਦੋ' ਦਾ ਪੰਜਾਬੀ ਵਿਚ ਅਨੁਵਾਦ ਵੀ ਕਰ ਰੱਖਿਆ ਸੀ। ਸੰਜੋਗਵੱਸ ਚਰਨ ਸਿੰਘ ਦੀ ਉਸ ਨਾਲ ਮੁਲਾਕਾਤ ਹੋ ਗਈ। ਦੋਵੇਂ ਮਿੱਤਰ ਮਿਲ ਕੇ ਆਧੁਨਿਕ ਸਾਹਿਤ ਦੀ ਸਿਰਜਣ-ਪ੍ਰਕਿਰਿਆ ਬਾਰੇ ਖ਼ੂਬ ਚਰਚਾ ਕਰਿਆ ਕਰਦੇ ਸਨ। ਇਉਂ ਹੌਲੀ-ਹੌਲੀ ਚਰਨ ਸਿੰਘ ਦੀ ਕਲਮ ਜਵਾਨ ਹੁੰਦੀ ਗਈ।

## ਕਾਫ਼ੀ ਹਾਊਸ

ਵਿਸ਼ਵ ਭਰ ਦੇ ਬੁੱਧੀਜੀਵੀ ਕਾਫ਼ੀ ਹਾਊਸਾਂ ਵਿਚ ਬੈਠ ਕੇ ਆਪਣੀ ਹਯਾਤੀ ਨੂੰ ਕਾਫ਼ੀ ਦੇ ਪਿਆਲਿਆਂ ਦੁਆਰਾ ਗਿਣ-ਮਿਣ ਰਹੇ ਸਨ। ਜਲੰਧਰ ਵਿਚ ਵੀ ਇਕ ਕਾਫ਼ੀ ਹਾਊਸ ਖੁੱਲ੍ਹ ਗਿਆ। ਪੰਜਾਬ ਭਰ ਦੇ ਸਮੂਹ ਬੁੱਧੀਜੀਵੀ ਇਸ ਕਾਫ਼ੀ ਹਾਊਸ ਦੀ ਜ਼ਿਆਰਤ ਕਰਨਾ ਆਪਣਾ ਪਰਮ-ਧਰਮ ਮੰਨਦੇ ਸਨ। ਜਸਬੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਅਜਾਇਬ ਕਮਲ, ਬਰਜਿੰਦਰ ਸਿੰਘ ਹਮਦਰਦ, ਸੁਰਜੀਤ ਹਾਂਸ ਅਤੇ ਸ.ਸ. ਮੀਸ਼ਾ ਅਕਸਰ ਹੀ ਇਸ ਕਾਫ਼ੀ ਹਾਊਸ ਵਿਚ ਬੈਠੇ ਨਜ਼ਰ ਆ ਜਾਂਦੇ ਸਨ। ਚਰਨ ਸਿੰਘ ਵੀ ਆਪਣੇ ਕੁਝ ਕਰੀਬੀ ਮਿੱਤਰਾਂ ਸ਼ੌਕੀਨ ਸਿੰਘ, ਕੰਵਰ ਸੁਖਦੇਵ, ਅਮਿਤੋਜ, ਤਰਲੋਕ ਕਾਲੜਾ, ਜਨਕ ਰਾਜ ਸਿੰਘ, ਚਿਰੰਜੀਵ, ਸਤਿਨਾਮ ਚਾਨਾ ਅਤੇ ਸੁਖਵੰਤ ਢੱਡਾ ਨਾਲ ਇਸ ਕਾਫ਼ੀ ਹਾਊਸ ਵਿਚ ਆਉਣ-ਜਾਣ ਲੱਗਾ, ਜਿਸ ਨਾਲ ਉਸ ਦੀ ਸੰਵੇਦਨਾ ਅਤੇ ਭਾਵਬੋਧ ਬਹੁਤ ਤੀਖਣ ਹੋ ਗਏ। ਕਾਫ਼ੀ ਹਾਊਸ ਦੇ ਸਿਰਜਣਾਤਮਕ ਮਾਹੌਲ ਬਾਰੇ ਪੁਨਰ-ਚਿਤਵਨ ਕਰਦਾ ਹੋਇਆ ਉਹ ਲਿਖਦਾ ਹੈ:

> ਇਹਨਾਂ ਦਿਨਾਂ ਵਿਚ ਕੰਪਨੀ ਬਾਗ਼ ਜਲੰਧਰ ਦੇ ਸਾਹਮਣੇ ਇਕ ਕਾਫ਼ੀ ਹਾਊਸ ਹੁੰਦਾ ਸੀ। ਇਥੇ ਦੂਰ-ਨੇੜਿਉਂ ਸਾਹਿਤਕਾਰ ਆ ਕੇ ਬੈਠਦੇ, ਆਪਣੀ ਰਚਨਾ ਸੁਣਾਉਂਦੇ ਅਤੇ ਉਸ 'ਤੇ ਬੜੀ ਉਸਾਰੂ ਕਿਸਮ ਦੀ ਬਹਿਸ ਹੁੰਦੀ। ਮੇਰੀ ਨਜ਼ਰ ਵਿਚ ਇਹ ਕਾਫ਼ੀ ਹਾਊਸ ਇਕ 'ਇਨਸਟੀਚਿਊਸ਼ਨ ਆਫ਼ ਲਿਟਰੇਚਰ' ਸੀ। ਵੱਖ-ਵੱਖ ਲੇਖਕਾਂ ਦੀ ਕਵਿਤਾ ਬਾਰੇ ਵਿਚਾਰ-ਵਟਾਂਦਰੇ, ਕਵਿਤਾ ਦੇ ਵਿਕਾਸ ਤੇ ਨਿਖਾਰ ਵਿਚ ਵਿਸ਼ੇਸ਼ ਹਿੱਸਾ ਪਾਉਂਦੇ।...ਕਾਫ਼ੀ ਹਾਊਸ ਦੇ ਮਾਹੌਲ ਅਤੇ ਸਾਹਿਤਕ ਦੋਸਤਾਂ ਦੀ ਸ਼ਖ਼ਸੀਅਤ ਦਾ ਮੇਰੇ ਉੱਤੇ ਵਿਸ਼ੇਸ਼ ਅਸਰ ਹੋਇਆ ਅਤੇ ਮੇਰੀ ਕਾਵਿ-ਰਚਨਾ ਆਪਣੀ ਵਿਲੱਖਣ ਸ਼ੈਲੀ ਤੇ ਸਿਰਜਣਾ ਵੱਲ ਰੁਚਿਤ ਹੋਈ।...ਇਹ ਇਕ ਅਲਬੇਲੀ ਆਵਾਰਗੀ ਦਾ ਦੌਰ ਸੀ ਜਿਸ ਨੇ ਮੇਰੀ ਸ਼ਖ਼ਸੀਅਤ ਵਿਚ ਸਿਰਜਣਾਤਮਕਤਾ ਕੁੱਟ-ਕੁੱਟ ਕੇ ਭਰੀ। ਹਰ ਵੇਲੇ ਹੀ ਕੁਝ ਨਾ ਕੁਝ ਲਿਖਣ ਨੂੰ ਦਿਲ ਕਰਦਾ ਅਤੇ ਲਿਖਦੇ ਰਹਿੰਦੇ। ਸਾਹਿਤ ਕੀ ਹੈ, ਰਚਨਾ ਪ੍ਰਕਿਰਿਆ ਕੀ ਹੈ, ਜਿਉਂ ਕੇ ਲਿਖੇ ਸਾਹਿਤ ਅਤੇ ਅਣਜਿਉਂ ਕੇ ਲਿਖੇ ਸਾਹਿਤ ਦਾ ਅੰਤਰ ਕੀ ਹੈ—ਇਹਨਾਂ ਗੱਲਾਂ ਦਾ ਗਿਆਨ ਮੈਨੂੰ ਇਸ ਦੌਰ ਵਿਚ ਹੋਇਆ। (ਕੁਝ ਆਪਣੇ ਬਾਰੇ)

## ਕਾਵਿ ਸਿੱਧਾਂਤ

ਬੀਤੇ ਚਾਲੀ-ਪੰਜਤਾਲੀ ਵਰ੍ਹਿਆਂ ਦੇ ਸਾਹਿਤਿਕ ਸਫ਼ਰ ਦੌਰਾਨ ਚਰਨ ਸਿੰਘ

ਦੇ ਆਪਣੇ ਕੁਝ ਮੌਲਿਕ ਸਿੱਧਾਂਤ ਵੀ ਨਿਰਮਿਤ ਹੋ ਗਏ। ਹਰ ਕਵੀ ਦਾ ਆਪਣਾ ਇਕ ਕਾਵਿ-ਸ਼ਾਸਤਰ ਵੀ ਹੁੰਦਾ ਹੈ ਅਤੇ ਉਸ ਦੇ ਕਾਵਿ-ਲੋਕ ਦੀ ਤਹਿ ਤਕ ਜਾਣ ਲਈ ਉਸ ਦੀਆਂ ਆਪਣੀਆਂ ਕਾਵਿ-ਸ਼ਾਸਤਰੀ ਮਾਨਤਾਵਾਂ ਸਭ ਤੋਂ ਪ੍ਰਮਾਣਿਕ ਕਸੌਟੀ ਸਿੱਧ ਹੁੰਦੀਆਂ ਹਨ। ਪਰ ਸਾਡੇ ਇਧਰ ਇਹੀ ਪਰੰਪਰਾ ਰਹੀ ਹੈ ਕਿ ਆਲੋਚਕ ਲੋਕ ਆਪਣੀਆਂ ਸਿੱਧਾਂਤਿਕ ਮਾਨਤਾਵਾਂ ਨੂੰ ਆਧਾਰ ਬਣਾ ਕੇ ਕਿਸੇ ਵੀ ਰਚਨਾ ਦਾ ਮੁਲੰਕਣ ਕਰੇਨ ਲੱਗਦੇ ਹਨ। ਜੇ ਤਾਂ ਕੋਈ ਰਚਨਾ ਉਹਨਾਂ ਦੀਆਂ ਮਾਨਤਾਵਾਂ/ਸਿਧਾਂਤਕ ਚੌਖਟੇ ਵਿਚ ਫਿੱਟ ਆ ਗਈ ਤਾਂ ਉਹ ਮਹਾਨ ਤੇ ਉੱਤਮ ਹੈ, ਨਹੀਂ ਤਾਂ ਇਹ ਲੋਕ ਉਸ ਰਚਨਾ ਨੂੰ ਸਾਧਾਰਣ ਅਤੇ ਤੁੱਛ ਗਰਦਾਨਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਸਿੱਟੇ ਵਜੋਂ ਬਹੁਤ ਸਾਰੇ ਜੈਨੂਇਨ ਕਿਸਮ ਦੇ ਲੇਖਕ ਪਿੱਠਭੂਮੀ ਵਿਚ ਹੀ ਬੈਠੇ ਰਹਿ ਜਾਂਦੇ ਹਨ ਅਤੇ ਉਹਨਾਂ ਦੇ ਵਾਸਤਵਿਕ ਯੋਗਦਾਨ ਦਾ ਲੇਖਾ-ਜੋਖਾ ਹੀ ਨਹੀਂ ਹੋ ਪਾਉਂਦਾ। ਮੇਰੀ ਨਜ਼ਰ ਵਿਚ ਕਿਸੇ ਵੀ ਰਚਨਾ ਵਿਚ ਪ੍ਰਵੇਸ਼ ਕਰਨ ਸਮੇਂ ਆਲੋਚਕ ਨੂੰ ਲੇਖਕ ਦੇ ਆਪਣੇ ਕਾਵਿ-ਸ਼ਾਸਤਰ ਨੂੰ ਧਿਆਨ ਵਿਚ ਰੱਖਣਾ ਸਭ ਤੋਂ ਜ਼ਰੂਰੀ ਗੱਲ ਹੈ। ਉਸ ਦਾ ਕਾਵਿ-ਸ਼ਾਸਤਰ ਪ੍ਰਗਤੀਵਾਦੀ, ਯੁਗਾਨੁਕੂਲ ਜਾਂ ਲੋਕ-ਪੱਖੀ ਹੈ ਜਾਂ ਨਹੀਂ, ਇਹ ਗੱਲ ਬਾਅਦ ਵਿਚ ਦੇਖੀ ਜਾਣੀ ਚਾਹੀਦੀ ਹੈ।

ਇਸ ਪ੍ਰਸੰਗ ਵਿਚ ਸਾਨੂੰ ਸਭ ਤੋਂ ਪਹਿਲਾਂ ਚਰਨ ਸਿੰਘ ਦੀਆਂ ਆਪਣੀਆਂ ਕਾਵਿ-ਸ਼ਾਸਤਰੀ ਮਾਨਤਾਵਾਂ ਨੂੰ ਧਿਆਨ ਨਾਲ ਦੇਖਣ-ਸਮਝਣ ਦੀ ਜ਼ਰੂਰਤ ਹੈ। ਆਪਣੀਆਂ ਕਵਿਤਾਵਾਂ ਦੇ ਸੰਬੰਧ ਵਿਚ ਉਸ ਦੀ ਸਭ ਤੋਂ ਪਹਿਲੀ ਟਿੱਪਣੀ ਇਹ ਹੈ: "ਮੈਂ ਆਪਣੀ ਰਚਨਾ ਤੋਂ ਕਦੇ ਸੰਤੁਸ਼ਟ ਨਹੀਂ ਹੋਇਆ ਸਗੋਂ ਸੰਤੁਸ਼ਟਤਾ ਤੋਂ ਅੱਗੇ ਹੋਰ ਵਧੀਆ ਰਚਣਾ ਅਤੇ ਕਰਨ ਦੀ ਤਾਂਘ ਦਾ ਸਿਲਸਿਲਾ ਜਾਰੀ ਰੱਖਿਆ। ਮੇਰਾ ਸਿੱਧਾਂਤ ਹੈ ਕਿ ਕਾਵਿ ਆਤਮ-ਸੰਤੋਸ਼ ਦਾ ਸਿਲਸਿਲਾ ਨਹੀਂ, ਆਤਮ-ਖੋਜ ਦਾ ਸਿਲਸਿਲਾ ਹੈ। ਸਾਹਿਤ ਸਿਰਜਣਾ ਦੇ ਸੰਬੰਧ ਵਿਚ ਉਸ ਦੀ ਅਗਲੀ ਸਥਾਪਨਾ ਇਹ ਹੈ ਕਿ ਹਰ ਲੇਖਕ ਨੂੰ ਸਿਰਜਣ ਦੇ ਨਾਲ-ਨਾਲ ਨਿਰੰਤਰ ਆਪਣੇ ਦੇਸ਼ ਦੀ ਸਾਹਿਤ-ਪਰੰਪਰਾ ਦਾ ਨਿਰਮਾਣ ਕਰਨ ਵਾਲੇ ਅਤੇ ਵਿਦੇਸ਼ਾਂ ਦੇ ਪ੍ਰਮੁੱਖ ਲੇਖਕਾਂ ਦਾ ਗੰਭੀਰ ਅਧਿਐਨ ਵੀ ਕਰਦੇ ਰਹਿਣਾ ਚਾਹੀਦਾ ਹੈ। ਇਸ ਨਾਲ ਨਾ ਕੇਵਲ ਉਸ ਦਾ ਅਨੁਭਵ ਹੀ ਵਿਸ਼ਾਲ ਹੋਵੇਗਾ ਬਲਕਿ ਉਸ ਨੂੰ ਅਭਿਵਿਅੰਜਨ ਦੀਆਂ ਨਵੀਆਂ/ਸਟੀਕ ਵਿਧੀਆਂ ਬਾਰੇ ਜਾਣਕਾਰੀ ਵੀ ਮਿਲਦੀ ਰਹੇਗੀ।" ਲੇਖਕ ਦੇ ਆਪਣੇ ਕੁਝ ਸ਼ਬਦਾਂ ਵਿਚ:

> ਅਧਿਐਨ ਨੇ ਮੇਰੀ ਕਾਵਿ-ਰਚਨਾ ਵਿਚ ਇਕ ਵੱਖਰੀ ਕਿਸਮ ਦੀ ਡੂੰਘਾਈ, ਵਿਸ਼ਾਲਤਾ, ਅਰਥ-ਭਰਪੂਰਤਾ ਤੇ ਕਾਵਿ-ਰਚਨਾ ਦੀ ਤਕਨੀਕ ਵਿਚ ਪ੍ਰੌਢਤਾ ਲਿਆਂਦੀ। ਇਸ ਨਾਲ ਮੇਰੀ ਰਚਨਾ ਵਿਚ

ਹੋਰ ਵੀ ਨਿਖਾਰ ਆਇਆ, ਸਾਹਿਤਿਕ ਸੂਝ ਵਿਚ ਵਾਧਾ ਹੋਇਆ, ਸਾਹਿਤ-ਰਚਨਾ ਦੀ ਸਮਝ ਆਈ। ਇਸ ਅਧਿਐਨ ਸਦਕਾ ਮੈਨੂੰ ਮੇਰਾ ਸਥਾਨ ਇਕ ਬਿੰਦੂ ਵਾਂਗ ਜਾਪਿਆ। ਮੈਂ ਸਾਹਿਤ ਪੜ੍ਹਨ ਵਿਚ ਆਪਣੀ ਰੁਚੀ ਵਧਾਈ। ਹੌਲੀ-ਹੌਲੀ ਹਨੇਰੇ ਨੂੰ ਚੀਰਦੇ ਹੋਏ ਗਿਆਨ ਦੀ ਰੌਸ਼ਨੀ ਦਾ ਅਹਿਸਾਸ ਹੋਇਆ। ਮੈਨੂੰ ਸਮਝ ਆ ਗਈ ਕਿ ਗਿਆਨ ਹੀ ਚਾਨਣ ਹੈ। ਇਥੋਂ ਹੀ ਮੇਰਾ ਬਿੰਦੂ ਤੋਂ ਦਾਇਰਾ ਅਤੇ ਕਿਰਨ ਤੋਂ ਸੂਰਜ ਬਣਨ ਦਾ ਸਫ਼ਰ ਸ਼ੁਰੂ ਹੁੰਦਾ ਹੈ। (ਕੁਝ ਆਪਣੇ ਬਾਰੇ)

ਸਾਧਾਰਣ ਪਾਠਕਾਂ ਅਤੇ ਵਿਸ਼ੇਸ਼ ਆਲੋਚਕਾਂ ਨੂੰ ਆਪਣੇ ਕਾਵਿ ਦੀ ਪ੍ਰਕਿਰਤੀ ਬਾਰੇ ਸਟੀਕ ਜਾਣਕਾਰੀ ਦਿੰਦਾ ਹੋਇਆ ਉਹ ਲਿਖਦਾ ਹੈ:

1. ਮੇਰਾ ਕਾਵਿ ਆਧੁਨਿਕ ਕਾਵਿ ਹੈ, ਆਧੁਨਿਕ ਕਾਵਿ ਦਾਰਸ਼ਨਿਕ-ਵਿਗਿਆਨਕ ਅਭਿਵਿਅਕਤੀ ਦਾ ਉਹ ਯਥਾਰਥਕ ਸੱਚ ਹੈ, ਜਿਸ ਵਿਚ ਭੂਤ, ਵਰਤਮਾਨ ਅਤੇ ਭਵਿੱਖ ਇਕੋ ਸਮੇਂ ਇਕੱਠੇ ਵਿਚਰਦੇ ਹਨ।
2. ਮੇਰੇ ਆਧੁਨਿਕ ਕਾਵਿ ਦਾ ਫ਼ਲਸਫ਼ਾ ਮਨੁੱਖਵਾਦੀ ਹੈ। ਮੇਰੀ ਕਵਿਤਾ ਮਨੁੱਖ ਵਿਚੋਂ ਜਨਮਦੀ, ਮਨੁੱਖ ਵਿਚ ਵਿਚਰਦੀ ਅਤੇ ਮਨੁੱਖ ਨੂੰ ਹੀ ਵਿਸਤਾਰਦੀ ਹੈ।
3. ਅਜੋਕੇ ਸਮੇਂ ਵਿਚ ਮਨੁੱਖ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਉਹ ਕੌਣ ਹੈ, ਕੀ ਹੈ, ਕਿਥੋਂ ਆਇਆ ਹੈ, ਕਿਥੇ ਜਾਣਾ ਹੈ, ਉਸ ਦੇ ਜੀਵਨ ਦਾ ਪ੍ਰਯੋਜਨ ਕੀ ਹੈ। ਮੇਰਾ ਕਾਵਿ ਇਹਨਾਂ ਸਵਾਲਾਂ ਦੇ ਰੂਬਰੂ ਹੁੰਦਾ ਹੈ।
4. ਮਨੁੱਖ ਦਾ ਅੰਦਰਲਾ ਸੱਚ ਮਨੁੱਖਤਾ ਦੀ ਇਕਾਈ ਹੈ ਜੋ ਰੰਗ, ਨਸਲ, ਜਾਤ, ਮੁਲਕਾਂ, ਹੱਦਬੰਨਿਆਂ ਦੇ ਭਰਮ ਤੋਂ ਉੱਚੀ ਹੈ। ਆਪਣੇ ਆਪ ਨੂੰ ਜਾਣਨ ਵਾਲਾ ਮਨੁੱਖ ਹਰ ਮਨੁੱਖ ਨੂੰ ਉਸੇ ਦ੍ਰਿਸ਼ਟੀਕੋਣ ਨਾਲ ਦੇਖਦਾ ਹੈ ਜਿਸ ਨਾਲ ਉਹ ਆਪਣੇ ਆਪ ਨੂੰ ਦੇਖਦਾ ਹੈ।
5. ਮੇਰਾ ਕਾਵਿ ਜਿਉਂਦਾ-ਜਾਗਦਾ ਕਾਵਿ ਹੈ। ਅੱਖਰਾਂ, ਸ਼ਬਦਾਂ ਜਾਂ ਅਰਥਾਂ ਦਾ ਕਾਵਿ ਨਹੀਂ ਸਗੋਂ ਲਹੂ-ਮਾਸ ਦਾ ਜਿਉਂਦਾ-ਜਾਗਦਾ ਕਾਵਿ ਹੈ। ਅੱਖਰ ਪਾਠਕ ਨੂੰ ਆਪਣੀ ਉਂਗਲੀ ਫੜਾ ਕੇ ਅਰਥਾਂ ਦੀ ਗਹਿਰਾਈ ਤਕ ਲੈ ਜਾਂਦੇ ਹਨ।...ਪੁਸਤਕ ਦੇ ਪੰਨਿਆਂ 'ਤੇ ਅੱਖਰ, ਸ਼ਬਦ ਤੇ ਅਰਥ ਸਰੀਰ ਵਿਚ ਦਿਲ ਵਾਂਗ ਧੜਕਦੇ ਹਨ।
6. ਇਹ ਕਾਵਿ ਅਸਾਧਾਰਨ ਚੇਤਨਾ ਦਾ ਕਾਵਿ ਹੈ। ਦੇਸ਼ ਤੋਂ ਬਹੁਤ ਦੂਰ ਰਹਿਣ ਦੇ ਬਾਵਜੂਦ ਪੰਜਾਬ, ਭਾਰਤ ਤੇ ਯੂਰਪ ਦੇ ਅਨੁਭਵੀ ਚਿੰਤਨ ਕਾਰਨ ਇਸ

ਕਾਵਿ ਦੀ ਯਾਤਰਾ ਸੀਮਿਤ ਘੇਰਿਆਂ ਵਿਚੋਂ ਨਿਕਲ ਕੇ ਵਿਸ਼ਵ-ਵੇਦਨਾ ਅਤੇ ਆਧੁਨਿਕ ਸੰਦਰਭ ਨੂੰ ਆਪਣੇ ਵਿਚ ਸਮੋਈ ਬੈਠੀ ਹੈ।

7. ਇਹ ਕਾਵਿ ਆਤਮ-ਸੰਤੋਸ਼ ਦੀ ਥਾਂ ਆਤਮ-ਖੋਜ ਵੱਲ ਸੰਕੇਤ ਕਰਦਾ ਹੈ। ਇਸ ਕਾਵਿ ਦੀ ਦ੍ਰਿਸ਼ਟੀ ਵਿਚ ਕਿਸੇ ਵੀ ਮੰਜ਼ਿਲ ਦੀ ਪ੍ਰਾਪਤੀ ਸਫ਼ਰ ਦਾ ਅੰਤ ਨਹੀਂ ਹੈ। ਇਹੀ ਇਸ ਕਾਵਿ ਦਾ ਵਿਲੱਖਣ ਗੁਣ ਹੈ। ਇਹ ਨਿਰੰਤਰ ਹੈ ਕਿਉਂਕਿ ਇਹ ਸੰਤੁਸ਼ਟਤਾ ਰਹਿਤ ਹੈ। ਇਹ ਕਾਵਿ ਸ਼ੂਨਯ ਤੋਂ ਸਿਰਜਣਾ ਅਤੇ ਸਿਰਜਣਾ ਤੋਂ ਸ਼ੂਨਯ ਤੇ ਨਹੀਂ ਰੁਕਦਾ।

8. ਮਨੁੱਖ ਦੇ ਸਮਕਾਲੀ ਯਥਾਰਥ ਦਾ ਜਿਥੇ ਇਹ ਕਾਵਿ ਪ੍ਰਗਟਾਵਾ ਕਰਦਾ ਹੈ, ਉਥੇ ਜੀਵਨ ਪ੍ਰਤੀ ਮਨੁੱਖ ਦੇ ਰੋਲ ਵਿਚੋਂ ਪੈਦਾ ਹੋਈਆਂ ਬਿਰਤੀਆਂ ਅਤੇ ਪ੍ਰਵਿਰਤੀਆਂ ਨੂੰ ਸਹੀ ਸੇਧ ਦੇਣ ਦਾ ਉਪਰਾਲਾ ਕਰਦਾ ਹੈ। ਮਨੁੱਖੀ ਜੀਵਨ ਵਿਚ ਆਈਆਂ ਔਕੜਾਂ/ਸਮੱਸਿਆਵਾਂ, ਸਰਵਾਈਵਲ ਦੇ ਸੰਘਰਸ਼ 'ਚੋਂ ਉਪਜੀਆਂ ਪਰਿਸਥਿਤੀਆਂ ਅਤੇ ਅਵਸਥਾਵਾਂ ਪ੍ਰਤੀ ਸੰਕੇਤ ਕਰਨ ਦੀ ਥਾਂ ਉਹਨਾਂ ਦੀ ਸਹੀ ਸੇਧ ਵਿਚ ਰਹਿਨੁਮਾਈ ਕਰਦਾ ਹੈ।

9. ਇਹ ਕਾਵਿ ਆਧੁਨਿਕ ਮਨੁੱਖੀ ਦੀ ਬਹੁ-ਮੁਖੀ, ਬਹੁ-ਦਿਸ਼ਾਵੀ, ਬਹੁ-ਬਿਧ ਸ਼ਖ਼ਸੀਅਤ ਦੀ ਖੰਡਿਤ ਅਤੇ ਸੰਯੁਕਤ ਇਕਾਈ ਨੂੰ ਸਾਪੇਖ ਰੂਪ ਵਿਚ ਅਜੋਕੀਆਂ ਪਰਿਸਥਿਤੀਆਂ ਦੇ ਪ੍ਰਸੰਗ ਵਿਚ ਤ੍ਰੈਕਾਲਕ ਤੇ ਬ੍ਰਹਿਮੰਡਕ ਦ੍ਰਿਸ਼ਟੀ ਤੋਂ ਗਲੋਬਲ ਸੰਦਰਭਾਂ ਵਿਚ ਸਮਝਣ ਤੇ ਸਿਰਜਣ ਦਾ ਕਲਾਤਮਕ ਅਭਿਆਸ ਹੈ। ਆਪਣੀ ਹੋਂਦ ਦੇ ਵੱਖ-ਵੱਖ ਪਹਿਲੂਆਂ ਨੂੰ, ਵੱਖ-ਵੱਖ ਸਿਧਾਂਤਾਂ, ਚਿੰਤਨਾਂ, ਮੁੱਲਾਂ, ਦਰਸ਼ਨ-ਪ੍ਰਣਾਲੀਆਂ, ਪਰਿਸਥਿਤੀਆਂ ਤੇ ਕੋਣਾਂ ਤੋਂ ਵਾਚਣਾ ਅਜੋਕੇ ਆਧੁਨਿਕ ਮਨੁੱਖ ਦੀ ਆਪਣੀ ਆਈਡੈਂਟਿਟੀ ਦੀ ਪਹਿਚਾਣ ਤੇ ਤਲਾਸ਼ ਵਿਚ ਹੈ। ਆਪਣੀ ਹੋਂਦ ਨੂੰ ਜਾਣਨ ਵਿਚ ਹੀ ਦੂਜੇ ਦੀ ਹੋਂਦ ਦਾ ਸੰਕਲਪ ਛਿਪਿਆ ਹੋਇਆ ਹੈ।

10. ਇਹ ਕਾਵਿ ਸਮਕਾਲੀ ਸਮਾਜਕ, ਰਾਜਨੀਤਕ, ਆਰਥਿਕ ਢਾਂਚੇ ਵਿਚ ਵਿਚਰਦੇ ਅਜੋਕੇ ਮਨੁੱਖ ਦੀ ਰੂਪ-ਰੇਖਾ ਵੀ ਚਿਤਰਦਾ ਹੈ। ਸਮਾਜਕ ਤੌਰ 'ਤੇ ਹੋ ਰਿਹਾ ਮਨੁੱਖ ਦਾ ਸ਼ੋਸ਼ਣ, ਰਾਜਨੀਤਕ ਤੌਰ 'ਤੇ ਮਨੁੱਖ ਦੇ ਚਿਹਰੇ ਉੱਤੇ ਉੱਗੇ ਜੰਗਲ ਅਤੇ ਆਰਥਿਕ ਤੌਰ 'ਤੇ ਪੀਸੇ ਜਾ ਰਹੇ ਮਨੁੱਖ ਦੀਆਂ ਰੋਜ਼-ਮੱਰ੍ਹਾ ਦੀਆਂ ਲੋੜਾਂ ਬਾਰੇ ਵਿਆਖਿਆ ਅਤੇ ਸੇਧ ਭਰਪੂਰ ਦਿਸ਼ਾਵਾਂ ਦਾ ਇਹ ਨਿਰਮਾਣ ਕਰਦਾ ਹੈ।

11. ਅਜੋਕਾ ਮਨੁੱਖ ਆਪਣੇ ਆਪ ਨਾਲੋਂ ਟੁੱਟ ਕੇ ਵਧੇਰੇ ਪਦਾਰਥਵਾਦੀ

(ਮੈਟੀਰੀਅਲਿਸਟ) ਹੁੰਦਾ ਜਾ ਰਿਹਾ ਹੈ। ਇਸ ਕਾਰਨ ਉਦਾਸੀ ਤੇ ਇਕੱਲਤਾ ਦੇ ਆਲਮ ਵਿਚ ਘਿਰਿਆ ਮਨ ਦੀ ਸ਼ਾਂਤੀ, ਜੀਵਨ ਵਿਚਲਾ ਸਹਿਜ ਅਤੇ ਆਪਣੀ ਸੁਗਠਿਤ ਹੋਂਦ ਨੂੰ ਗੁਆ ਬੈਠਾ ਹੈ। ਇਹ ਕਾਵਿ ਮਨੁੱਖ ਦੇ ਪਦਾਰਥਵਾਦੀ ਹੋਣ ਦੀ ਯਾਤਰਾ ਵਿਚ ਆਏ ਲਾਭ-ਹਾਨ ਦੀ ਬਾਤ ਪਾਉਂਦਾ ਹੈ। ਮਨੁੱਖ ਨੇ ਕੀ ਗੁਆਇਆ ਹੈ ਤੇ ਕੀ ਪਾਇਆ ਹੈ, ਇਸ ਦਾ ਹਿਸਾਬ-ਕਿਤਾਬ ਕਰਦਾ ਹੈ। ਅਜਿਹਾ ਲੇਖਾ-ਜੋਖਾ ਇਸ ਕਾਵਿ ਦੀ ਵਿਸ਼ੇਸ਼ ਪਹਿਚਾਣ ਹੈ।

12. ਅਜੋਕੀ ਵਿਦਿਆ-ਪ੍ਰਣਾਲੀ ਨੇ ਮਨੁੱਖ ਨੂੰ ਚਤੁਰਾਈ ਤਾਂ ਦੇ ਦਿੱਤੀ ਹੈ ਪਰ ਸਿਆਣਪ ਨਹੀਂ ਦਿੱਤੀ। ਇਹੀ ਕਾਰਨ ਹੈ ਕਿ ਅਜੋਕੇ ਸੰਦਰਭ ਵਿਚ ਵਿਗਿਆਨਕ ਸ਼ਕਤੀ ਦੀ ਵਰਤੋਂ ਮਨੁੱਖਤਾ ਦੇ ਵਿਰੁੱਧ ਕੀਤੀ ਜਾ ਰਹੀ ਹੈ। ਕੁਦਰਤ ਨੂੰ ਗੰਧਲਾ ਕੀਤਾ ਜਾ ਰਿਹਾ ਹੈ। ਭ੍ਰਿਸ਼ਟਾਚਾਰ, ਰਿਸ਼ਵਤਖ਼ੋਰੀ ਅਤੇ ਮਨੁੱਖ ਤੋਂ ਮਨੁੱਖ ਵਿਚਲੀ ਵਿੱਥ ਵਧੀ ਹੈ। ਮਨੁੱਖ ਜ਼ਿੰਦਗੀ ਤੋਂ ਸੱਖਣਾ ਹੋਇਆ ਆਪਣੀ ਹੋਂਦ ਗੁਆ ਬੈਠਾ ਹੈ। ਜੀਵਨ ਦੇ ਇਸ ਕਮਜ਼ੋਰ ਅਤੇ ਨਿਰਬਲ ਵਜੂਦ ਨੂੰ ਤੱਕ ਕੇ ਇਹ ਕਾਵਿ ਆਧੁਨਿਕ ਮਨੁੱਖ, ਆਧੁਨਿਕ ਸਮਾਜ ਅਤੇ ਆਧੁਨਿਕ ਵਿਸ਼ਵ ਨੂੰ ਨਵਾਂ ਰੂਪ-ਆਕਾਰ ਦੇਣ ਦਾ ਆਹਵਾਨ ਦਿੰਦਾ ਹੈ ਤਾਂ ਜੋ ਇਹ ਵਿਸ਼ਵ ਅਤੇ ਸਮਾਜ ਮਨੁੱਖ ਦੇ ਅਨੁਕੂਲ ਹੋਵੇ।

ਚਰਨ ਸਿੰਘ ਦੁਆਰਾ ਪੇਸ਼ ਕੀਤੇ ਉਕਤ ਸਿੱਧਾਂਤ ਦਰਸਾਉਂਦੇ ਹਨ ਕਿ ਉਹ ਇਕ ਕ੍ਰਾਂਤੀਕਾਰੀ, ਪ੍ਰਗਤੀਸ਼ੀਲ ਅਤੇ ਯੁਗਾਨੁਕੂਲ ਕਵੀ ਹੈ। ਉਸ ਦੀ ਕਵਿਤਾ ਅਜੋਕੇ ਜੀਵਨ ਦੀ ਕੇਵਲ ਵਿਆਖਿਆ ਹੀ ਨਹੀਂ ਕਰਦੀ ਬਲਕਿ ਇਸ ਨੂੰ ਬਦਲਣ ਦਾ ਸੰਦੇਸ਼ ਵੀ ਦਿੰਦੀ ਹੈ। ਇਹ ਕਵਿਤਾ ਪ੍ਰਗਤੀ ਅਤੇ ਪਰਿਵਰਤਨ ਦੀ ਅਗਰਦੂਤ ਹੈ ਅਤੇ ਮਨੁੱਖਵਾਦੀ ਦ੍ਰਿਸ਼ਟੀਕੋਣ ਤੋਂ ਅਜੋਕੇ ਸਮਾਜ ਅਤੇ ਵਿਸ਼ਵ ਦਾ ਨਵ-ਨਿਰਮਾਣ ਕਰਨਾ ਲੋਚਦੀ ਹੈ।

# ਚਰਨ ਸਿੰਘ ਦਾ ਕਾਵਿ-ਸੰਸਾਰ : ਮਾਈਕਰੋ ਅਧਿਐਨ

ਚਰਨ ਸਿੰਘ ਦੀ ਕਾਵਿ-ਸੰਵੇਦਨਾ ਬਚਪਨ ਵਿਚ ਹੀ ਕਾਫ਼ੀ ਤਿੱਖੀ ਹੋ ਗਈ ਸੀ। ਉਹ ਇਕ ਸੰਵੇਦਨਸ਼ੀਲ, ਅੰਤਰਮੁਖੀ ਅਤੇ ਕੋਮਲ ਬਿਰਤੀਆਂ ਵਾਲਾ ਬਾਲਕ ਸੀ। ਪ੍ਰਕਿਰਤੀ ਦੇ ਬਣਦੇ-ਵਿਗਸਦੇ ਰੰਗਾਂ ਨੂੰ ਵੇਖਣਾ, ਮਾਣਨਾ ਅਤੇ ਚਿਤਰਨਾ ਉਸ ਦੇ ਬਾਲ-ਸ਼ੌਕ ਸਨ। ਹੌਲੀ-ਹੌਲੀ ਉਸ ਦਾ ਸ਼ਬਦ-ਸੰਸਾਰ ਨਾਲ ਵੀ ਰਿਸ਼ਤਾ ਪੀਡਾ ਹੋਣ ਲੱਗ ਪਿਆ। ਇਹਨਾਂ ਦਿਨਾਂ ਵਿਚ ਪੰਜਾਬ ਅੰਦਰ ਕਵੀ-ਦਰਬਾਰਾਂ ਦੀ ਪਰੰਪਰਾ ਕਾਫ਼ੀ ਸਮਰਿੱਧ ਸੀ। ਸਿੱਖ ਗੁਰੂ ਸਾਹਿਬਾਨ ਦੇ ਪੁਰਬਾਂ ਸਮੇਂ ਜਾਂ ਰਾਸ਼ਟਰੀ ਪੱਧਰ ਦੇ ਦਿਨਾਂ-ਤਿਉਹਾਰਾਂ ਸਮੇਂ ਸ਼ਹਿਰਾਂ ਵਿਚ ਰਹਿਣ ਵਾਲੇ ਉਤਸਾਹੀ ਨੌਜਵਾਨ ਕਵੀ-ਦਰਬਾਰਾਂ ਦੀ ਵਿਵਸਥਾ ਕਰ ਲੈਂਦੇ ਸਨ। ਚਰਨ ਸਿੰਘ ਕਿਸ਼ੋਰਾਵਸਥਾ ਵਿਚ ਹੀ ਇਹਨਾਂ ਕਵੀ-ਦਰਬਾਰਾਂ ਵਿਚ ਨਿਯਮਿਤ ਤੌਰ 'ਤੇ ਉਪਸਥਿਤ ਹੋਇਆ ਕਰਦਾ ਸੀ। ਅਸਲ ਵਿਚ ਇਹਨੀਂ ਦਿਨੀ ਉਹ ਆਪਣੀ ਇਕ ਨਵੇਕਲੀ ਸ਼ਨਾਖ਼ਤ ਦਾ ਨਿਰਮਾਣ ਕਰਨ ਲਈ ਯਤਨਸ਼ੀਲ ਸੀ। ਪੰਜਾਬੀ ਦੇ ਬਹੁਤ ਸਾਰੇ ਪ੍ਰਮੁੱਖ ਕਵੀਆਂ ਦਾ ਕਲਾਮ ਸੁਣਨ ਦੇ ਦੌਰਾਨ ਉਸ ਨੂੰ ਇਉਂ ਲੱਗਦਾ ਸੀ ਜਿਵੇਂ ਉਹ ਕਵੀ ਉਸ ਦੇ ਆਪਣੇ ਵਜੂਦ-ਵਿਅਕਤਿੱਤਵ ਨੂੰ ਹੀ ਜ਼ਬਾਨ ਦੇ ਰਹੇ ਹੋਣ। ਇਹਨਾਂ ਕਵੀ-ਦਰਬਾਰਾਂ ਨੂੰ ਸੁਣਨ ਤੋਂ ਬਾਅਦ ਉਹ ਕਈ-ਕਈ ਦਿਨ ਆਤਮ-ਵਿਭੋਰ ਅਤੇ ਸਰਸ਼ਾਰ ਜਿਹਾ ਹੋਇਆ ਰਹਿੰਦਾ ਸੀ। ਉਸ ਦੀ ਮਸਤੀ ਹੌਲੀ-ਹੌਲੀ ਅੱਖਰਾਂ ਦਾ ਰੂਪ ਧਾਰਨ ਕਰਨ ਲੱਗੀ ਅਤੇ ਉਸ ਨੂੰ ਪਤਾ ਹੀ ਨਾ ਚੱਲਿਆ ਕਿ ਕਿਹੜੇ ਸਮੇਂ ਉਸ ਨੂੰ ਅੱਖਰ ਜੋੜਨ ਅਤੇ ਇਹਨਾਂ ਦੁਆਰਾ ਆਪਣੀ ਕੈਫ਼ੀਅਤ ਨੂੰ ਰੂਪਮਾਨ ਕਰਨ ਦੀ ਕਲਾ ਆ ਗਈ ਹੈ। ਇਸ ਪ੍ਰਕਾਰ ਚਰਨ ਸਿੰਘ ਸਹਿਜੇ ਹੀ ਆਧੁਨਿਕ ਪੰਜਾਬੀ ਕਵੀਆਂ ਦੀ ਮਾਣਮੱਤੀ ਸ਼੍ਰੇਣੀ ਵਿਚ ਪ੍ਰਵੇਸ਼ ਕਰ ਗਿਆ।

ਆਜ਼ਾਦ ਭਾਰਤ ਪ੍ਰਤੀ ਸਾਡੇ ਲੋਕਾਂ ਦੀਆਂ ਅਪੇਖਿਆਵਾਂ ਪੂਰੀਆਂ ਨਹੀਂ ਸਨ ਹੋਈਆਂ। ਪੰਡਿਤ ਨਹਿਰੂ ਅਤੇ ਉਹਨਾਂ ਦੀ ਟੀਮ ਵਿਚ ਬਹੁਤ ਸਾਰੇ ਅਜਿਹੇ ਨੇਤਾ ਸ਼ਾਮਲ ਸਨ, ਜਿਨ੍ਹਾਂ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਅਨੇਕ ਕੁਰਬਾਨੀਆਂ ਕੀਤੀਆਂ ਸਨ। ਇਸ ਲਈ ਉਹਨਾਂ ਦੇ ਮਨਾਂ ਅੰਦਰ ਆਜ਼ਾਦ ਭਾਰਤ ਨੂੰ ਦੁਨੀਆਂ

ਦੀ ਇਕ ਸ਼ਿਰੋਮਣੀ ਸਟੇਟ ਬਣਾਉਣ ਦਾ ਜਜ਼ਬਾ ਬਰਕਰਾਰ ਸੀ ਪਰ ਅਜਿਹੇ ਨੇਤਾ ਹੌਲੀ-ਹੌਲੀ ਜੀਵਨ-ਮੰਚ ਤੋਂ ਲੋਪ ਹੁੰਦੇ ਜਾ ਰਹੇ ਸਨ। ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਕਰਨ ਵਾਲੇ ਬਹੁਤੇ ਦੇਸ਼-ਭਗਤ ਤਾਂ ਅੰਗਰੇਜ਼ਾਂ ਨੇ ਪਹਿਲਾਂ ਹੀ ਮਾਰ-ਮੁਕਾ ਦਿੱਤੇ ਸਨ, ਬਾਕੀ ਰਹਿੰਦਿਆਂ ਦੀ ਕੋਈ ਪੁੱਛ-ਪ੍ਰਤੀਤ ਨਹੀਂ ਸੀ। ਹੋਰ ਤਾਂ ਹੋਰ, ਆਮ ਲੋਕਾਂ ਦੇ ਵੀ ਉਹ ਚਿੱਤ-ਚੇਤੇ ਨਹੀਂ ਸਨ। ਆਮ ਲੋਕਾਂ ਨੂੰ ਤਾਂ ਆਪਣੇ ਕੰਮਾਂ ਨਾਲ ਗ਼ਰਜ਼ ਹੁੰਦੀ ਹੈ, ਇਸ ਲਈ ਉਹ ਕੇਵਲ ਅਜਿਹੇ ਨੇਤਾਵਾਂ ਦੇ ਹੀ ਅੱਗੇ-ਪਿੱਛੇ ਘੁੰਮਦੇ ਹਨ, ਜਿਨ੍ਹਾਂ ਪਾਸ ਕੋਈ ਕੁਰਸੀ ਹੋਵੇ ਅਤੇ ਇਸ ਕੁਰਸੀ 'ਤੇ ਬੈਠ ਕੇ ਉਹ ਲੋਕਾਂ ਦੇ ਜਾਇਜ਼-ਨਾਜਾਇਜ਼ ਕੰਮ ਕਰਵਾ ਸਕਣ। ਬਿਉਰੋਕ੍ਰੇਸੀ ਦਿਨ ਪ੍ਰਤੀਦਿਨ ਭ੍ਰਸ਼ਟ ਹੁੰਦੀ ਜਾ ਰਹੀ ਸੀ। ਇਸ ਨੇ ਰਾਜਸੀ ਨੇਤਾਵਾਂ ਦੇ ਮੂੰਹ ਨੂੰ ਵੀ ਭ੍ਰਸ਼ਟਾਚਾਰ ਦਾ ਖ਼ੂਨ ਲਗਾ ਦਿੱਤਾ ਸੀ। ਸਿੱਟੇ ਵਜੋਂ ਪੰਡਿਤ ਨਹਿਰੂ ਅਤੇ ਉਹਨਾਂ ਦੇ ਸਹਿਯੋਗੀ ਨੇਤਾਵਾਂ ਵੱਲੋਂ ਚਿਤਵਿਆ-ਕਲਪਿਆ ਭਾਰਤ ਦੇ ਵਿਕਾਸ ਦਾ ਮਾਡਲ ਗੁੰਮ ਗਿਆ ਸੀ। ਅਜਿਹੀ ਸਥਿਤੀ ਵਿਚ ਯੁਵਾ ਪੀੜ੍ਹੀ ਦੇ ਮਨਾਂ ਵਿਚ ਰੋਸ ਅਤੇ ਵਿਦਰੋਹ ਦੇ ਭਾਵ ਪੈਦਾ ਹੋ ਜਾਣੇ ਲਾਜ਼ਮੀ ਸਨ। ਚਰਨ ਸਿੰਘ ਅਜਿਹੇ ਮਾਹੌਲ ਵਿਚ ਪਲਿਆ ਅਤੇ ਪ੍ਰਵਾਨ ਚੜ੍ਹਿਆ, ਜਿਸ ਵਿਚ ਯੁਵਾ ਪੀੜ੍ਹੀ ਆਪਣੇ ਦੇਸ਼ ਦੇ ਰਾਜਸੀ ਅਤੇ ਆਰਥਿਕ ਪ੍ਰਬੰਧ ਤੋਂ ਉਪਰਾਮ ਅਤੇ ਰੁਸ਼ਟ ਹੁੰਦੀ ਜਾ ਰਹੀ ਸੀ। ਚਰਨ ਸਿੰਘ ਦੀਆਂ ਮੁੱਢਲੀਆਂ ਕਵਿਤਾਵਾਂ ਵਿਚ ਇਹ ਰੋਸ ਅਤੇ ਪ੍ਰਤੀਰੋਧ ਸਪੱਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਦੇਸ਼ ਦੇ ਆਜ਼ਾਦ ਹੋਣ ਤੋਂ ਦਸ-ਪੰਦਰਾਂ ਵਰ੍ਹਿਆਂ ਦੇ ਅੰਦਰ-ਅੰਦਰ ਹੀ ਆਮ ਲੋਕਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਭਾਰਤ ਦਾ ਰਾਜਨੈਤਿਕ-ਆਰਥਿਕ ਪ੍ਰਬੰਧ ਡਾਵਾਂਡੋਲ ਹੈ। ਰਾਜਸੀ ਨੇਤਾਵਾਂ ਅਤੇ ਅਫ਼ਸਰਸ਼ਾਹੀ ਨੂੰ ਅਵਾਮ ਦੀ ਭਲਾਈ ਬਾਰੇ ਕੋਈ ਚਿੰਤਾ ਨਹੀਂ ਸੀ ਬਲਕਿ ਹਰ ਕੋਈ ਆਪਣੀਆਂ-ਆਪਣੀਆਂ ਜੇਬਾਂ ਭਰਨ ਵਿਚ ਵਿਅਸਤ ਸੀ। ਪੰਡਿਤ ਨਹਿਰੂ ਅਤੇ ਲਾਲ ਬਹਾਦਰ ਸ਼ਾਸਤਰੀ ਵਰਗੇ ਸਮਰਪਿਤ ਨੇਤਾਵਾਂ ਦੇ ਗੁਜ਼ਰ ਜਾਣ ਤੋਂ ਬਾਅਦ ਦੀ ਰਾਜਸੀ ਵਿਵਸਥਾ ਹੋਰ ਵੀ ਗੜਬੜਾ ਗਈ। ਪੰਜਾਬ ਵਿਚੋਂ ਵੀ ਪਰਤਾਪ ਸਿੰਘ ਕੈਰੋਂ ਵਰਗਾ ਕਰਮਸ਼ੀਲ ਨੇਤਾ ਰੁਖ਼ਸਤ ਹੋ ਗਿਆ ਸੀ। ਉਸ ਤੋਂ ਬਾਅਦ ਆਉਣ ਵਾਲੇ ਨੇਤਾਵਾਂ ਪਾਸ ਨਾ ਤਾਂ ਕੋਈ ਰਾਜਸੀ ਸੂਝ (vision) ਸੀ ਅਤੇ ਨਾ ਆਪਣੇ ਪ੍ਰਦੇਸ਼ ਨੂੰ ਅੱਗੇ ਲੈ ਜਾਣ ਦੀ ਇੱਛਾ-ਸ਼ਕਤੀ। ਲੈ-ਦੇ ਕੇ ਖੇਤਰੀ ਨੇਤਾ ਬੱਸ ਇਹੀ ਚਾਹੁੰਦੇ ਸਨ ਕਿ ਕੇਂਦਰ ਉਪਰ ਜ਼ੋਰ ਪਾ ਕੇ ਇਕ ਇਹੋ ਜਿਹਾ ਪ੍ਰਦੇਸ਼ ਹਾਸਲ ਕਰ ਲਿਆ ਜਾਵੇ, ਜਿਥੇ ਸਿੱਖ ਬਹੁ-ਗਿਣਤੀ ਵਿਚ ਹੋਣ ਅਤੇ ਉਹ ਉਹਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਗੁਮਰਾਹ ਕਰ ਕੇ ਉਹ ਮੰਤਰੀ,

ਮੁੱਖ-ਮੰਤਰੀ ਦੇ ਪਦ ਗ੍ਰਹਿਣ ਕਰ ਸਕਣ। ਇਵੇਂ ਹੋਇਆ, 1 ਨਵੰਬਰ 1966 ਈ. ਨੂੰ ਇਕ ਨਵਾਂ ਪੰਜਾਬ ਬਣ ਗਿਆ। ਇਸ ਨਵੇਂ ਪੰਜਾਬ ਵਿਚ ਖੇਤਰੀ ਪੱਧਰ ਦੇ ਨੇਤਾ ਅੱਗੇ ਆ ਗਏ ਅਤੇ ਪੰਜਾਬ ਦੇ ਵਿਨਾਸ਼ ਦਾ ਇਕ ਅਜਿਹਾ ਕਾਲਾ ਦੌਰ ਸ਼ੁਰੂ ਹੋ ਗਿਆ ਜਿਹੜਾ ਅਜੇ ਤਕ ਨਿਰੰਤਰ ਜਾਰੀ ਹੈ।

ਇਹਨਾਂ ਦਿਨਾਂ ਵਿਚ ਚਰਨ ਸਿੰਘ ਆਪਣੀ ਕਿਸ਼ੋਰਾਵਸਥਾ ਦੇ ਆਖ਼ਰੀ ਵਰ੍ਹੇ ਵਿਚੋਂ ਗੁਜ਼ਰ ਰਿਹਾ ਸੀ। 1 ਨਵੰਬਰ 1966 ਨੂੰ ਉਹ ਪੂਰੇ 19 ਵਰ੍ਹਿਆਂ ਦਾ ਸੀ ਅਤੇ ਹੋਰ ਇਕ ਸਾਲ ਨੂੰ ਉਸ ਨੇ ਭਰ ਜਵਾਨ ਹੋ ਜਾਣਾ ਸੀ। ਉਹ ਪੰਜਾਬ ਯੂਨੀਵਰਸਿਟੀ ਦੇ ਈਵਨਿੰਗ ਕਾਲਜ ਵਿਚ ਪੜ੍ਹ ਰਿਹਾ ਸੀ ਜਿਥੇ ਪ੍ਰੋ. ਜਗਜੀਤ ਸਿੰਘ ਛਾਬੜਾ ਵਰਗੇ ਬੁੱਧੀਮਾਨ ਅਤੇ ਸਾਹਿਤਕਾਰ ਪ੍ਰੋਫ਼ੈਸਰ ਉਸ ਦੇ ਸਰਪ੍ਰਸਤ ਸਨ। ਚਰਨ ਸਿੰਘ ਦੇ ਮਿੱਤਰਾਂ ਦੀ ਸਾਰੀ ਟੋਲੀ ਆਪਣੇ ਦੇਸ਼ ਅਤੇ ਸਮਾਜ ਵਾਸਤੇ ਕੁਝ ਕਰਨਾ ਲੋਚਦੀ ਸੀ ਪਰ ਕੀ ਕੀਤਾ ਜਾਵੇ, ਕਿਥੋਂ ਸ਼ੁਰੂ ਕੀਤਾ ਜਾਵੇ ? ਇਹ ਪਤਾ ਨਹੀਂ ਸੀ ਲੱਗ ਰਿਹਾ। ਉਹਨਾਂ ਨੂੰ ਲੱਗ ਰਿਹਾ ਸੀ ਕਿ ਜੇ ਸਮਾਜ ਅਤੇ ਸਭਿਆਚਾਰ ਦੀ ਕੋਈ ਇਕ-ਅੱਧ ਤੰਦ ਉਲਝ ਗਈ ਹੋਵੇ ਤਾਂ ਉਸ ਨੂੰ ਸੁਲਝਾਇਆ ਜਾ ਸਕਦਾ ਹੈ ਪਰ ਇਥੇ ਤਾਂ ਪੂਰੀ ਦੀ ਪੂਰੀ ਤਾਣੀ ਹੀ ਉਲਝ ਗਈ ਸੀ। ਇਸ ਨੂੰ ਕਿਵੇਂ ਸੁਲਝਾਇਆ ਜਾਵੇ। ਸੋ ਪੰਜਾਬ ਦੀ ਇਹ ਯੁਵਾ ਪੀੜ੍ਹੀ ਡਰਾਪ-ਆਊਟ ਹੋਣ ਲੱਗੀ ਸੀ, ਆਵਾਰਗੀ ਦਾ ਦੌਰ ਸ਼ੁਰੂ ਹੋ ਗਿਆ। ਰਾਜ ਕਪੂਰ ਵਰਗੇ ਸੰਵੇਦਨਸ਼ੀਲ ਫ਼ਿਲਮ ਨਿਰਮਾਤਾਂਵਾਂ ਨੇ ਅਜਿਹੇ ਦਿਨਾਂ ਵਿਚ ਬੇਕਾਰ ਅਤੇ ਅਸੰਤੁਸ਼ਟ ਨੌਜਵਾਨਾਂ ਦੀ ਤ੍ਰਾਸਦਿਕ ਹੋਣੀ ਨੂੰ ਲੈ ਕੇ ਹੀ 'ਆਵਾਰਾ' ਫ਼ਿਲਮ ਦਾ ਨਿਰਮਾਣ ਕੀਤਾ ਸੀ, ਜਿਸ ਦਾ ਇਕ ਗੀਤ ਹਰ ਨੌਜਵਾਨ ਦੇ ਹੋਠਾਂ ਉਪਰ ਚੜ੍ਹ ਗਿਆ ਸੀ 'ਆਵਾਰਾ ਹੂੰ। ਗਰਦਿਸ਼ ਮੇਂ ਹੂੰ ਆਸਮਾਨ ਕਾ ਤਾਰਾ ਹੂੰ'। ਇਸ ਪ੍ਰਕਾਰ ਅਸਮਾਨਾਂ ਦੇ ਇਹ ਸਿਤਾਰੇ ਜ਼ਮੀਨ ਦੀ ਰੇਤ ਫੱਕਣ ਲਈ ਮਜਬੂਰ ਕਰ ਦਿੱਤੇ ਗਏ ਸਨ।

ਚਰਨ ਸਿੰਘ ਵਰਗੇ ਨੌਜਵਾਨਾਂ ਨੇ ਐਮ.ਏ. ਅਤੇ ਹੋਰ ਉੱਚ-ਡਿਗਰੀਆਂ ਪ੍ਰਾਪਤ ਕਰ ਲਈਆਂ ਤਾਂ ਅਸੰਤੋਸ਼ ਹੋਰ ਵੀ ਵਧ ਗਿਆ। ਪੈਸੇ ਜਾਂ ਸਿਫ਼ਾਰਿਸ਼ ਤੋਂ ਬਿਨਾਂ ਨੌਕਰੀ ਦੇਣ ਵਾਲੇ ਬੋਰਡ, ਆਪਣੇ ਦਫ਼ਤਰਾਂ ਦੀ ਦਹਿਲੀਜ਼ ਅੰਦਰ ਪੈਰ ਵੀ ਨਹੀਂ ਸਨ ਧਰਨ ਦਿੰਦੇ। ਇਸ ਸੂਰਤੇ-ਹਾਲ ਵਿਚ ਯੁਵਾ ਪੀੜ੍ਹੀ ਲਈ ਜੀਵਨ ਦੀਆਂ ਸਭ ਰੰਗੀਨੀਆਂ ਫਿੱਕੀਆਂ ਅਤੇ ਬਦਰੰਗ ਹੁੰਦੀਆਂ ਜਾ ਰਹੀਆਂ ਸਨ। ਇਹਨਾਂ ਦਿਨਾਂ ਬਾਰੇ ਆਪਣੀ ਕੈਫ਼ੀਅਤ ਨੂੰ ਬਿਆਨ ਕਰਦਾ ਹੋਇਆ ਚਰਨ ਸਿੰਘ ਲਿਖਦਾ ਹੈ :

> ਸਾਰੇ ਦਿਨ ਦੀ ਸਾਹਿਤਿਕ ਬਹਿਸ ਪਿੱਛੋਂ ਸ਼ਾਮ ਨੂੰ ਇਕ-ਦੂਜੇ ਤੋਂ ਇਕੱਠੇ ਕੀਤੇ ਪੈਸਿਆਂ ਨਾਲ ਦਾਰੂ ਦਾ ਦੌਰ ਚੱਲਦਾ। ਇਸ ਸਮੇਂ ਵੀ ਬਹਿਸ

> ਦਾ ਵਿਸ਼ਾ ਸਾਹਿਤ ਹੀ ਰਹਿੰਦਾ, ਚਾਹੇ ਰੰਗਤ ਦਾਰੂ ਦੀ ਹੁੰਦੀ। ਇਹ ਰੰਗੀਨ ਵਿਦਿਅਕ ਸਮਾਂ ਅਜੇ ਵੀ ਮੇਰੇ ਜ਼ੇਹਨ ਵਿਚ ਚੰਨ ਸੂਰਜ ਵਾਂਗ ਬਿਰਾਜਮਾਨ ਹੈ ਜਿਸ ਦੀ ਦੇਣ ਮੈਂ ਅੱਜ ਤਕ ਨਹੀਂ ਭੁੱਲ ਸਕਿਆ। ਇਹ ਤੰਗੀ-ਤੁਰਸ਼ੀ ਦੇ ਦਿਨ ਹੀ ਮੇਰੀ ਕਾਵਿ-ਸਿਰਜਣਾ ਦੇ ਮੂਲ ਆਧਾਰ ਹਨ। ਸੰਘਰਸ਼ ਸੀ, ਮਿਹਨਤ ਸੀ, ਜੀਵਨ ਵਿਚ 'ਐਕਟਿਵਿਟੀ' ਸੀ। ਸ਼ਾਮ ਰੰਗੀਨ ਤੇ ਸਾਹਿਤਕ ਕਰਨ ਦੀ ਲਾਲਸਾ ਸੀ। (ਕੁਝ ਆਪਣੇ ਬਾਰੇ)

ਆਵਾਰਗੀ ਦੇ ਇਸ ਦੌਰ ਵਿਚ ਭਟਕਦਿਆਂ ਹੋਇਆਂ ਚਰਨ ਸਿੰਘ ਨੇ ਆਪਣੀ ਪਹਿਲੀ ਕਾਵਿ-ਰਚਨਾ 'ਤੀਸਰੀ ਅੱਖ' ਦਾ ਖਰੜਾ ਤਿਆਰ ਕਰ ਲਿਆ ਸੀ। ਇਹ ਕਵਿਤਾਵਾਂ ਉਸ ਦੀ ਮਿੱਤਰ-ਮੰਡਲੀ ਦੇ ਸਾਰੇ ਸੂਝਵਾਨ ਨੌਜਵਾਨਾਂ—ਤਰਲੋਕ ਕਾਲੜਾ, ਅਮਿਤੋਜ, ਜਨਕਰਾਜ ਸਿੰਘ, ਕੰਵਰ ਸੁਖਦੇਵ, ਨਰਜੀਤ ਖਹਿਰਾ, ਚਿਰੰਜੀਵ, ਸਤਿਨਾਮ ਚਾਨਾ ਅਤੇ ਸੁਖਵੰਤ ਢੱਡਾ ਆਦਿ ਨੂੰ ਬੇਹੱਦ ਪਸੰਦ ਆਈਆਂ ਪਰ ਕਾਫ਼ੀ ਸਮਾਂ ਇਸ ਪੁਸਤਕ ਦਾ ਖਰੜਾ ਅਪ੍ਰਕਾਸ਼ਿਤ ਹੀ ਰਿਹਾ ਅਤੇ ਇਸੇ ਦੌਰਾਨ 1980 ਈ. ਵਿਚ ਚਰਨ ਸਿੰਘ ਚੰਗੇ ਰੋਜ਼ਗਾਰ ਦੀ ਤਲਾਸ਼ ਵਿਚ ਕੈਨੇਡਾ ਆ ਗਿਆ। ਉਸ ਦੇ ਕੈਨੇਡਾ ਵਿਚ ਸੈਟਲ ਹੋ ਜਾਣ ਤੋਂ ਦੋ ਕੁ ਵਰ੍ਹੇ ਪਿੱਛੋਂ ਹੀ ਇਹ ਪੁਸਤਕ ਪ੍ਰਕਾਸ਼ਿਤ ਹੋ ਸਕੀ। ਕੈਨੇਡਾ ਵਿਚ ਆ ਕੇ ਵੀ ਉਸ ਨੇ ਕਾਵਿ ਪ੍ਰਤੀ ਆਪਣੀ ਵਚਨਬੱਧਤਾ ਨੂੰ ਵਿਸਾਰਿਆ ਨਹੀਂ ਬਲਕਿ ਪੂਰੀ ਸ਼ਿੱਦਤ ਨਾਲ ਕਾਵਿ-ਕਰਮ ਪ੍ਰਤੀ ਸਮਰਪਿਤ ਰਿਹਾ। ਉਸ ਦੀ ਕਾਵਿ-ਯਾਤਰਾ ਨਾਲ ਸੰਬੰਧਿਤ ਮੀਲ-ਪੱਥਰਾਂ ਦੀ ਇਬਾਰਤ ਬੜੀ ਰੋਚਕ ਅਤੇ ਮਹੱਤਵਪੂਰਨ ਹੈ। ਪਾਠਕਾਂ ਨੂੰ ਇਹ ਯਾਤਰਾ ਬਹੁਤ ਵਿਸਮੈਜਨਕ ਪ੍ਰਤੀਤ ਹੋਵੇਗੀ।

# 1. ਤੀਸਰੀ ਅੱਖ (1982)

'ਤੀਸਰੀ ਅੱਖ' ਦੀਆਂ ਸਾਰੀਆਂ ਕਵਿਤਾਵਾਂ ਇਧਰ ਭਾਰਤ ਵਿਚ ਹੀ ਲਿਖੀਆਂ ਗਈਆਂ ਹਨ। ਕਵੀ ਦੁਆਰਾ 'ਤੀਸਰੀ ਅੱਖ' ਦੇ ਪ੍ਰਤੀਕ ਦੁਆਰਾ ਆਪਣੀਆਂ ਕਵਿਤਾਵਾਂ ਨੂੰ ਪ੍ਰਸਤੁਤ ਕਰਨਾ ਇਹ ਦਰਸਾਉਂਦਾ ਹੈ ਕਿ ਉਸ ਦੀ ਚੇਤਨਤਾ ਪੂਰੀ ਤਰ੍ਹਾਂ ਨਾਲ ਪ੍ਰਬਲ ਅਤੇ ਸਕਸ਼ਮ ਹੋ ਗਈ ਸੀ। ਉਹ ਆਪਣੀ ਹੋਂਦ ਅਤੇ ਹੋਣੀ ਬਾਰੇ ਸ੍ਵੈ-ਚੋਣ ਕਰ ਸਕਦਾ ਸੀ, ਆਪਣੀ ਸ਼ਖ਼ਸੀਅਤ ਦੇ ਵਿਕਾਸ, ਨਿਖਾਰ ਲਈ ਸੁਤੰਤਰ ਫ਼ੈਸਲੇ ਲੈ ਸਕਦਾ ਸੀ। ਵਰਨਾ ਭਾਰਤ ਵਰਗੇ ਰਵਾਇਤ-ਪ੍ਰਸਤ ਦੇਸ਼ਾਂ ਦੇ ਬਹੁਤੇ ਲੋਕ ਪ੍ਰਕਿਰਤੀ ਦੁਆਰਾ ਦਿੱਤੀਆਂ ਹੋਈਆਂ ਦੋ ਅੱਖਾਂ ਨਾਲ ਹੀ ਜਿਉਂਦੇ ਰਹਿੰਦੇ ਹਨ। ਯਾਦ ਰਹੇ ਕਿ ਤੀਸਰੀ ਅੱਖ ਪ੍ਰਕਿਰਤੀ ਜਾਂ ਪਰਮਾਤਮਾ ਵੱਲੋਂ ਦਾਤ ਵਿਚ ਨਹੀਂ ਮਿਲਦੀ। ਆਪਣੇ ਪੁਰਸ਼ਾਰਥ, ਵਿਵੇਕ ਅਤੇ ਸਾਹਸ ਨਾਲ ਇਹ ਆਪ ਉਗਾਉਣੀ ਪੈਂਦੀ ਹੈ। ਭਾਵੇਂ ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਹਰ ਵਿਅਕਤੀ ਦੇ ਮਸਤਕ ਹੇਠ ਇਹ ਤੀਸਰੀ ਅੱਖ ਛਿਪੀ ਤਾਂ ਰਹਿੰਦੀ ਹੈ ਪਰ ਹਰ ਸ਼ਖ਼ਸ ਇਸ ਨੂੰ ਪ੍ਰਗਟ ਨਹੀਂ ਕਰ ਸਕਦਾ। ਤੀਸਰੀ ਅੱਖ ਦਾ ਪ੍ਰਗਟ ਹੋਣਾ ਆਮ ਆਦਮੀ ਲਈ ਖ਼ਤਰਨਾਕ ਵੀ ਹੈ ਕਿਉਂਕਿ ਇਹ ਅੱਖ ਬਹੁਤ ਸਾਰੀਆਂ ਮਿਥਿਆ ਰਵਾਇਤਾਂ, ਰਸਮੀ ਰਿਸ਼ਤਿਆਂ ਅਤੇ ਜਰਜਰਿਤ ਹੋ ਰਹੀਆਂ ਪਰੰਪਰਾਵਾਂ ਨੂੰ ਭਸਮ ਕਰ ਦਿੰਦੀ ਹੈ। ਇਹ ਅੱਖ ਮੋਹ-ਭੰਗ ਵਿਚੋਂ ਉਤਪੰਨ ਹੁੰਦੀ ਹੈ। ਚਰਨ ਸਿੰਘ ਦੀ ਇਕ ਕਵਿਤਾ ਵਿਚ ਇਸ 'ਤੀਸਰੀ ਅੱਖ' ਦਾ ਰੁਦਰ ਰੂਪ ਦੇਖਿਆ ਜਾ ਸਕਦਾ ਹੈ:

ਗੁੱਗਾ-ਪੂਜਨ ਆਉਣ ਵਾਲਾ ਹੈ
ਤੂੰ ਮੇਰੇ ਪਿੰਡ ਆਵੇਂਗਾ ਨਾ ?
ਫਿਰ ਵੇਖੀਂ ਤੂੰ ਆਟੇ ਦੇ ਸੱਪ
ਕਾਲੇ ਨਾਗਾਂ ਤੋਂ ਵੱਧ ਕਿੰਨੇ ਜ਼ਹਿਰੀਲੇ ਨੇ
ਆਟੇ ਦੇ ਸੱਪ!

ਸ਼ਹਿਰ ਤੇਰੇ ਵਿਚ ਜੰਗਲੀ ਰਾਜ ਹੈ
ਹੈ ਤਾਂ ਇਥੇ ਵੀ ਜੰਗਲੀ ਹੀ
ਪਰ ਸ਼ਿਕਾਰ ਕਰਨ ਦੇ ਢੰਗ ਵੱਖਰੇ ਨੇ

ਉਥੇ ਸ਼ੇਰ ਧੋਤੀ ਦਾ ਲੜ ਟੁੰਗਦੇ-ਟੁੰਗਦੇ
ਕਈ ਸੌ ਮੋਰਨੀਆਂ ਦੇ ਆਂਡੇ ਤਕ ਪੀ ਜਾਂਦੇ ਨੇ
ਪਰ ਇਥੇ ਤਾਂ ਹੱਦ ਹੋ ਗਈ ਏ
ਬੰਦਾ ਜੰਮਣ ਤੋਂ ਪਹਿਲਾਂ ਹੀ ਕਰਜ਼ਾਈ ਏ।

ਇਕ ਗੱਲ ਲਿਖਣੀ
ਤੈਨੂੰ ਪਿੱਛੇ ਭੁੱਲ ਗਿਆ ਹਾਂ
ਤੂੰ ਤੇ ਚੰਗੀ ਤਰ੍ਹਾਂ ਜਾਣਦੈਂ
ਮੇਰਾ ਬਾਪੂ, ਜਿਸ ਪਟਵਾਰਨ ਕੀਤੀ ਹੋਈ ਏ
ਮੈਨੂੰ ਮੱਤੀਂ ਦਿੰਦਾ ਕਹਿੰਦੈ:
'ਪੁੱਤਰ, ਵੇਲੇ-ਕੁਵੇਲੇ
ਆਪਣਿਆਂ ਖੇਤਾਂ ਵਿਚ ਵੀ, ਨੰਗੇ ਪੈਰੀਂ ਨਹੀਂ ਜਾਈਦਾ।'

(ਮੇਰੇ ਪਿੰਡ ਦੀ ਸ਼ਾਮ)

ਉਕਤ ਕਵਿਤਾ ਵਿਚ ਕਵੀ ਨੇ ਪ੍ਰਤੀਕਾਤਮਕ ਅਭਿਵਿਅੰਜਨ ਦੇ ਮਾਧਿਅਮ ਦੁਆਰਾ ਪਿੰਡਾਂ ਅਤੇ ਸ਼ਹਿਰਾਂ ਵਿਚ ਉੱਗ ਆਏ ਜੰਗਲ-ਰਾਜ ਦਾ ਇਕ ਖ਼ੌਫ਼ਨਾਕ ਪਰੰਤੂ ਪ੍ਰਮਾਣਿਕ ਚਿੱਤਰ ਪੇਸ਼ ਕੀਤਾ ਹੈ। ਉਸ ਨੇ ਰਾਜ-ਨੇਤਾਵਾਂ ਨੂੰ ਸੱਪਾਂ ਦੇ ਪ੍ਰਤੀਕ ਦੁਆਰਾ ਪੇਸ਼ ਕੀਤਾ ਹੈ, ਜੋ ਹਜ਼ਾਰ ਮੋਰਨੀਆਂ ਦੇ ਆਂਡੇ ਪੀ ਜਾਂਦੇ ਹਨ ਅਤੇ ਸੌਂਦਰਯ ਅਥਵਾ ਕਲਾ ਦੇ ਪ੍ਰਤੀਕ ਮੋਰਾਂ ਦੀ ਨਸਲ ਨੂੰ ਖ਼ਤਮ ਕਰਨ ਉਪਰ ਤੁਲੇ ਹੋਏ ਹਨ। 'ਧੋਤੀ ਦਾ ਲੜ ਟੁੰਗਦੇ' ਨੇਤਾਵਾਂ ਦੇ ਕਿਰਦਾਰ ਉਪਰ ਕੀਤਾ ਕਵੀ ਦਾ ਭਰਪੂਰ ਵਿਅੰਗ ਪਾਠਕਾਂ ਦੀ ਚੇਤਨਾ ਵਿਚ ਬਹੁਤ ਡੂੰਘਾ ਉਤਰ ਜਾਣ ਦੇ ਸਮਰੱਥ ਹੈ। ਕਵੀ ਦੇ ਮਨ ਵਿਚ ਪਰਿਵਾਰਕ ਰਿਸ਼ਤਿਆਂ ਦੀ ਕਥਿਤ ਸੁੱਚਮਤਾ ਦੀ ਵੀ ਕੋਈ ਲਿਹਾਜ਼ ਨਹੀਂ ਹੈ ਕਿਉਂਕਿ ਪਦਾਰਥਵਾਦ ਦੀ ਅੰਨ੍ਹੀ-ਬੋਲੀ ਅਨ੍ਹੇਰੀ ਨੇ ਸਭ ਰਿਸ਼ਤਿਆਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਕਵੀ ਆਪਣੇ ਸ਼ਹਿਰੀ ਮਿੱਤਰ ਨੂੰ ਆਪਣੇ ਬਾਪ ਦੀ ਪਹਿਚਾਣ ਇਉਂ ਕਰਵਾਉਂਦਾ ਹੈ: ਮੇਰਾ ਬਾਪੂ ਜਿਸ ਪਟਵਾਰਨ ਕੀਤੀ ਹੋਈ ਹੈ'। ਇਸ ਪ੍ਰਕਾਰ ਕਵੀ ਆਪਣੇ ਸਮਾਜ ਤੇ ਸਭਿਆਚਾਰ ਵਿਚ ਪੂੰਜੀਵਾਦ ਦੇ ਦਬਾਵਾਂ ਨਾਲ ਫੈਲ ਰਹੇ ਦੁਰਾਚਾਰ ਅਤੇ ਢੀਠਤਾ ਦੇ ਬੜੇ ਵਿਸ਼ਵਾਸਯੋਗ ਵੇਰਵੇ ਜੁਟਾਉਂਦਾ ਹੈ। ਉਹ ਗੁੱਗਾ-ਪੂਜਨ ਸਮੇਂ ਵੱਟੀਆਂ ਸੇਵੀਆਂ ਨੂੰ 'ਆਟੇ ਦੇ ਸੱਪ' ਕਹਿ ਕੇ ਆਪਣੇ ਮੋਹ-ਭੰਗ ਹੋਣ ਦੀ ਸਥਿਤੀ ਦਾ ਬੜਾ ਕਾਵਿਕ ਅਭਿਵਿਅੰਜਨ ਕਰਦਾ ਹੈ।

ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਵਿਚ ਕਵੀ ਬੇਗਾਨਗੀ ਅਤੇ ਅਲਗਾਵ (alienation) ਦੇ ਅਹਿਸਾਸ ਨੂੰ ਵੀ ਅਭਿਵਿਅਕਤ ਕਰਦਾ ਹੈ। ਅਸਲ ਵਿਚ ਕੋਈ ਵੀ ਸ਼ਖ਼ਸ ਜਦੋਂ ਬਚਪਨ ਦੇ ਪੜਾਅ ਨੂੰ ਪਾਰ ਕਰ ਕੇ ਕਿਸ਼ੋਰ

ਅਵਸਥਾ ਵਿਚ ਪਹੁੰਚਦਾ ਹੈ ਤਾਂ ਉਸ ਨੂੰ ਬੇਗਾਨਗੀ ਦਾ ਇਕ ਡਰਾਉਣਾ ਅਹਿਸਾਸ ਭੈ-ਭੀਤ ਕਰਨ ਲੱਗਦਾ ਹੈ। ਬਚਪਨ ਵਿਚ ਹਰ ਸ਼ਖ਼ਸ ਆਪਣੀ ਮਾਤਾ ਅਤੇ ਘਰ ਪਰਿਵਾਰ ਤਕ ਹੀ ਸੀਮਿਤ ਹੁੰਦਾ ਹੈ। ਇਥੇ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਮਹਿਫ਼ੂਜ਼ ਸਮਝਦਾ ਹੈ ਪਰ ਕਿਸ਼ੋਰਾਵਸਥਾ ਵਿਚ ਪਹੁੰਚ ਕੇ ਅਚਾਨਕ ਹੀ ਉਸ ਨੂੰ ਇਹ ਬੋਧ ਹੋ ਜਾਂਦਾ ਹੈ ਕਿ ਉਹ ਨਿਰਾਪੁਰਾ ਆਪਣੀ ਮਾਤਾ ਦਾ ਅੰਗ ਹੀ ਨਹੀਂ ਹੈ ਬਲਕਿ ਉਸ ਦੀ ਇਕ ਅੱਡਰੀ/ਨਵੇਕਲੀ ਹਸਤੀ ਹੈ। ਇਹ ਨਵੇਕਲਾਪਣ ਹੀ ਬੇਗਾਨਗੀ ਦਾ ਰੂਪ ਧਾਰਨ ਕਰ ਜਾਂਦਾ ਹੈ। ਵੈਲਫ਼ੇਅਰ ਸਟੇਟਾਂ ਵਿਚ ਸਰਕਾਰਾਂ ਆਪਣੇ ਸ਼ਹਿਰੀਆਂ ਵਿਚ ਬੇਗਾਨਗੀ ਦੀ ਇਸ ਪ੍ਰਾਕਿਰਤਕ ਭਾਵਨਾ ਨੂੰ ਕਿਸੇ ਗ੍ਰੰਥੀ ਦੀ ਸ਼ਕਲ ਅਖ਼ਤਿਆਰ ਨਹੀਂ ਕਰਨ ਦਿੰਦੀਆਂ ਕਿਉਂਕਿ ਅਠਾਰ੍ਹਾਂ-ਉੱਨੀ ਵਰ੍ਹੇ ਦੇ ਹਰ ਨੌਜਵਾਨ ਨੂੰ ਰੋਜ਼ਗਾਰ ਉਪਲਬਧ ਹੋ ਜਾਂਦਾ ਹੈ। ਉਹ ਆਪ ਕਮਾਉਣ ਲੱਗਦਾ ਹੈ। ਇਸ ਪ੍ਰਕਾਰ ਉਹ ਆਪਣੇ ਸਮਾਜ ਅਤੇ ਸਟੇਟ ਨਾਲ ਪੂਰੀ ਤਰ੍ਹਾਂ ਜੁੜ ਜਾਂਦਾ ਹੈ, ਪਰ ਭਾਰਤ ਵਰਗੇ ਦੇਸ਼ ਵਿਚ ਕਿਸੇ ਵੀ ਗੱਭਰੂ ਨੂੰ ਸਟੇਟ ਵੱਲੋਂ ਅਜਿਹੀ ਸੁਰੱਖਿਆ ਉਪਲਬਧ ਨਹੀਂ ਹੈ। ਉਸ ਨੂੰ ਕਿਸੇ ਪਾਸਿਉਂ ਕੋਈ ਸਵੀਕ੍ਰਿਤੀ ਜਾਂ ਨੌਕਰੀ ਵਗੈਰਾ ਪ੍ਰਾਪਤ ਨਹੀਂ ਹੁੰਦੀ। ਜਿਹੜੇ ਨੌਜਵਾਨਾਂ ਦੇ ਮਾਪੇ ਸਮਰੱਥ ਹੁੰਦੇ ਹਨ, ਉਹ ਉਪਰ ਬੈਠੇ ਅਧਿਕਾਰੀਆਂ ਨੂੰ ਕੁਝ ਦੇ-ਦਿਵਾ ਕੇ ਉਹਨਾਂ ਲਈ ਨੌਕਰੀਆਂ ਦਾ ਜੁਗਾੜ ਕਰ ਦਿੰਦੇ ਹਨ, ਬਾਕੀ ਵਿਚਾਰੇ ਇਧਰ-ਉਧਰ ਭਟਕਦੇ ਰਹਿੰਦੇ ਹਨ। ਚਰਨ ਸਿੰਘ ਅਜਿਹੇ ਨੌਜਵਾਨਾਂ ਦੀ ਭਟਕਣ/ਬੇਬਸੀ ਨੂੰ ਆਵਾਜ਼ ਪ੍ਰਦਾਨ ਕਰਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਬੇਮਨਾ ਜਿਹਾ ਹੋ ਕੇ ਬੈਠਾ ਹਾਂ
ਕਦੀ ਇਸ ਚੁੱਲ੍ਹੇ 'ਚ ਅੱਗ ਬਲਦੀ ਸੀ
ਅੱਗ ਸਾਹਵੇਂ ਬੈਠੀ
ਅੱਗ ਦਾ ਜ਼ਿਕਰ ਕਰਨਾ
ਆਪਣੀ ਜੀਭ 'ਤੇ ਮਘਦੇ ਅੰਗਿਆਰ ਧਰਨਾ ਹੈ...

ਜਦ ਕੋਈ ਬੱਚਾ
ਸੜਕ 'ਤੇ ਕਲਯੁਗ ਬਣ ਕੇ ਉੱਗਦਾ ਹੈ
ਤਾਂ ਮੈਂ ਆਪਣੇ ਘਰ ਦਾ ਬੂਹਾ ਭੇੜ ਲੈਂਦਾ ਹਾਂ
ਹਨੇਰੇ 'ਚ ਆਪਣਾ ਆਪ ਟੋਂਹਦਾ ਹਾਂ
ਆਪਣੇ ਅੰਗ ਗਿਣਦਾ ਹਾਂ ਤੇ ਰੋਂਦਾ ਹਾਂ।
ਮੇਰਾ ਤੇ ਕੁਝ ਵੀ ਸਾਬਤ ਨਹੀਂ।...

ਮੈਂ ਕੁਝ ਚਿਰ ਜਿਊਣਾ ਚਾਹੁੰਦਾ ਹਾਂ

ਮੇਰੇ 'ਚੋਂ ਸੂਝ ਨਾਂ ਦੀ ਚੀਜ਼ ਕੱਢ ਲਵੋ
ਮੈਨੂੰ ਪੱਥਰ ਕਰ ਦੇਵੋ
ਮੇਰੇ ਲਫ਼ਜ਼ਾਂ ਦਾ ਮੁੱਲ ਪਾਵੋ
ਮੈਨੂੰ ਖ਼ਾਮੋਸ਼ ਕਰ ਦੇਵੋ। (ਝੋਰਾ)

ਬੇਘਰੇ ਅਤੇ ਬੇਗਾਨੇ ਹੋ ਜਾਣ ਦਾ ਇਹ ਝਰਾ ਕਵੀ ਦੇ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਬਾਰ-ਬਾਰ ਆਇਆ ਹੈ। ਅਸਲ ਵਿਚ ਜਿੰਨੀ ਦੇਰ ਤਕ ਦੇਸ਼ ਦੀ ਯੁਵਾ ਪੀੜ੍ਹੀ ਨੂੰ ਆਪਣੀ ਵਿਸ਼ੇਸ਼ ਪਹਿਚਾਣ ਨਹੀਂ ਮਿਲਦੀ, ਸਮਾਜ ਅਤੇ ਸਭਿਆਚਾਰ ਪਾਸੋਂ ਉਸ ਨੂੰ ਸਵੀਕ੍ਰਿਤੀ ਹਾਸਲ ਨਹੀਂ ਹੋ ਜਾਂਦੀ, ਉਸ ਦੇ ਮਨ ਵਿਚੋਂ ਬੇਗਾਨਗੀ ਦੇ ਅਹਿਸਾਸ ਨੂੰ ਬਾਹਰ ਨਹੀਂ ਕੱਢਿਆ ਜਾ ਸਕਦਾ। ਇਹ ਪਹਿਚਾਣ ਅਤੇ ਸਵੀਕ੍ਰਿਤੀ ਉਸ ਨੂੰ ਆਪਣੇ ਹੱਥੀਂ ਰੋਜ਼ਗਾਰ ਕਮਾ ਕੇ, ਆਪਣੇ ਪੈਰਾਂ ਉੱਤੇ ਖੜ੍ਹੋ ਕੇ ਹੀ ਪ੍ਰਾਪਤ ਹੋ ਸਕਦੀ ਹੈ। ਬੇਘਰੇ ਹੋਣ ਦੀ ਸਥਿਤੀ ਨੂੰ ਪ੍ਰਗਟ ਕਰਦੀ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ

ਕਈ ਵਾਰੀ ਸਰਦਲ 'ਤੇ ਖੜ੍ਹਾ
ਮੈਂ ਇਹ ਦੇਖਦਾ ਰਹਿੰਨਾਂ
ਕੋਈ ਤੱਕੇ ਤਾਂ ਪੁੱਛਾਂ
ਇਹ ਘਰ ਮੇਰਾ ਹੀ ਹੈ ?
ਕਈ ਵਾਰੀ
ਮੈਂ ਆਪਣੇ ਘਰ ਹੁੰਦਿਆਂ-ਸੁੰਦਿਆਂ
ਗੁਆਚ ਜਾਂਦਾ ਹਾਂ।...

ਕਾਸ਼ !
ਘਰ ਦਾ ਪਤਾ ਹੁੰਦਾ
ਘਰ ਹੀ ਚਲਾ ਜਾਂਦਾ
ਮੈਂ ਆਪਣੇ ਘਰ ਦਾ ਰਾਹ
ਆਪਣੇ ਘਰੋਂ ਹੀ ਪੁੱਛ ਲੈਂਦਾ। (ਭਰਮ)

'ਤੀਸਰੀ ਅੱਖ' ਦੀਆਂ ਕਵਿਤਾਵਾਂ ਦੇ ਵਿਸ਼ਲੇਸ਼ਣ ਤੋਂ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਕਵੀ ਚਰਨ ਸਿੰਘ ਨੇ ਆਪਣੀ ਕਾਵਿ-ਯਾਤਰਾ ਦੇ ਪਹਿਲੇ ਮੀਲ-ਪੱਥਰ ਤੋਂ ਹੀ ਭਾਵ-ਨਿਯੰਤ੍ਰਣ ਅਤੇ ਭਾਵ-ਅਭਿਵਿਅੰਜਨ ਵਿਚ ਪਰਿਪੱਕਤਾ ਹਾਸਲ ਕਰ ਲਈ ਸੀ। ਬਾਅਦ ਵਿਚ ਜਿਵੇਂ-ਜਿਵੇਂ ਉਸ ਦੇ ਅਨੁਭਵ ਨਾਲ ਨਵੇਂ ਧਰਾਤਲ ਜੁੜਦੇ ਗਏ ਅਤੇ ਉਸ ਦੇ ਸਨਮੁੱਖ ਨਵੇਂ ਸਰੋਕਾਰ ਆਉਂਦੇ ਗਏ, ਉਹ ਆਪਣੇ ਕਾਵਿ ਦੀ ਦਸ਼ਾ ਅਤੇ ਦਿਸ਼ਾ ਨਾਲ ਨਵੇ ਕੋਣ ਅਤੇ ਨਵੀਆ ਅੰਤਰ-ਦ੍ਰਿਸ਼ਟੀਆਂ ਸ਼ਾਮਲ ਕਰਦਾ ਰਿਹਾ।

## 2. ਮਿੱਟੀ 'ਚੋਂ ਉਕਰੇ ਅੱਖਰ (1984)

'ਮਿੱਟੀ 'ਚੋਂ ਉੱਕਰੇ ਅੱਖਰ' ਦੀਆਂ ਬਹੁਤੀਆਂ ਕਵਿਤਾਵਾਂ ਨਵੇਂ ਪਰਿਵੇਸ਼ ਦੀ ਉਪਜ ਹਨ। ਇਸ ਸਮੇਂ ਕਵੀ ਆਪਣੀ ਜਨਮ-ਭੂਮੀ ਪੰਜਾਬ ਤੋਂ ਪਰਵਾਸ ਕਰ ਕੇ ਆਪਣੀ ਕਰਮ-ਭੂਮੀ ਕੈਨੇਡਾ ਵਿਚ ਆ ਗਿਆ ਸੀ। ਇਕ ਕਵੀ ਦੇ ਰੂਪ ਵਿਚ ਤਾਂ ਉਹ ਆਪਣੀ ਪਹਿਚਾਣ ਇਧਰ ਭਾਰਤ ਵਿਚ ਰਹਿ ਕੇ ਹੀ ਬਣਾ ਚੁੱਕਾ ਸੀ। ਕੈਨੇਡਾ ਪਹੁੰਚ ਕੇ ਉਸ ਦੇ ਸਨਮੁਖ ਕੁਝ ਨਵੀਆਂ ਚੁਣੌਤੀਆਂ ਪੈਦਾ ਹੋਈਆਂ। ਜਦੋਂ ਉਸ ਨੇ ਪੂਰੀ ਹੋਸ਼ ਨਾਲ ਅੱਖਾਂ ਖੋਲ੍ਹ ਕੇ ਇਧਰ-ਉਧਰ ਦੇਖਿਆ ਤਾਂ ਉਸ ਦੇ ਮਨ ਵਿਚ ਬਹੁਤ ਸਾਰੇ ਨਵੇਂ ਸਵਾਲ ਪੈਦਾ ਹੋਏ। ਕੈਨੇਡਾ ਇਕ ਅਜਿਹਾ ਦੇਸ਼ ਸੀ, ਜਿਸ ਵਿਚ ਬਹੁਤ ਸਾਰੀਆਂ ਨਸਲਾਂ, ਧਰਮਾਂ ਅਤੇ ਭਾਸ਼ਾਵਾਂ ਨਾਲ ਸੰਬੰਧਿਤ ਲੋਕ ਇਕ-ਦੂਜੇ ਨਾਲ ਮਿਲ ਕੇ ਰਹਿੰਦੇ ਸਨ। ਇਕ-ਦੂਜੇ ਦੀ ਹੋਂਦ ਦਾ ਸਤਿਕਾਰ ਕਰਦੇ ਸਨ ਅਤੇ ਇਕ-ਦੂਜੇ ਨਾਲ ਬਰਾਬਰੀ ਵਾਲਾ ਸਲੂਕ ਕਰਦੇ ਸਨ। ਉਥੇ ਸਾਡੇ ਇਧਰ ਵਾਂਗ ਅਮੀਰੀ-ਗ਼ਰੀਬੀ, ਊਚ-ਨੀਚ ਅਤੇ ਆਪਣੇ-ਪਰਾਏ ਦਾ ਵਿਤਕਰਾ ਨਹੀਂ ਸੀ। ਅਜਿਹੇ ਮਾਹੌਲ ਵਿਚ ਉਸ ਨੇ ਆਧੁਨਿਕ ਮਨੁੱਖ ਦੀ ਸਿਰਜਣਾਤਮਕ ਸ਼ਕਤੀ ਅਤੇ ਉਸ ਦੀ ਅਦਭੁੱਤ ਪ੍ਰਤਿਭਾ ਨੂੰ ਨਮਸਕਾਰ ਕੀਤਾ। ਉਹ ਵਿਗਿਆਨ ਦੀਆਂ ਉਹਨਾਂ ਉਪਲਬਧੀਆਂ ਉਪਰ ਪ੍ਰਸੰਨਤਾ ਦਾ ਇਜ਼ਹਾਰ ਕਰਦਾ ਹੈ, ਜਿਨ੍ਹਾਂ ਨੇ ਮਨੁੱਖ ਦੀ ਖ਼ੁਦਮੁਖ਼ਤਿਆਰੀ ਉਪਰ ਲੱਗੀਆਂ ਅਨੇਕ ਜ਼ੰਜੀਰਾਂ ਨੂੰ ਭੰਨ-ਤੋੜ ਕੇ ਪਰੇ ਵਗਾਹ ਮਾਰਿਆ ਸੀ। ਇਸ ਪ੍ਰਸੰਗ ਵਿਚ ਉਹ ਕੰਪਿਊਟਰ ਨੂੰ ਆਧੁਨਿਕ ਵਿਅਕਤੀ ਦੀ ਸਫ਼ਲਤਾ ਦੇ ਇਕ ਮਹੱਤਵਪੂਰਨ ਪ੍ਰਤੀਕ ਵਜੋਂ ਰੂਪਮਾਨ ਕਰਦਾ ਹੈ। ਦੇਖੋ:

> ਜ਼ਿਹਨ ਕੰਪਿਊਟਰ 'ਚ
> ਧਰ ਰਿਹਾ ਹੈ ਆਦਮੀ।
> ਦਿਨ ਵੱਡਾ ਰਾਤ ਨਿੱਕੀ,
> ਕਰ ਰਿਹਾ ਹੈ ਆਦਮੀ।...
>
> ਪਰਬਤਾਂ ਨੂੰ ਚੀਰਨਾ
> ਬਹੁਤ ਪਿੱਛੇ ਰਹਿ ਗਿਆ

ਹੁਣ ਤਾਂ ਟ੍ਰੋਟੇ
ਹਵਾ ਦੇ ਕਰ ਰਿਹਾ ਹੈ ਆਦਮੀ।
ਆਸਮਾਂ ਮੁੱਠੀ 'ਚ ਲੈ ਕੇ
ਖੋਡ ਉਤਲੀ ਦਾੜ੍ਹ ਦੀ
ਧਰਤੀ ਦੇ ਨਾਲ ਭਰ ਰਿਹਾ ਹੈ ਆਦਮੀ।
ਸਾਹ ਲਉ ਤੇ ਭੁੱਖ ਮਰ ਜਾਏ
ਮਨੁੱਖਤਾ ਦੇ ਸਿਰ
ਕਰਜ਼ੇ ਹਮਦਰਦੀਆਂ ਦੇ
ਕਰ ਰਿਹਾ ਹੈ ਆਦਮੀ। (ਕਵਿਤਾ ਨੰ. 7)

ਇਸ ਸੰਗ੍ਰਹਿ ਵਿਚ ਕਵਿਤਾਵਾਂ ਵਿਚ ਕਵੀ ਨਵੀਨਤਾ ਨੂੰ ਆਧੁਨਿਕਤਾ ਦੇ ਪ੍ਰਸੰਗ ਵਿਚ ਰੱਖ ਕੇ ਗ੍ਰਹਿਣ ਕਰ ਰਿਹਾ ਹੈ। ਉਹ ਕੁਝ ਵਿਗਿਆਨਕ ਉਪਲਬਧੀਆਂ ਉਪਰ ਪ੍ਰਸੰਨਤਾ ਦਾ ਇਜ਼ਹਾਰ ਤਾਂ ਜ਼ਰੂਰ ਕਰਦਾ ਹੈ ਪਰ ਇਸ ਦੇ ਨਾਲ-ਨਾਲ ਵਿਗਿਆਨ ਦੇ ਕਰੂਰ ਅਤੇ ਵਿਨਾਸ਼ਕਾਰੀ ਪਹਿਲੂ ਨੂੰ ਧਿਆਨ ਵਿਚ ਰੱਖਦਾ ਹੈ। ਉਹ ਵਿਗਿਆਨ ਦੁਆਰਾ ਕੀਤੀ ਵੀਅਤਨਾਮ, ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਤਬਾਹੀ ਨੂੰ ਵੀ ਭੁੱਲਿਆ ਨਹੀਂ ਹੈ। ਇਹੀ ਕਾਰਨ ਹੈ ਕਿ ਉਸ ਦਾ ਆਧੁਨਿਕ ਭਾਵ-ਬੋਧ ਅਖੰਡ ਅਤੇ ਅਵੰਡ ਬਣਿਆ ਰਹਿੰਦਾ ਹੈ। ਇਸ ਸੰਗ੍ਰਹਿ ਦੀਆਂ ਕੁਝ ਹੋਰ ਕਵਿਤਾਵਾਂ ਵਿਚ ਉਹ ਲੇਜੈਂਡਜ਼ ਨੂੰ ਨਵੇਂ ਸੰਦਰਭਾਂ ਵਿਚ ਰੱਖ ਕੇ ਵੇਖਦਾ ਅਤੇ ਉਹਨਾਂ ਨੂੰ ਨਵੇਂ ਮਾਅਨੇ ਪ੍ਰਦਾਨ ਕਰਦਾ ਹੈ। ਜਿਵੇਂ :

ਉਹ ਜੋ ਮੱਖਣ ਸਿੰਘ
ਪਾਣੀ ਦੇ ਛੰਨੇ 'ਚੋਂ
ਸ਼ੇਰ ਤੇ ਗੁਰੂ ਨਾਨਕ ਵਿਖਾਂਦਾ ਸੀ
ਜਾਗਦੇ ਰਹੋ! ਜਾਗਦੇ ਰਹੋ!
ਜਾਗਦੇ ਰਹੋ ਦੇ ਬੋਲ
ਘੁੱਪ ਹਨੇਰਿਆਂ ਅੰਨ੍ਹੀਆਂ ਗਲੀਆਂ
ਕੰਧਾਂ ਤੇ ਛੱਤਾਂ ਨੂੰ ਸੁਣਾਂਦਾ ਸੀ
ਮਰ ਗਿਆ ਹੈ।

ਪਰ ਦੱਸ ਗਿਆ ਹੈ :
ਜਾਚ ਗਲੀਆਂ ਨੂੰ ਜਾਗਣ ਦੀ,
ਤੇ ਘਰ ਦਿਆਂ ਦਰਾਂ ਨੂੰ
ਸਾਧ ਚੋਰ ਪਹਿਚਾਨਣ ਦੀ।
ਉਦੋਂ ਮੈਂ ਘਰ ਦੀ ਛੱਤੇ ਬੈਠਾ

ਆਪਣੀ ਮਾਂ ਦੀ ਸ਼ਕਲ ਹੰਢਾ ਰਿਹਾ ਸਾਂ
ਕਿ ਇਸ ਦੀ ਕੁੱਖ
ਮੇਰੀ ਸੰਨ੍ਹ ਲਈ ਮੁਨਾਸਿਬ ਹੈ ਜਾਂ ਨਹੀਂ।

ਮੋਇਆ ਮੱਖਣ ਸਿੰਘ
ਗਲੀ 'ਚੋਂ ਪੁਕਾਰ ਰਿਹਾ ਸੀ
'ਕੁਝ ਘਰਾਂ ਦੇ ਦਰਵਾਜ਼ੇ
ਖਿੜਕੀਆਂ ਤੇ ਰੌਸ਼ਨਦਾਨ
ਖ਼ੁਦ ਆਪਣੇ ਹੀ ਘਰਾਂ ਦੇ ਚੋਰ ਹਨ
ਚੋਰ ਕਿਥੇ ਹੋਰ ਹਨ ?' (ਇਕ)

'ਮਿੱਟੀ 'ਚੋਂ ਉਕਰੇ ਅੱਖਰ' ਚਰਨ ਸਿੰਘ ਦੇ ਕਾਵਿ-ਅਨੁਭਵ ਅਤੇ ਇਸ ਦੇ ਪ੍ਰਗਟਾਵੇ ਲਈ ਈਜਾਦ ਕੀਤੀਆਂ ਨਵੀਆਂ ਜੁਗਤਾਂ ਦਾ ਬੜਾ ਮਹੱਤਵਪੂਰਨ ਪ੍ਰਮਾਣ ਪੇਸ਼ ਕਰਦੀ ਹੈ। ਇਸ ਵਿਚ ਕਵੀ ਮਨਬਚਨੀ (interior monologue) ਦਾ ਵੀ ਸਸ਼ਕਤ ਪ੍ਰਯੋਗ ਕਰਦਾ ਹੈ। ਕਵੀ ਸ੍ਵੈ-ਸੁਝਾਵਾਂ ਦੀ ਵਿਧੀ ਦੁਆਰਾ ਆਪਣੀ 'ਮੈਂ' ਨੂੰ ਨਵੀਆਂ ਵੰਗਾਰਾਂ ਅਤੇ ਚੁਣੌਤੀਆਂ ਲਈ ਤਿਆਰ ਕਰਦਾ ਨਜ਼ਰ ਆਉਂਦਾ ਹੈ :

ਉਠ ਮਨਾ
ਤੂੰ ਜੀਵਨ ਦੀ ਅਭਟਕਣ
ਤੋਂ ਕੀ ਲੈਣਾ ਹੈ
ਛਾਵਾਂ ਦੇ ਮੋਹ
ਧੁੱਪ ਦੀ ਉਮਰੇ ਕੌਣ ਹੰਢਾਉਂਦੈ
ਤਪਦੇ ਥਲ ਦੇ ਲੰਬੇ ਪੈਂਡੇ
ਸਾਗਰ ਤਰ ਕੇ ਕੌਣ ਮੁਕਾਉਂਦੈ।

ਕਬਰਾਂ ਦੀ ਖ਼ਾਮੋਸ਼ੀ ਅੰਦਰ
ਕਿਹੜਾ ਸੁਖ ਹੈ
ਕਬਰਾਂ ਦੀ ਮਿੱਟੀ ਸੰਗ
ਕਿਸ ਨੇ ਘਰ ਲਿੱਪਿਆ ਹੈ
ਜ਼ਿੰਦਗੀ ਸੇਧ-ਮਈ
ਇਕ ਵੇਗ ਦਾ ਨਾਂ ਹੈ
ਗੁੰਗੀ ਜੀਭਾ ਕੀ ਬੋਲੇਗੀ...
ਘਰ ਤੇ ਘੋੜੇ 'ਤੇ ਬਹਿ ਕਿਧਰੇ

ਜੀਭਾ 'ਤੇ ਚੁੱਪ ਧਰ ਨਾ ਬੈਠੀਂ
ਭਟਕਣ ਹੱਥੋਂ ਛੱਡ ਨਾ ਬੈਠੀਂ
ਅਭਟਕਣ ਨੂੰ ਫੜ ਨਾ ਬੈਠੀਂ। (ਨੌਂ)

ਇਉਂ ਕਵੀ ਗਰਦਿਸ਼ ਅਤੇ ਭਟਕਣ ਨੂੰ ਹੀ ਜ਼ਿੰਦਗੀ ਦਾ ਸਰਮਾਇਆ ਸਿੱਧ ਕਰਦਾ ਹੈ। ਉਸ ਦੀ ਨਜ਼ਰ ਵਿਚ ਖੜੋਤ/ਜੜ੍ਹਤਾ (ਅਭਟਕਣ) ਮ੍ਰਿਤੂ ਦਾ ਹੀ ਦੂਸਰਾ ਨਾਂ ਹੈ। ਕਵੀ ਦਾ ਅਜਿਹਾ ਅੰਦਾਜ਼ ਜੀਵਨ ਪ੍ਰਤੀ ਉਸ ਦੇ ਸੰਘਰਸ਼ਮਈ ਰੁਝਾਨ ਨੂੰ ਪ੍ਰਗਟ ਕਰਦਾ ਹੈ।

# 3. ਸ਼ੂਨਯ ਬੋਧ (1987)

'ਸ਼ੂਨਯ ਬੋਧ' ਅਸਤਿੱਤਵਵਾਦ ਵਿਚੋਂ ਆਇਆ ਸੰਕਲਪ ਹੈ। ਜੀਨ ਪਾਲ ਸਾਰਤਰ ਨੇ ਆਪਣੇ ਸ਼ੋਧ-ਗ੍ਰੰਥ 'ਬੀਇੰਗ ਐਂਡ ਨਥਿੰਗਨੈੱਸ' (Being and Nothingness) ਵਿਚ ਇਸ ਸੰਕਲਪ ਦੀ ਭਰਪੂਰ ਵਿਆਖਿਆ ਕੀਤੀ ਸੀ। ਉਸ ਅਨੁਸਾਰ 'ਬੀਇੰਗ' (ਹੋਂਦ) ਤਾਂ ਹਰ ਵਿਅਕਤੀ ਪਾਸ ਮੌਜੂਦ ਹੁੰਦੀ ਹੈ ਪਰ 'ਐਗਜ਼ਿਸਟੈਂਸ' (existence) ਉਸ ਨੂੰ ਅਰਜਿਤ ਕਰਨੀ ਪੈਂਦੀ ਹੈ। ਐਗਜ਼ਿਸਟੈਂਸ, ਪ੍ਰਤੀਰੋਧ ਅਤੇ ਵਿਦਰੋਹ ਵਿਚੋਂ ਪੈਦਾ ਹੁੰਦੀ ਹੈ। ਜਿਹੜਾ ਵਿਅਕਤੀ ਯਥਾਥਿਤੀਵਾਦੀ ਜਾਂ ਸਮਝੌਤਾਵਾਦੀ ਹੋ ਜਾਂਦਾ ਹੈ, ਉਹ ਬੀਇੰਗ ਦੀ ਪੱਧਰ ਉੱਤੇ ਹੀ ਖੜੋਤਾ ਰਹਿ ਜਾਂਦਾ ਹੈ। ਉਹ ਬੀਇੰਗ ਤੋਂ ਉਪਰ ਉੱਠ ਕੇ ਬੀਕਮਿੰਗ ਦੀ ਮਾਅਰਫ਼ਤ ਐਗਜ਼ਿਸਟੈਂਸ ਤਕ ਨਹੀਂ ਪਹੁੰਚ ਜਾਂਦਾ। ਚਰਨ ਸਿੰਘ ਨੇ ਸ਼ੂਨਯ-ਬੋਧ ਪੁਸਤਕ ਵਿਚ ਅਸਤਿੱਤਵ ਨਾਲ ਜੁੜੇ ਇਹਨਾਂ ਬੁਨਿਆਦੀ ਪ੍ਰਸ਼ਨਾਂ ਨੂੰ ਅਭਿਵਿਅਕਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਗ੍ਰਹਿ ਦੀ ਇਕ ਕਵਿਤਾ ਵਿਚ ਆਪਣੀ ਗੁੰਮ ਹੋ ਚੁੱਕੀ ਹੋਂਦ ਅਤੇ ਸ਼ਨਾਖ਼ਤ ਬਾਰੇ ਵਿਆਕੁਲਤਾ ਪ੍ਰਗਟ ਕਰਦਾ ਹੋਇਆ ਕਵੀ ਲਿਖਦਾ ਹੈ:

ਮੇਰਾ ਸਵੈ-ਰੂਪ ਗੁਆਚ ਗਿਆ ਹੈ।
ਮੇਰੀ ਦੇਹੀ ਦੇ ਖੂਹ ਅੰਦਰ
ਉਂਗਲਈ-ਅੱਖੀਂ ਸੀਸ਼ੇ ਲਾ
ਅੱਖੀਆਂ 'ਤੇ ਦਸਤਾਨੇ ਪਾ
ਲੱਭ ਰਿਹਾ ਹਾਂ
ਦਿਨੇ, ਅੰਨ ਦੀ ਇਕ ਗੋਲੀ 'ਚੋਂ
ਰਾਤ, ਸਕਾਚੀ ਸੜਦੇ ਜਲ 'ਚੋਂ!...

ਮੇਰੀ ਸ਼ਖ਼ਸੀ ਚੇਤੰਨਤਾ ਦੀ ਗਰਦਨ 'ਤੇ
ਪੈਰਾਂ ਹੇਠਲੀ ਮਿੱਟੀ ਦਾ
ਮਰੀਅਲ ਪਰ ਮੁਤਮਈਨ ਹਾਸਾ
ਨੇਜ਼ੇ ਤੇ ਤਲਵਾਰਾਂ ਬਣ ਕੇ ਲਟਕ ਰਿਹਾ ਹੈ।

ਮੈਂ ਸ਼ਬਨਮ ਨੂੰ ਪੋਟੀਂ ਅਨੁਭਵਿਆ
ਪਰ ਦ੍ਰਿਸ਼ਟੀ ਨੂੰ ਵਖਰੇਵੇਂ ਤੋਂ
ਹੋਰ ਵੱਧ ਕੁਝ ਨਜ਼ਰ ਨਾ ਆਏ
ਬੱਸ ਇਕ ਪੱਥਰ ਬਾਰ-ਬਾਰ
ਮਸਤਕ ਨੂੰ ਪਾੜੇ ਤੇ ਤੁਰ ਜਾਏ
ਚਸ਼ਮਾ-ਏ-ਤਸੱਖ਼ੁਸ
ਸੁੱਕਦਾ, ਸੁੱਕਦਾ, ਸੁੱਕਦਾ ਜਾਏ। (ਸ਼ਨਾਸਾ)

ਇਸ ਸੰਗ੍ਰਹਿ ਵਿਚ ਕਵੀ ਨੇ ਆਧੁਨਿਕ ਵਿਅਕਤੀ ਦੇ ਜੀਵਨ ਦੀ ਜਟਿਲਤਾ ਨੂੰ ਪ੍ਰਤੀਕਾਂ ਅਤੇ ਬਿੰਬਾਂ ਦੇ ਮਾਧਿਅਮ ਦੁਆਰਾ ਮੂਰਤੀਮਾਨ ਕੀਤਾ ਹੈ। ਮਨੁੱਖੀ ਜੀਵਨ ਜਟਿਲ ਤੋਂ ਜਟਿਲਤਰ ਹੁੰਦੇ ਜਾਣ ਦੀ ਸੂਰਤ ਵਿਚ ਇਹਨਾਂ ਕਵਿਤਾਵਾਂ ਦੀ ਰੂਪ-ਬਣਤਰ ਵੀ ਕਾਫ਼ੀ ਜਟਿਲ ਹੋ ਗਈ ਹੈ। ਇਥੇ ਨਾ ਤਾਂ ਅਨੁਭਵ ਹੀ ਸਿੱਧਾ-ਸਾਦਾ ਰਿਹਾ ਹੈ ਅਤੇ ਨਾ ਹੀ ਇਸ ਨੂੰ ਪ੍ਰਗਟ ਕਰਨ ਦਾ ਢੰਗ। ਇਹੀ ਕਾਰਨ ਹੈ ਕਿ ਰਵਾਇਤੀ ਅਨੁਭਵ ਅਤੇ ਸਿੱਧੇ-ਸਰਲ ਪ੍ਰਗਟਾਅ-ਢੰਗ ਦੇ ਗਿੱਝੇ ਪੰਜਾਬੀ ਪਾਠਕਾਂ ਨੂੰ ਇਹ ਕਵਿਤਾਵਾਂ ਕਾਫ਼ੀ ਮੁਸ਼ਕਲ ਪ੍ਰਤੀਤ ਹੋਣਗੀਆਂ। ਅਸਲ ਵਿਚ ਇਹਨਾਂ ਕਵਿਤਾਵਾਂ ਦੀ ਹਾਥ ਪਾਉਣ ਲਈ ਪਾਠਕਾਂ ਨੂੰ ਸਾਹਿਤ ਸੰਬੰਧੀ ਆਪਣੇ ਬਹੁਤ ਸਾਰੇ ਪੂਰਵਾਗ੍ਰਹਿ ਤਿਆਗਣ ਦੀ ਜ਼ਰੂਰਤ ਪੈਂਦੀ ਹੈ ਅਤੇ ਜਿਹੜੇ ਪਾਠਕ ਅਜਿਹਾ ਉੱਦਮ ਕਰ ਲੈਂਦੇ ਹਨ, ਉਹਨਾਂ ਲਈ ਸੰਚਾਰ ਦੀ ਕੋਈ ਸਮੱਸਿਆ ਨਹੀਂ ਰਹਿੰਦੀ। ਅਰਥ-ਸੰਚਾਰ ਦੀ ਕਠਿਨਾਈ ਵੱਲ ਸੰਕੇਤ ਕਰਦਾ ਹੋਇਆ ਕਵੀ ਆਪਣੀ ਇਕ ਕਵਿਤਾ ਵਿਚ ਲਿਖਦਾ ਹੈ:

ਆਪਣੇ ਆਪ 'ਤੇ ਪੈਰ ਟਿਕਾ ਕੇ
ਜੇ ਲੰਘ ਜਾਈਏ ਤਾਂ ਸ਼ਹੁ ਪਾਈਏ
ਮਨ ਕਮਲੇ ਨੂੰ ਕਿੰਝ ਸਮਝਾਈਏ
ਬੁੱਧੀ ਦੀ ਸੰਗੀਨੀ ਕੰਧ ਨਾਲ
ਕਿੰਝ ਟਕਰਾਈਏ
ਬਿਨ ਸਫ਼ਰੋਂ ਤੇ ਬਿਨ ਮੰਜ਼ਲੋਂ
ਕਿਹੜੀ ਸੇਧੇ ਟੁਰਦੇ ਜਾਈਏ
ਆਪਣੇ ਆਪ 'ਤੇ
ਪੈਰ ਟਿਕਾ ਕੇ
ਕਿੰਝ ਲੰਘ ਜਾਈਏ
ਕਿੰਝ ਸ਼ਹੁ ਪਾਈਏ
ਬੁੱਧੀ ਦੀ ਜੀਭਾ 'ਤੇ ਮਨ ਦਾ ਛਾਲਾ ਹੈ। (ਪ੍ਰਕਰਮਾ)

ਆਪਣੇ ਅਨੁਭਵ ਦੀ ਜਟਿਲਤਾ ਨੂੰ ਜ਼ੁਬਾਨ ਦੇਣ ਲਈ ਕਵੀ ਇਕ ਆਧੁਨਿਕ ਚਿੱਤਰਕਾਰ ਦੀ ਚਿੱਤਰ-ਸ਼ੈਲੀ ਨਾਲ ਸੰਬੰਧਿਤ ਬਿੰਬਾਂ ਦੀ ਚੋਣ ਕਰਦਾ ਹੈ। ਜਦੋਂ ਉਹ ਆਪਣੇ ਅਨੁਭਵ ਦੁਆਰਾ ਗ੍ਰਹਿਣ ਕੀਤੇ ਗਏ ਅਹਿਸਾਸਾਂ ਨੂੰ ਦੱਸ ਨਹੀਂ ਸਕਦਾ ਤਾਂ ਇਹਨਾਂ ਨੂੰ ਦਿਖਾਉਣ ਦਾ ਪ੍ਰਯਾਸ ਕਰਦਾ ਹੈ ਤਾਂ ਜੋ ਪਾਠਕ ਉਸ ਦੇ ਅਨੁਭਵ ਨਾਲ ਸੰਬੰਧਿਤ ਵੇਰਵਿਆਂ ਨੂੰ ਦੇਖ ਕੇ ਹੀ ਉਸ ਦੀ ਬੇਬਸੀ ਨੂੰ ਸਮਝ ਜਾਣ। ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਇਕ ਸੁਰੀਅਲਿਸਟ ਪੇਂਟਰ ਦੇ ਚਿੱਤਰਾਂ ਵਾਂਗ ਵਿਰੂਪਿਤ (distorted) ਪ੍ਰਤੀਤ ਹੁੰਦੀਆਂ ਹਨ। ਦੇਖੋ :

ਦਿੱਸ-ਹੱਦੇ ਤਕ
ਮਸਤਕ 'ਚ ਉੱਗਆ ਹੈ
ਬੇ-ਬਹਾਰਾ ਕੈਕਟਸ
ਸੁੱਕ ਗਈ ਹੈ ਦੇਹ 'ਚ ਵਗ ਰਹੀ
ਇਕਹਿਰੇ ਕੰਢੇ ਦੀ ਨਦੀ
ਤਿੜਕ ਗਏ ਹਨ ਅੱਖੀਆਂ ਦੇ ਪੱਥਰ
ਦੇਹ ਵਾਸ਼ਪੀਕਰਣ ਪਿੱਛੋਂ
ਤੇ ਮੱਥੇ ਦੀ ਚੌਖਟ 'ਤੇ
ਅਰਥਈ ਲਾਸ਼ਾਂ ਦਾ
ਛਾਲਿਆਂ ਵਰਗਾ ਸੰਘਣਾ-ਸੰਘਣਾ
ਮੁੜ ਉਜੜਨ ਲਈ
ਸ਼ਹਿਰ ਜਿਹਾ ਇਕ ਵੱਸ ਗਿਆ ਹੈ।...

ਪੀਲਾ ਜ਼ਰਦ ਆਸਮਾਂ ਹੈ
ਚੋਅ ਗਈ ਇਸ 'ਚੋਂ
ਸਾਰੀ ਦੀ ਸਾਰੀ ਨੀਲੀ ਆਵਾਰਗੀ
ਮਹਿਕ ਮਿੱਟੀ ਦੀ
ਜ਼ਿਮੀਂ ਆਪਣੇ ਜੁੱਸੇ 'ਚੋਂ ਸੁੰਘਦੀ ਤਲਾਸ਼ਦੀ।

(ਗਰਭਸ਼ੁਦਾ ਪੂਰਣਤਾ)

## 4 ਗਗਨ ਮੈਂ ਥਾਲੁ (2008)

ਇਸ ਪੁਸਤਕ ਵਿਚ ਕਵੀ ਆਪਣੀ ਅਭਿਵਿਅਕਤੀ ਦੇ ਕੈਨਵਸ ਨੂੰ ਕਾਫ਼ੀ ਫੈਲਾ ਲੈਂਦਾ ਹੈ। ਇਸ ਵਿਚ ਆਧੁਨਿਕ ਮਨੁੱਖ ਦੇ ਬਹੁਤ ਸਾਰੇ ਸਰੋਕਾਰ ਆਪਣੇ ਅੰਤਰ-ਵਿਰੋਧਾਂ ਅਤੇ ਦਬਾਵਾਂ ਸਹਿਤ ਰੂਪਮਾਨ ਹੋਏ ਹਨ। ਇਸ ਪੁਸਤਕ ਵਿਚ ਸੰਕਲਿਤ ਕਈ ਕਵਿਤਾਵਾਂ ਸੁਰੀਅਲਿਸਟਿਕ ਸ਼ੈਲੀ ਵਿਚ ਆਧੁਨਿਕ ਮਨੁੱਖ ਉਪਰ ਪੈਣ ਵਾਲੇ ਭਿਆਨਕ ਬੋਝ ਦਾ ਨਿਰੂਪਣ ਕਰਦੀਆਂ ਹਨ। ਲੇਖਕ ਨੂੰ ਇਸ ਦੁਖਦ ਸੱਚ ਦਾ ਬੜਾ ਤੀਖਣ ਅਹਿਸਾਸ ਹੈ ਕਿ ਵਿਗਿਆਨ ਨੇ ਜਿਥੇ ਮਨੁੱਖ ਦੇ ਬਾਹਰੀ ਜੀਵਨ ਨੂੰ ਕਾਫ਼ੀ ਆਸਾਨ ਬਣਾ ਦਿੱਤਾ ਹੈ, ਉਥੇ ਪ੍ਰਮਾਣੂ-ਯੁੱਧਾਂ ਅਤੇ ਮਿਜ਼ਾਈਲ ਹਮਲਿਆਂ ਦਾ ਖ਼ੌਫ਼ ਵੀ ਉਸ ਨੂੰ ਨਿਰੰਤਰ ਸਤਾਉਂਦਾ ਰਹਿੰਦਾ ਹੈ। ਇਸ ਪ੍ਰਸੰਗ ਵਿਚ ਉਸ ਦਾ ਇਕ ਅੰਦਾਜ਼ ਦੇਖੋ :

ਮੇਰੇ ਅੰਦਰ ਲਾਸ਼ਾਂ ਦੇ ਢੇਰ ਲੱਗ ਗਏ ਹਨ
ਮੈਂ ਗੋਡੇ-ਗੋਡੇ ਮਿੱਝ 'ਚ ਤੁਰ ਰਿਹਾ ਹਾਂ
ਆਪਣੇ ਕੋਲ ਆ ਰਿਹਾ ਹਾਂ
ਲਹੂ-ਮਾਸ ਦੀ ਗੰਧ ਹੰਢਾ ਰਿਹਾ ਹਾਂ
ਖੋਪਰੀਆਂ, ਧੜ, ਲੱਤਾਂ, ਬਾਹਾਂ ਲਹੂ 'ਚ
ਲਿੱਬੜੇ ਅੰਗ ਤੇ ਨਕਸ਼
ਮੇਰੇ ਦੁਆਲੇ ਖਿੱਲਰੇ ਪਏ ਹਨ
ਮਨੁੱਖਤਾ ਲਹੂ ਤੇ ਜਿਸਮ, ਪੈਰਾਂ 'ਚ ਪਿਘਲੇ ਪਏ ਹਨ।

ਘੋੜਿਆਂ ਦੀਆਂ ਟਾਪਾਂ ਹੇਠ
ਅੰਬਰ ਆ ਗਿਆ ਹੈ
ਤਲਵਾਰਾਂ ਤੇ ਢਾਲਾਂ ਦਾ ਸ਼ੋਰ ਫੈਲਿਆ ਹੈ
ਸੁਰ ਨੂੰ ਖਾ ਗਿਆ ਹੈ
ਲਹੂ ਰੰਗੀ ਧੂੜ ਦੁਆਲੇ ਉੱਡ ਰਹੀ ਹੈ
ਬਿਜਲੀ ਨੂੰ ਦੰਦਲ ਪੈ ਗਈ ਹੈ
ਬੱਦਲਾਂ ਨੂੰ ਪਸੀਨਾ ਆ ਰਿਹਾ ਹੈ

ਮੇਰੇ ਅੰਦਰ ਹਨੇਰਾ ਉਤਰਦਾ ਹੀ ਜਾ ਰਿਹਾ ਹੈ
ਮਨੁੱਖਤਾ ਰੋ ਰਹੀ ਹੈ ਮਨੁੱਖ ਕੁਰਲਾ ਰਿਹਾ ਹੈ। (ਬੰਦਸ਼)

ਇਸ ਸੰਗ੍ਰਹਿ ਵਿਚ ਕਵੀ ਨੇ ਆਪਣੀ ਹਉਮੈ ਵਿਚ ਡੁੱਬੇ ਆਧੁਨਿਕ ਵਿਅਕਤੀ ਦੀ ਛਟਪਟਾਹਟ ਨੂੰ ਵਿਭਿੰਨ ਪਰਿਪੇਖਾਂ ਅਤੇ ਪਾਸਾਰਾਂ ਵਿਚ ਰੱਖ ਕੇ ਵੇਖਿਆ ਹੈ। ਹਉਮੈ-ਗ੍ਰਸਤ ਵਿਅਕਤੀ ਨੂੰ ਦੂਜੇ ਲੋਕਾਂ ਦੀ ਨੇਕੀ ਅਤੇ ਵਡਿਆਈ ਨਜ਼ਰ ਹੀ ਨਹੀਂ ਆਉਂਦੀ। ਉਹ ਬਿਲਕੁਲ ਇਕੱਲਾ ਅਤੇ ਤਨਹਾ ਹੋ ਜਾਂਦਾ ਹੈ। ਉਸ ਦਾ ਵਿਹਾਰ ਉਲਾਰ ਹੋ ਜਾਂਦਾ ਹੈ। ਕਵੀ ਦੇ ਸ਼ਬਦਾਂ ਵਿਚ:

ਇਸ ਹਨੇਰੇ 'ਚ
ਨਾ ਆਪਣਾ ਆਪ ਦਿਸਦਾ ਹੈ
ਨਾ ਆਪਣੇ ਅੰਗ ਦਿਸਦੇ ਹਨ
ਨਾ ਆਪਣਾ ਲਹੂ ਦਿਸਦਾ ਹੈ
ਨਾ ਲਹੂ ਦੇ ਰੰਗ ਦਿਸਦੇ ਹਨ
ਇੰਨਾ ਇਕੱਲਾ ਰਹਿ ਗਿਆ ਹਾਂ
ਕਿ ਆਪਣੀ ਚੁੱਪ ਤੋੜਨ ਲਈ ਵੀ
ਸਾਥ ਛੱਡ ਗਏ ਨੇ ਬੋਲ
ਇਕੱਲਤਾ ਤੇ ਹਨੇਰ ਦੇ ਹਵਾਲੇ ਹੋ ਗਿਆ ਹਾਂ
ਇਕੱਲਤਾਂ ਤੇ ਹਨੇਰ ਹੀ ਹੈ ਬੱਸ ਮੇਰੇ ਕੋਲ
ਨਜ਼ਰ ਹਨੇਰੇ ਤੋਂ ਹਨੇਰ ਤਕ ਚੱਲਦੀ ਹੈ
ਹਨੇਰੇ 'ਚ ਉਦੈ ਹੁੰਦੀ ਹਨੇਰੇ 'ਚ ਹੀ ਢਲਦੀ ਹੈ
ਆਪਣੇ ਆਪ 'ਚ ਦਿਨ ਰਾਤ ਸੁਲਗਦੀ ਹੈ
ਅਵਾਰਾ ਪੌਣ ਵਾਂਗ ਘੁੰਮਦੀ ਹੈ
ਨਾ ਕਿਤੇ ਠਹਿਰਦੀ ਹੈ
ਹਨੇਰ ਤੈਰਦੀ-ਤੈਰਦੀ ਥੱਕ ਜਾਂਦੀ ਹੈ
ਅੱਖਾਂ ਦਾ ਸਾਥ ਛੱਡ ਜਾਂਦੀ ਹੈ
ਹੋ ਅਲੱਗ ਜਾਂਦੀ ਹੈ
ਹਨੇਰੇ 'ਚ ਗੁੰਮ ਜਾਂਦੀ ਹੈ
ਅੱਖਾਂ 'ਚ ਹਨੇਰਾ ਰੱਖ ਜਾਂਦੀ ਹੈ। (ਮੈਂ 'ਚ ਗੁਆਚਾ)

ਇਸ ਸੰਗ੍ਰਹਿ ਵਿਚ ਕਵੀ ਨੇ ਕਿਸੇ ਇਕ ਹੀ ਵਿਸ਼ੈ ਨੂੰ ਕਈ-ਕਈ ਖੰਡਾਂ, ਕਈ-ਕਈ ਲਘੂ-ਕਵਿਤਾਵਾਂ ਵਿਚ ਵਿਭਾਜਿਤ ਕਰ ਕੇ ਸਵੀਕਾਰ-ਉਕਤੀ (confessional-poetry) ਨਾਲ ਸੰਬੰਧਿਤ ਕਾਵਿ ਦੇ ਕੁਝ ਨਵੇਂ ਪ੍ਰਤੀਮਾਨ ਵੀ ਸਿਰਜੇ ਹਨ। ਇਕ ਉਦਾਹਰਣ ਦੇਖੋ:

ਮੇਰੇ ਕਰੋਧ ਨੂੰ ਵੇਖ ਕਰ ਕੇ
ਮੇਰਾ ਵਜੂਦ ਮੇਰੀ ਹੋਂਦ ਨਾ ਜਾਣੋ
ਕਰੋਧ ਨੂੰ ਸਮਝੋ, ਕਰੋਧ ਦਾ ਸੱਚ ਪਹਿਚਾਣੋ।

o

ਕਰੋਧ 'ਚ ਗਤੀ ਫੈਲੀ ਹੈ ਵੇਗ ਦਾ ਅਹਿਸਾਸ ਵੱਸਦਾ ਹੈ
ਕਰੋਧ ਆਪਣੀ ਕੁੱਖ 'ਚੋਂ ਸ਼ਾਂਤੀ ਤੇ ਪਿਆਰ ਜਨਮਦਾ ਹੈ।...

o

ਮੇਰਾ ਕਰੋਧ ਹੀ ਮੇਰੀ ਕਾਰਜ ਪ੍ਰਣਾਲੀ ਹੈ
ਮੇਰਾ ਕਰੋਧ ਹੀ ਜੀਵਨ ਦੀ ਸੁਰੱਖਿਆ ਦਾ ਅੰਕੁਰ ਹੈ
ਮੇਰਾ ਕਰੋਧ ਹੀ ਮੇਰੇ ਰੁੱਖ ਦਾ ਬੀਜ ਹੈ
ਮੇਰਾ ਕਰੋਧ ਹੀ ਮਨੁੱਖ ਹੈ
ਮੇਰਾ ਕਰੋਧ ਹੀ ਮਨੁੱਖਤਾ ਹੈ। (ਕਰੋਧ ਤੇ ਮੈਂ)

ਆਧੁਨਿਕ ਵਿਅਕਤੀ ਸ੍ਵੈ-ਕੇਂਦਰਿਤ, ਸਵਾਰਥੀ ਅਤੇ ਹਉਮੈ-ਗ੍ਰਸਤ ਹੋਣ ਦੇ ਕਾਰਨ ਮਨੁੱਖਤਾ ਦੇ ਉੱਚੇ ਮਰਤਬੇ ਤੋਂ ਬਹੁਤ ਹੇਠਾਂ ਡਿੱਗ ਪਿਆ ਹੈ। ਉਸ ਦਾ ਪੂਰੀ ਤਰ੍ਹਾਂ ਨਾਲ ਪਤਨ ਹੋ ਗਿਆ ਹੈ। ਕਵੀ ਆਧੁਨਿਕ ਵਿਅਕਤੀ ਨੂੰ ਆਦਮਖ਼ੋਰ ਦਰਿੰਦੇ ਨਾਲ ਤੁਲਨਾ ਦਿੰਦਾ ਹੈ। ਆਧੁਨਿਕ ਵਿਅਕਤੀ ਨੇ ਆਪਣੇ ਅੰਦਰਲੇ ਜਾਨਵਰ ਨੂੰ ਸੋਧਿਆ ਜਾਂ ਸਾਧਿਆ ਨਹੀਂ ਹੈ ਬਲਕਿ ਆਪਣੇ ਨਿਹਿੱਤ ਸਵਾਰਥ ਦੀ ਪੂਰਤੀ ਲਈ ਉਸ ਜਾਨਵਰ ਨੂੰ ਆਪਣੀਆਂ ਆਦਮਖ਼ੋਰ ਪ੍ਰਵਿਰਤੀਆਂ ਸਮੇਤ ਜਿਉਂ ਦਾ ਤਿਉਂ ਰਹਿਣ ਦਿੱਤਾ ਹੈ। ਅਜਿਹੇ ਆਧੁਨਿਕ ਵਿਅਕਤੀ ਦਾ ਵਿਕਰਾਲ ਚਿਹਰਾ ਬਿਆਨ ਕਰਦਾ ਹੋਇਆ ਕਵੀ ਲਿਖਦਾ ਹੈ:

ਮੇਰੇ ਅੰਦਰ ਦਾ ਜਾਨਵਰ ਜਦ ਜਾਗਦਾ ਹੈ
ਆਪਣੇ ਲਹੂ 'ਚ ਮਨੁੱਖਤਾ ਉਬਾਲਦਾ ਹੈ
ਬੰਦੇ ਦਾ ਲਹੂ ਪੀਂਦਾ ਹੈ ਗੋਸ਼ਤ ਭਾਲਦਾ ਹੈ
ਮਾਸੂਮ ਬੱਚਿਆਂ ਨੂੰ ਆਸਮਾਨ 'ਚ ਉਛਾਲਦਾ ਹੈ
ਨੇਜ਼ਿਆਂ 'ਤੇ ਬੋਚਦਾ ਹੈ, ਧਰਤੀ 'ਤੇ ਉਤਾਰਦਾ ਹੈ।

o

ਅਬਲਾ ਦੇ ਚਿਹਰਿਆਂ 'ਤੇ
ਬਲਦੀਆਂ ਸਿਗਰਟਾਂ ਬੁਝਾਉਂਦਾ ਹੈ
ਲਹੂ 'ਚ ਭਿੱਜੀਆਂ ਬੱਚੇਦਾਨੀਆਂ
ਬਜ਼ਾਰਾਂ 'ਚ ਤੇ ਸੜਕਾਂ 'ਤੇ ਵਿਛਾਉਂਦਾ ਹੈ।...

o

ਮੈਂ ਸਿਰਫ਼ ਦਰਿੰਦਾ ਬਣ ਕੇ ਰਿਹ ਗਿਆ ਹਾਂ
ਸੋਚ ਤੇਰੀ ਦਾ ਕਰਿੰਦਾ ਬਣ ਕੇ ਰਹਿ ਗਿਆ ਹਾਂ
ਨਾ ਮੇਰੇ 'ਚ ਦਿਲ ਧੜਕਦਾ ਹੈ
ਨਾ ਮੇਰੇ 'ਚ ਮਨੁੱਖ ਲਈ ਕੋਈ ਸਾਂਝ ਪਲਦੀ ਹੈ
ਮੇਰੀ ਮਿੱਟੀ ਕੱਲਰੀ ਹੈ ਮੇਰੀ ਸੋਚ ਕੱਲਰੀ ਹੈ
ਮੇਰੀ ਕਰਮ ਕੱਲਰੀ ਹੈ ਮੇਰਾ ਧਰਮ ਕੱਲਰੀ ਹੈ
ਮੇਰੇ 'ਚ ਜ਼ਿੰਦਗੀ ਨਹੀਂ ਮੌਤ ਪਲਦੀ ਹੈ। (ਅੰਦਰਲਾ ਜਾਨਵਰ)

ਚਰਨ ਸਿੰਘ ਨੂੰ ਆਧੁਨਿਕ ਵਿਅਕਤੀ ਦੀ ਇਸ ਵਿਡੰਬਨਾ ਦਾ ਬੜਾ ਦੁਖਦ ਅਹਿਸਾਸ ਹੈ ਕਿ ਆਧੁਨਿਕ ਮਨੁੱਖ ਦੇ ਅੰਦਰ ਅਤੇ ਬਾਹਰ ਵਿਚ ਕੋਈ ਇਕਸੁਰਤਾ ਨਹੀਂ ਰਹੀ। ਉਹ ਅੰਦਰੋਂ ਕੁਝ ਹੋਰ ਹੈ ਅਤੇ ਬਾਹਰੋਂ ਕੁਝ ਹੋਰ ਦਿਖਾਈ ਦੇਣ ਦਾ ਯਤਨ ਕਰਦਾ ਹੈ। ਉਹ ਸੱਚ ਤੋਂ ਬਹੁਤ ਦੂਰ ਨਿਕਲ ਆਇਆ ਹੈ। ਨਿੱਜੀ ਸਵਾਰਥ ਦੀ ਪੂਰਤੀ ਲਈ ਉਹ ਸਾਰਾ ਦਿਨ ਝੂਠ ਬੋਲਦਾ ਅਤੇ ਕਪਟ ਕਮਾਉਂਦਾ ਹੈ। ਉਸ ਪਾਸ ਆਪਣੇ ਚਿਹਰੇ ਲਈ ਅਨੇਕ ਮੁਖੌਟੇ ਹਨ। ਮੌਕੇ ਮੁਤਾਬਿਕ ਉਹ ਆਪਣੇ ਚਿਹਰੇ ਉਪਰ ਢੁੱਕਵਾਂ ਮੁਖੌਟਾ ਪਾ ਕੇ ਆਪਣੇ ਸਵਾਰਥ ਦੀ ਸਿੱਧੀ ਕਰ ਲੈਂਦਾ ਹੈ। ਕਦੇ ਕੋਈ ਭਾਗਾਂ ਵਾਲਾ ਸਮਾਂ ਹੀ ਹੁੰਦਾ ਹੈ ਜਦੋਂ ਪਲ ਦੋ ਪਲ ਲਈ ਆਧੁਨਿਕ ਵਿਅਕਤੀ ਦੇ ਅੰਦਰ ਅਤੇ ਬਾਹਰ ਵਿਚ ਇਕਸੁਰਤਾ ਕਾਇਮ ਹੁੰਦੀ ਹੈ। ਲੇਖਕ ਨੇ ਅਜਿਹੇ ਪਲਾਂ ਦਾ ਨਿਰੂਪਣ ਬੜੇ ਨਾਟਕੀ ਅੰਦਾਜ਼ ਵਿਚ ਕੀਤਾ ਹੈ। ਦੇਖੋ :

ਆਪਣੇ ਅੰਦਰ ਦਾ ਬੂਹਾ ਖੋਲ੍ਹਿਆ
ਤੇ ਆਪਾ ਬੋਲਿਆ
ਆਉ ਜੀ, ਜੀ ਆਇਆਂ ਨੂੰ
ਅੰਦਰ ਨੇ ਆਪਣੇ ਬਾਹਰ ਦਾ ਸਵਾਗਤ ਕੀਤਾ
ਅੰਦਰ ਨੇ ਆਪਣਾ ਹਰ ਦਰ ਖੋਲ੍ਹਿਆ
ਆਪਾ ਉਧੇੜਿਆ ਤੇ ਫੋਲਿਆ
ਆਪਣੇ ਬਾਹਰਲੇ ਦੀ ਅੱਖ 'ਚ ਝਾਕਿਆ
ਆਪਣਾ ਅੰਗ-ਅੰਗ ਵਿਛਾਇਆ ਖਿਲਾਰਿਆ
ਆਪਣੇ ਅੰਦਰ ਘੁਮਾਇਆ ਤੇ ਫੇਰਿਆ
ਫਿਰ ਅੰਦਰ ਨੇ
ਆਪਣੇ ਬਾਹਰ ਨੂੰ ਸਿੰਘਾਸਨ 'ਤੇ ਬਿਠਾਇਆ
ਚਰਨ ਧੋਤੇ ਤੇ ਬੋਲਿਆ : ਐ ਮੇਰੇ ਬਾਹਰ!
ਅੱਜ ਤੂੰ ਅੰਦਰ ਦਾ ਕਿਵੇਂ ਦਰ ਖੜਕਾਇਆ ਹੈ
ਅੱਜ ਤੈਨੂੰ ਅੰਦਰ ਦਾ ਕਿਵੇਂ ਖ਼ਿਆਲ ਆਇਆ ਹੈ ? (ਜਿੱਤ ਹਾਰ)

ਇਸ ਸੰਗ੍ਰਿਹ ਦੀ ਅੰਤਿਮ ਕਵਿਤਾ 'ਪੂਰਨ ਸੁਤੰਤਰਤਾ' ਵਿਚ ਕਵੀ ਇਕ ਸੁਤੰਤਰ ਮਨੁੱਖ ਦਾ ਚਿੱਤਰ ਪੇਸ਼ ਕਰਦਾ ਹੈ। ਇਹ ਕਵਿਤਾ ਸ੍ਵੈ-ਜੀਵਨੀਮੂਲਕ ਅੰਦਾਜ਼ ਵਿਚ ਲਿਖੀ ਗਈ ਹੈ। ਕਵੀ ਅਨੁਸਾਰ ਸੁਤੰਤਰ ਮਨੁੱਖ ਨਿਰਭਉ ਤੇ ਨਿਰਵੈਰ ਹੁੰਦਾ ਹੈ, ਉਹ ਮਨੁੱਖਵਾਦੀ ਹੁੰਦਾ ਹੈ। ਉਸ ਦੇ ਜ਼ਿਹਨ ਵਿਚ ਭੌਤਿਕ ਸੰਸਾਰ ਦੇ ਰਿਸ਼ਤਿਆਂ ਦਾ ਕੋਈ ਮਹੱਤਵ ਨਹੀਂ ਹੁੰਦਾ। ਉਹ ਸਮੇਂ ਦਾ ਹਾਣੀ ਹੋ ਕੇ ਵਿਚਰਦਾ ਹੈ। ਅਜਿਹੇ ਮਨੁੱਖ ਦੇ ਸਰੂਪ ਨੂੰ ਉਜਾਗਰ ਕਰਦਾ ਹੋਇਆ ਕਵੀ ਲਿਖਦਾ ਹੈ:

ਮੈਂ ਮੋਹ ਮਾਇਆ ਤੇ ਹੰਕਾਰ ਦੇ ਰਿਸ਼ਤੇ
ਆਪਣੇ 'ਚੋਂ ਤਿਆਗ ਦਿੱਤੇ ਨੇ
ਜਨਮ ਦੀ ਖ਼ੁਸ਼ੀ, ਮਰਨ ਦਾ ਗ਼ਮ ਵਿਸਾਰ ਦਿੱਤੇ ਨੇ
ਆਪਣੀ ਹੋਂਦ ਤੋਂ ਦੇਹ ਦੀ ਓੜ੍ਹਨੀ ਉਤਾਰ ਦਿੱਤੀ ਹੈ
ਆਪਣੀ ਆਤਮਾ
ਪਰਮ ਆਤਮਾ 'ਚ ਢਾਲ ਦਿੱਤੀ ਹੈ
ਹੁਣ ਮੈਂ ਪ੍ਰਾਣ ਦਾ ਪ੍ਰਾਣ ਬਣ ਕੇ ਜੀ ਰਿਹਾ ਹਾਂ
ਮਹਿਕ ਖਿਲਾਰਦਾ ਹਾਂ
ਜੀਵਨ ਦੀ ਕੁੜੱਤਣ ਪੀ ਰਿਹਾ ਹਾਂ
ਮੈਂ ਆਪਣੀ ਹੋਂਦ ਦਾ ਆਜ਼ਾਦ ਪੰਛੀ
ਬਿਨ ਪ੍ਰਾਣ ਬਿਨ ਦੇਹ ਗੁਜ਼ਰਦਾ ਹਾਂ
ਇਕ ਬਿੰਦੂ 'ਚ ਸਾਗਰ ਉਤਾਰਦਾ ਹਾਂ
ਆਪਣੀ ਪਹਿਚਾਣ ਖੋ ਜਾਂਦਾ ਹਾਂ
ਬਿੰਦੂ ਤੋਂ ਸਾਗਰ ਹੋ ਜਾਂਦਾ ਹਾਂ।

ਸਾਗਰ ਦਾ ਰੂਪ ਹੋ ਕੇ ਵਿਚਰਦਾ ਹਾਂ
ਸਾਗਰ ਤੋਂ ਭਾਫ਼, ਭਾਫ਼ ਤੋਂ ਬੱਦਲ
ਬੱਦਲ ਤੋਂ ਕਣੀਆਂ ਸਿਰਜਦਾ ਹਾਂ
ਆਪਣੀ ਜਗਿਆਸਾ 'ਚ ਇੰਝ ਵਿਚਰਦਾ ਹਾਂ
ਕੁਕਨੁਸ ਵਾਂਗ ਆਪਣਾ ਆਪਾ ਸਿਰਜਦਾ ਹਾਂ।

(ਪੂਰਨ ਸੁਤੰਤਰਤਾ)

# 5. ਸ਼ੀਸ਼ੇ ਵਿਚਲਾ ਸੂਰਜ (2008)

'ਸ਼ੀਸ਼ੇ ਵਿਚਲਾ ਸੂਰਜ' ਦੀਆਂ ਕਵਿਤਾਵਾਂ ਦਾ ਮੁੱਖ ਪੈਰਾਡਾਈਮ ਹੋਂਦ (existence) ਅਤੇ ਪਹਿਚਾਣ (identity) ਹੈ। ਆਧੁਨਿਕ ਵਿਅਕਤੀ ਆਪਣੀ ਹੋਂਦ ਦੇ ਨਾਲ-ਨਾਲ ਆਪਣੀ ਪਹਿਚਾਣ ਬਾਰੇ ਅਤਿਚੇਤੰਨ ਹੈ। ਅਸਲ ਵਿਚ ਇਹ ਦੋਵੇਂ ਪੱਖ ਇਕ-ਦੂਜੇ ਦੇ ਪੂਰਕ ਹਨ। ਜੇ ਮਨੁੱਖ ਦੀ ਕੋਈ ਵਿਲੱਖਣ ਹੋਂਦ ਹੈ ਤਾਂ ਉਸ ਦੀ ਇਕ ਨਿਸ਼ਚਿਤ ਪਹਿਚਾਣ ਵੀ ਹੁੰਦੀ ਹੈ ਅਤੇ ਜੇ ਪਹਿਚਾਣ ਨਹੀਂ ਤਾਂ ਸਮਝ ਲਉ ਕਿ ਉਸ ਦੀ ਕੋਈ ਹੋਂਦ ਹੀ ਨਹੀਂ ਹੈ। ਜਾਗੀਰਦਾਰੀ ਸਮਾਜ ਵਿਚ ਹੋਂਦ ਅਤੇ ਪਹਿਚਾਣ ਦਾ ਕੋਈ ਸੰਕਟ ਨਹੀਂ ਸੀ ਹੁੰਦਾ। ਸਾਰੇ ਲੋਕ, ਜੇ ਕੋਈ ਵਿਸ਼ੇਸ਼ ਮੁਸੀਬਤ ਨਾ ਆ ਜਾਵੇ, ਇਕ ਹੀ ਪਿੰਡ ਜਾਂ ਕਸਬੇ ਵਿਚ ਜੀਵਨ ਬਿਤਾਈ ਜਾਂਦੇ ਸਨ। ਉਹਨਾਂ ਦੇ ਪਿਉ-ਦਾਦੇ ਵੀ ਉਥੇ ਹੀ ਜੰਮੇ-ਪਲੇ ਹੁੰਦੇ ਸਨ, ਇਸ ਕਾਰਨ ਹਰ ਕੋਈ ਇਕ-ਦੂਜੇ ਨੂੰ ਵਰ੍ਹਿਆਂ ਤੋਂ ਜਾਣਦਾ-ਪਹਿਚਾਣਦਾ ਹੁੰਦਾ ਸੀ, ਇਕ-ਦੂਜੇ ਦੇ ਦੁੱਖ-ਸੁਖ ਦਾ ਭਾਈਵਾਲ ਹੁੰਦਾ ਸੀ, ਫਿਰ ਪਹਿਚਾਣ ਦਾ ਸੰਕਟ ਕਿਵੇਂ ਪੈਦਾ ਹੋਣਾ ਸੀ ? ਪਰ ਪੂੰਜੀਵਾਦੀ ਸਮਾਜ ਵਿਚ ਸਮਾਜ ਦੇ ਸਾਰੇ ਲੋਕ ਪੜ੍ਹਾਈ-ਲਿਖਾਈ ਅਤੇ ਰੋਜ਼ਗਾਰ ਆਦਿ ਦੇ ਸਿਲਸਿਲੇ ਵਿਚ ਨਾ ਕੇਵਲ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਬਲਕਿ ਇਕ ਦੇਸ਼ ਤੋਂ ਦੂਜੇ ਦੇਸ਼ ਵੀ ਆਉਂਦੇ-ਜਾਂਦੇ ਰਹਿੰਦੇ ਹਨ। ਇਸ ਸੂਰਤ ਵਿਚ ਪਹਿਚਾਣ ਦਾ ਸੰਕਟ ਬਣ ਜਾਂਦਾ ਹੈ। ਹੋਂਦ ਅਤੇ ਪਹਿਚਾਣ ਤੋਂ ਬਿਨਾਂ ਮਨੁੱਖ ਬੇਗਾਨਾ ਅਤੇ ਅਜਨਬੀ ਹੋ ਜਾਂਦਾ ਹੈ। ਇਸ ਅਹਿਸਾਸ ਨੂੰ ਵਿਅਕਤ ਕਰਨ ਵਾਲ਼ੀ ਇਕ ਕਵਿਤਾ ਦੇਖੋ:

ਕੋਈ ਫ਼ੈਸਲਾਕੁਨ ਰਾਹ ਨਜ਼ਰ ਆਉਂਦਾ ਨਹੀਂ
ਹੋਂਦ ਤੇ ਪਹਿਚਾਣ ਬਿਨ ਆਪਣੀ ਹੀ ਮੰਡੀ 'ਚ
ਮੁੱਲ ਕੋਈ ਪਾਉਂਦਾ ਨਹੀਂ, ਮੁੱਲ ਨਜ਼ਰ ਆਉਂਦਾ ਨਹੀਂ।

o

ਹੋਂਦ ਤੇ ਪਹਿਚਾਣ ਬਿਨ
ਆਪਣੇ ਪਰਾਏ ਦੀ ਕੋਈ ਸ਼ਨਾਖ਼ਤ ਨਹੀਂ
ਮਨੁੱਖਤਾ ਬਿਨ ਮਨੁੱਖ ਨੂੰ ਜਿਊਣ ਦੀ ਆਦਤ ਨਹੀਂ

ਸ਼ਨਾਖ਼ਤ ਬਿਨ ਮਨੁੱਖ ਨਹੀਂ
ਰੱਬ ਨਹੀਂ, ਇਬਾਦਤ ਨਹੀਂ
ਮੌਤ ਨੂੰ ਜ਼ਿੰਦਗੀ ਦੀ
ਜ਼ਿੰਦਗੀ ਨੂੰ ਮੌਤ ਦੀ ਆਦਤ ਨਹੀਂ। (ਹੋਂਦ ਤੇ ਪਹਿਚਾਣ ਬਿਨਾਂ)

ਆਧੁਨਿਕ ਵਿਅਕਤੀ ਦਾ ਇਕ ਹੋਰ ਸੰਕਟ ਆਪਣੀ ਸ਼ਖ਼ਸੀਅਤ ਨੂੰ ਰਿਸ਼ਤਿਆਂ ਦੇ ਮੇਚ ਦੀ ਬਣਾਉਣਾ ਹੈ। ਮੱਧਕਾਲ ਵਿਚ ਰਿਸ਼ਤਿਆਂ ਦੀ ਮਰਯਾਦਾ ਬੜੀ ਸੱਚੀ-ਸੁੱਚੀ ਅਤੇ ਪਿਆਰੀ-ਸਤਿਕਾਰੀ ਹੁੰਦੀ ਸੀ। ਸਾਧਾਰਣ ਆਦਮੀ ਨੂੰ ਕਦੇ ਵੀ ਇਹ ਮਹਿਸੂਸ ਨਹੀਂ ਸੀ ਹੁੰਦਾ ਕਿ ਰਿਸ਼ਤੇ ਉਸ ਦੇ ਵਿਕਾਸ ਜਾਂ ਪ੍ਰਗਤੀ ਲਈ ਕੋਈ ਬੋਝ ਹਨ। ਅਸਲ ਵਿਚ ਆਮ ਆਦਮੀ ਲਈ ਉਹਨਾਂ ਦਿਨਾਂ ਵਿਚ ਵਿਕਾਸ ਜਾਂ ਪ੍ਰਗਤੀ ਆਦਿਕ ਸ਼ਬਦਾਂ ਦੇ ਕੋਈ ਅਰਥ ਹੀ ਨਹੀਂ ਸਨ ਹੁੰਦੇ। ਕੋਈ ਵਿਅਕਤੀ ਜਿਸ ਘਰ-ਪਰਿਵਾਰ ਵਿਚ ਪੈਦਾ ਹੁੰਦਾ ਸੀ, ਉਸ ਦੀਆਂ ਸੀਮਾਵਾਂ-ਸੰਭਾਵਨਾਵਾਂ ਨੂੰ ਨਾਲ ਲੈ ਕੇ ਚੱਲਣਾ ਹੀ ਉਸ ਦੀ ਨਿਯਤੀ ਹੁੰਦੀ ਸੀ, ਮਰਯਾਦਾ ਹੁੰਦੀ ਸੀ। ਸਮਾਜ ਦੇ ਸਾਰੇ ਲੋਕ ਮਰਯਾਦਾ-ਪੂਜਕ ਹੁੰਦੇ ਸਨ, ਮਰਯਾਦਾ-ਭੰਜਕ ਕੋਈ ਵਿਰਲਾ ਹੀ ਹੁੰਦਾ ਸੀ ਅਤੇ ਅਜਿਹੇ ਮਰਯਾਦਾ-ਭੰਜਕ ਵਿਅਕਤੀ ਨੂੰ ਸਮਾਜ ਵਿਚ ਸਵੀਕ੍ਰਿਤੀ ਨਹੀਂ ਸੀ ਮਿਲਦੀ ਬਲਕਿ ਉਸ ਨੂੰ ਸਮਾਜ ਅਤੇ ਸਭਿਆਚਾਰ ਵਿਚੋਂ ਨਿਸ਼ਕਾਸਿਤ (rusticate) ਕਰ ਦਿੱਤਾ ਜਾਂਦਾ ਸੀ। ਇਸ ਕਾਰਨ ਕੋਈ ਵੀ ਵਿਅਕਤੀ ਮਰਯਾਦਾ ਦੇ ਭੰਜਨ ਦੀ ਜੁਰਅੱਤ ਹੀ ਨਹੀਂ ਸੀ ਕਰਦਾ। ਪਰੰਤੂ ਆਧੁਨਿਕ ਯੁਗ ਵਿਚ ਹਰ ਕੋਈ ਆਪਣੀਆਂ ਸੁਖ-ਸੁਵਿਧਾਵਾਂ ਨਾਲ ਹੀ ਜੁੜਿਆ ਹੋਇਆ ਹੈ। ਇਸ ਕਾਰਨ ਜੇ ਸਮਾਜ ਅਥਵਾ ਘਰ-ਪਰਿਵਾਰ ਦੇ ਲੋਕ ਉਸ ਪਾਸੋਂ ਰਿਸ਼ਤੇ ਨਿਭਾਉਣ ਦੀ ਆਸ਼ਾ ਰੱਖਦੇ ਹਨ ਤਾਂ ਉਸ ਨੂੰ ਤਕਲੀਫ਼ ਹੁੰਦੀ ਹੈ ਕਿਉਂਕਿ ਅਜੋਕੇ ਤੇਜ਼ ਰਫ਼ਤਾਰ ਅਤੇ ਅੰਨ੍ਹੇ ਮੁਕਾਬਲੇ ਦੇ ਯੁਗ ਵਿਚ ਜੇ ਕੋਈ ਵਿਅਕਤੀ ਆਪਣੇ ਲਈ ਹੀ ਕੁਝ ਕਰ ਲਵੇ ਤਾਂ ਏਨਾ ਹੀ ਬਹੁਤ ਹੈ। ਰਿਸ਼ਤਿਆਂ ਦੇ ਅਣਵਾਂਛਿਤ ਬੋਝ ਨੂੰ ਆਪਣੇ ਕੰਧਿਆਂ ਉਪਰ ਲੱਦ ਕੇ ਪ੍ਰਗਤੀ ਦੀ ਆਸ਼ਾ ਵੀ ਨਹੀਂ ਕੀਤੀ ਜਾ ਸਕਦੀ। ਚਰਨ ਸਿੰਘ ਰਿਸ਼ਤਿਆਂ ਦੇ ਚੱਕਰਵਿਊਹ ਵਿਚ ਫਸੇ ਇਕ ਆਧੁਨਿਕ ਸੰਵੇਦਨਸ਼ੀਲ ਵਿਅਕਤੀ ਦੀ ਵਿਅਥਾ ਨੂੰ ਇਸ ਪ੍ਰਕਾਰ ਬਿਆਨ ਕਰਦਾ ਹੈ:

ਸਬੂਤਾ ਚਿਹਰਾ
ਰਿਸ਼ਤਿਆਂ ਨੂੰ ਜਿਉਂਦਾ-ਜਿਉਂਦਾ ਤਿੜਕ ਗਿਆ ਹੈ
ਰਿਸ਼ਤਿਆਂ 'ਚ ਮੋਹ ਵੰਡਿਆ ਗਿਆ ਹੈ
ਰਿਸ਼ਤਿਆਂ ਦਾ ਇਕ ਬੰਧਨ ਬਣ ਕੇ ਰਹਿ ਗਿਆ ਹੈ
ਜੀਵਨ ਗਤੀ ਦੀ ਖ਼ੁਸ਼ਬੂ ਪਿੱਛੇ ਰਹਿ ਗਈ ਹੈ

ਰਿਸ਼ਤਿਆਂ ਦੇ ਮੋਹ ਤੇ ਬੰਧਨ ਦਾ
ਪਹਾੜ ਪੱਲੇ ਪੈ ਗਿਆ ਹੈ।...

o

ਰਿਸ਼ਤਿਆਂ ਦੇ ਦਾਇਰਿਆਂ 'ਚ
ਖਿੱਲਰ ਗਿਆ ਡੁੱਲ੍ਹ ਗਿਆ
ਆਪਣਾ ਆਪ ਭੁੱਲ ਗਿਆ
ਜ਼ਿੰਦਗੀ ਜਿਉਣਾ ਵਿਸਰ ਗਿਆ
ਰਿਸ਼ਤਿਆਂ ਦੀ ਮੋਹ-ਮਾਇਆ 'ਚ
ਮੈਂ ਏਨਾ ਘੁਲ ਗਿਆ
ਕਿ ਜੀਵਨ ਦਾ ਮਕਸਦ ਤਾਂ ਕੀ
ਜੀਵਨ ਦਾ ਰਿਸਤਾ ਹੀ ਭੁੱਲ ਗਿਆ।...

ਮੇਰੀ ਜੀਵਨ ਗਤੀ ਨੇ ਰਿਸ਼ਤਿਆਂ ਨੂੰ ਜਨਮ ਦੇਣਾ ਸੀ
ਸਮੇਂ ਦੇ ਵੇਗ ਵਾਂਗ ਵਹਿੰਦੀ ਹੀ ਰਹਿਣਾ ਸੀ
ਨਾ ਰਿਸ਼ਤਿਆਂ ਦੀ ਚੁੰਗਲ 'ਚ ਠਹਿਰ਼ਨਾ ਨਾ ਵਹਿਣਾ ਸੀ
ਨਾ ਬੰਧਨ ਨਾ ਮੋਹ ਦੇ ਘੇਰੇ 'ਚ ਆਉਣਾ ਸੀ
ਨਾ ਆਪਣੀ ਦੇਹ 'ਚ ਲਾਲਚ ਦਾ ਜੰਗਲ ਉਗਾਉਣਾ ਸੀ
ਜੀਵਨ ਗਤੀ ਤੋਂ ਤੁਰ ਕੇ ਜੀਵਨ ਗਤੀ ਨੂੰ ਪਾਉਣਾ ਸੀ
ਮੇਰਾ ਜੀਵਨ ਇਕ ਚਸ਼ਮਾ, ਇਕ ਨਦੀ
ਇਕ ਦਰਿਆ, ਇਕ ਸਾਗਰ ਕਹਾਉਣਾ ਸੀ।

(ਖਿੰਡ ਚੁੱਕੇ ਨਕਸ਼ਾਂ ਤੇ ਅੰਗਾਂ ਦੀ ਤਲਾਸ਼)

'ਸੀਸ਼ੇ ਵਿਚਲੀ ਔਰਤ' ਨਾਮ ਦੀ ਇਕ ਹੋਰ ਉਲੇਖਯੋਗ ਅਤੇ ਮਹੱਤਵਪੂਰਨ ਕਵਿਤਾ ਸਮਾਜ ਵਿਚ ਇਸਤਰੀ ਦੀ ਹੈਸੀਅਤ ਅਤੇ ਸਥਾਨ ਨਾਲ ਸੰਬੰਧਿਤ ਹੈ। ਪ੍ਰਕਿਰਤੀ ਵੱਲੋਂ ਇਸਤਰੀ ਨੂੰ ਏਨੀ ਅਹਿਮ ਅਤੇ ਪਵਿੱਤਰ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਇਸ ਦੀ ਪਾਲਣਾ ਕਰਦੀ ਅਤੇ ਇਸ ਉਪਰ ਪਹਿਰਾ ਦਿੰਦੀ ਹੋਈ ਨਾਰੀ ਅਧਿਕਾਰਾਂ ਲਈ ਲੜੀ ਜਾ ਰਹੀ ਲੜਾਈ ਵਿਚ ਮਰਦ ਤੋਂ ਪੱਛੜ ਗਈ ਹੈ। ਮਰਦ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਔਰਤ ਦੀ ਜ਼ਿੰਮੇਵਾਰੀ ਨੂੰ ਧਿਆਨ ਵਿਚ ਰੱਖ ਕੇ ਹਰ ਖੇਤਰ ਵਿਚ ਉਸ ਨੂੰ ਅੱਗੇ ਰੱਖਦਾ ਪਰੰਤੂ ਉਸ ਨੂੰ ਆਪਣੇ ਸੁਖ-ਆਰਾਮ ਨਾਲ ਤਾਅਲੁੱਕ ਸੀ। ਔਰਤ ਜੇ ਪਿਸੀ ਜਾ ਰਹੀ ਤਾਂ ਪਿਸਦੀ ਰਹੇ, ਮਰਦੀ-ਖਪਦੀ ਹੈ ਤਾਂ ਮਰਦੀ-ਖਪਦੀ ਰਹੇ। ਉਸ ਨੇ ਸਗੋਂ ਔਰਤ ਉਪਰ ਹੋਰ ਬੋਝ ਪਾਉਣਾ ਸ਼ੁਰੂ ਕਰ ਦਿੱਤਾ। ਬੱਚਿਆਂ ਨੂੰ ਜਨਮ ਦੇਣ ਅਤੇ ਪਾਲਣ-ਪੋਸਣ ਦਾ ਕੰਮ ਤਾਂ ਉਹ ਕਰ ਹੀ ਰਹੀ ਸੀ, ਘਰ-ਪਰਿਵਾਰ ਦੇ ਹੋਰ ਵੀ ਕਠਿਨ ਕੰਮ ਔਰਤ

ਦੇ ਹਵਾਲੇ ਕਰ ਦਿੱਤੇ ਗਏ ਅਤੇ ਉਸ ਪਾਸੋਂ ਨਿਰਖ਼ਰੀਦ ਬਾਂਦੀਆਂ ਵਾਂਗ ਦਿਨ-ਰਾਤ ਕੰਮ ਲਿਆ ਜਾਣ ਲੱਗਾ। ਇਸ ਸੂਰਤ ਵਿਚ ਔਰਤ ਵਿਚਾਰੀ ਬੇਬਸ ਹੋ ਕੇ ਰਹਿ ਗਈ। ਚਰਨ ਸਿੰਘ ਨੇ ਇਕ ਕੁਸ਼ਲ ਸਭਿਆਚਾਰ ਵਿਗਿਆਨੀ ਵਾਂਗ ਨਾਰੀ ਦੀ ਹੋਂਦ ਅਤੇ ਸ਼ਨਾਖ਼ਤ ਨਾਲ ਜੁੜੇ ਪਹਿਲੂਆਂ ਨੂੰ ਅਗਰਭੂਮੀ ਵਿਚ ਰੱਖ ਕੇ ਨਾਰੀ ਦੇ ਅਧਿਕਾਰਾਂ ਦੀ ਵਕਾਲਤ ਕੀਤੀ ਹੈ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ :

ਮੇਰੀ ਪਤਨੀ ਜੇ ਮੇਰਾ ਅੰਸ਼
ਆਪਣੀ ਕੁੱਖ 'ਚ ਉਤਾਰਦੀ ਹੈ
ਤਾਂ ਅੰਸ਼ ਦਾ ਸਿਰਜਕ ਮਾਰਦੀ ਹੈ
ਜੇ ਸਿਰਜਕ ਉਤਾਰਦੀ ਹੈ
ਤਾਂ ਆਪਣਾ ਅੰਸ਼ ਮਾਰਦੀ ਹੈ
ਤਕਸੀਮੀ ਜਾਂਦੀ ਹੈ
ਆਪਣੇ ਅੰਸ਼ ਤੇ ਸਿਰਜਕ ਦੇ ਚਿਹਰੇ 'ਚ
ਆਪਣੇ ਚਾਨਣ 'ਚ ਆਪਣੇ ਹਨੇਰੇ 'ਚ।

o

ਵੰਡੀ ਤਾਂ ਪਤਨੀ ਹੀ ਜਾਂਦੀ ਹੈ
ਔਲਾਦ ਵਿਚ ਵੀ ਪਤੀ ਵਿਚ ਵੀ
ਪਤੀ ਤਾਂ ਔਲਾਦ ਦੀ ਹੋਂਦ 'ਚ ਵੰਡਿਆ ਵੀ ਸਾਬਤ ਹੈ
ਪਤੀ ਹੋ ਕੇ ਵੀ ਸਾਬਤ ਹੈ
ਨਾ ਪਤਨੀ ਦਾ ਫੱਟ ਭਰਦਾ ਹੈ
ਨਾ ਮਲ੍ਹਮ ਧਰਦਾ ਹੈ।...

o

ਔਰਤ ਨੂੰ ਔਰਤ ਸਾਬਤ ਕਰਨ ਲਈ
ਆਪਣੀ ਹੋਂਦ ਨੂੰ
ਮਰਦ ਅਨੁਸਾਰ ਢਾਲਣਾ ਜ਼ਰੂਰੀ ਹੈ
ਮਰਦ ਦੇ ਨਿੱਘ ਲਈ
ਆਪਣੇ ਹੱਡਾਂ ਨੂੰ ਬਾਲਣਾ ਜ਼ਰੂਰੀ ਹੈ।...

o

ਸੁਣਿਆ ਹੈ
ਰੱਬ ਨੇ ਇਹ ਪ੍ਰਕਿਰਤੀ ਇਹ ਸੰਸਾਰ ਬਣਾਇਆ ਹੈ

ਸਿਰਜਣ ਵਾਲਾ ਸਿਰਜਕ ਆਪ ਕਿਤੇ ਨਜ਼ਰ ਨਾ ਆਇਆ ਹੈ
ਫਿਰ ਵੀ ਸਾਰੇ ਸੰਸਾਰ ਨੇ ਉਸਨੂੰ ਪੂਜਿਆ ਤੇ ਗਾਇਆ ਹੈ
ਸਿਮਰਿਆ ਤੇ ਧਿਆਇਆ ਹੈ।

o

ਔਰਤ ਜੋ ਸੰਸਾਰ ਦੀ ਉਤਪਤੀ ਦੀ ਸਿਰਜਕ ਹੈ
ਰੱਬ ਦੀ ਕਾਰੀਗਰੀ, ਬੰਦੇ ਦੀ ਕਿਸਮਤ ਹੈ
ਸਾਫ਼ ਚਿਹਰਾ ਮੋਹਰਾ ਤੇ ਆਕਾਰ ਜਿਸ ਦਾ ਨਜ਼ਰ ਆਉਂਦਾ ਹੈ
ਪੱਥਰ ਤਾਂ ਕੀ ਕੋਈ ਬੰਦਾ ਨਾ ਇਸ ਨੂੰ ਧਿਆਉਂਦਾ ਹੈ
ਨਾ ਇਸ ਨੂੰ ਸਿਮਰਦਾ ਨਾ ਇਸ ਦਾ ਗਾਨ ਕਰਦਾ ਹੈ
ਪੂਜਣ ਦੀ ਬਜਾਇ ਇਸ ਦਾ ਅਪਮਾਨ ਕਰਦਾ ਹੈ। (ਔਰਤ)

# 6. ਰੁੱਖ ਤੇ ਜੰਗਲ (2008)

'ਰੁੱਖ ਤੇ ਜੰਗਲ' ਵਿਚ ਸੰਕਲਿਤ ਚਰਨ ਸਿੰਘ ਦੀਆਂ ਲਗਪਗ 50 ਕਵਿਤਾਵਾਂ ਉਸ ਦੀ ਇਸ ਕਾਵਿ-ਯਾਤਰਾ ਦੇ ਇਕ ਨਵੇਂ ਦੌਰ ਦੀ ਸੂਚਨਾ ਦਿੰਦੀਆਂ ਹਨ। ਇਹਨਾਂ ਕਵਿਤਾਵਾਂ ਦਾ ਇਕ ਧਰਾਤਲ ਕਵੀ ਨੂੰ ਆਪਣੇ ਸਭਿਆਚਾਰਕ ਵਿਰਸੇ ਨਾਲ ਜੋੜਦਾ ਹੈ। ਇਸ ਸੰਗ੍ਰਹਿ ਦਾ ਆਰੰਭ ਲੋਕ-ਰੰਗ ਨਾਲ ਜੁੜੀ ਇਕ ਕਵਿਤਾ ਦੁਆਰਾ ਹੁੰਦਾ ਹੈ, ਜਿਸ ਵਿਚ ਇਕ ਸੱਜ-ਵਿਆਹੀ ਮੁਟਿਆਰ ਕੁੜੀ ਪਰਦੇਸ ਗਏ ਆਪਣੇ ਪਤੀ ਦੀ ਉਡੀਕ ਵਿਚ ਚਰਖ਼ਾ ਕੱਤ ਕੇ ਆਪਣਾ ਵਕਤ ਬਿਤਾ ਰਹੀ ਹੈ। ਚਰਖ਼ਾ ਮਨੁੱਖੀ ਜੀਵਨ ਦਾ ਪ੍ਰਤੀਕ ਹੈ ਅਤੇ ਸੂਫ਼ੀ ਕਵੀਆਂ ਨੇ ਇਸ ਪ੍ਰਤੀਕ ਨੂੰ ਪੰਜਾਬੀ ਕਾਵਿ ਦਾ ਇਕ ਅਨਿੱਖੜ ਅੰਗ ਬਣਾ ਦਿੱਤਾ ਸੀ। ਇਹੀ ਕਾਰਨ ਹੈ ਕਿ ਚਰਨ ਸਿੰਘ ਦੇ ਕਾਵਿ ਵਿਚ ਵਰਤਿਆ ਗਿਆ ਇਹ ਪ੍ਰਤੀਕ ਅਰਥ-ਸੰਚਾਰ ਦੀ ਕੋਈ ਸਮੱਸਿਆ ਪੈਦਾ ਨਹੀਂ ਕਰਦਾ। ਚਰਨ ਸਿੰਘ ਦੀ ਵਿਲੱਖਣਤਾ ਇਹ ਹੈ ਕਿ ਉਹ ਇਸ ਪ੍ਰਤੀਕ ਨੂੰ ਆਧੁਨਿਕ ਸਰੋਕਾਰਾਂ ਨਾਲ ਜੋੜ ਕੇ ਵਧੇਰੇ ਵਿਆਪਕ ਬਣਾ ਦਿੰਦਾ ਹੈ। ਦੇਖੋ:

ਸੂਤ ਕੱਤਦੀ ਕੁੜੀ ਦੇ ਸੀਨੇ 'ਚੋਂ
ਰੋਜ਼ ਨਵੇਂ ਦਿਸਹੱਦੇ ਜਨਮਦੇ ਹਨ
ਰੋਜ਼ ਨਵੇਂ ਸੂਰਜ ਉਦੈ ਹੁੰਦੇ ਹਨ
ਰੋਜ਼ ਆਪਣੇ ਆਕਾਸ਼ 'ਤੇ
ਨਵਾਂ ਤਾਰਕਾ-ਮੰਡਲ ਸਿਰਜਦੀ ਹੈ
ਆਪਣੀ ਵਫ਼ਾ, ਪਿਆਰ ਤੇ ਉਮਰ
ਹੌਕਿਆਂ, ਹਿਚਕੀਆਂ, ਹੰਝੂਆਂ ਨਾਲ ਮਿਣਦੀ ਹੈ।...

o

ਚਰਖ਼ੀ ਦੀ ਘੂਕਰ
ਵਿਦੇਸ਼ 'ਚ ਵੀ ਸੁਣਦੀ ਹੈ
ਕੱਤੇ ਸੂਤ ਨਾਲ ਗੁਆਚੇ ਮਾਹੀ ਦੀ ਪਿੱਠ ਢੱਕਦੀ ਹੈ
ਪਰ ਛਾਤੀ 'ਚ ਰਾਹਾਂ ਤੋਂ ਉੱਖੜੇ

ਪੈਰਾਂ ਦਾ ਸਵਾਲ ਨੰਗਾ ਰਹਿ ਜਾਂਦਾ ਹੈ
ਕੁੜੀ ਦੀਆਂ ਅੱਖਾਂ ਉਸ ਸਵਾਲ ਨੂੰ ਤੱਕਦੀਆਂ
ਹੱਥ ਰਾਂਗਲੇ ਧਾਗਿਆਂ ਨਾਲ ਸੁਪਨੇ ਉਣਦੇ
ਤੇ ਕੰਨ ਸੁਪਨਿਆਂ ਦੇ ਟੁੱਟਣ ਦੀ ਆਵਾਜ਼ ਸੁਣਦੇ
ਨਜ਼ਰ ਦੇ ਸੱਚ ਨੂੰ ਪੈ ਗਏ ਕੀੜੇ ਜ਼ਫ਼ਰ ਦੇ
ਕੁੜੀ ਪੁੱਠੇ ਪੈਰੀਂ ਵਤਨ ਮੁੜਦੀ
ਖ਼ਿਆਲੀ ਸਫ਼ਰ ਪਰਦੇਸ ਦਾ
ਇਹ ਰੋਜ਼ ਕਰਦੀ ਹੈ
ਪਲ ਪਲ ਜਿਉਂਦੀ ਹੈ ਪਲ ਪਲ ਮਰਦੀ ਹੈ।

o

ਚਰਖ਼ੀ ਦੀ ਘੂਕਰ 'ਚੋਂ
ਇਕ ਲੋਕ-ਰੰਗ ਦੀ ਆਵਾਜ਼ ਰੋਜ਼ ਉੱਠਦੀ ਹੈ
ਸ਼ਬਦਾਂ ਤੇ ਅਰਥਾਂ 'ਚ ਗੁਆਚ ਜਾਂਦੀ ਹੈ। (ਚਰਖ਼ੀ ਦੀ ਘੂਕਰ)

ਉਕਤ ਕਵਿਤਾ ਵਿਚ ਕਵੀ ਨੇ ਪਰਦੇਸ ਜਾਣ ਦੀ ਇੱਛਾ ਰੱਖਣ ਵਾਲੀ ਇਕ ਮੁਟਿਆਰ ਕੁੜੀ ਅਤੇ ਉਸ ਨਾਲ ਜੁੜੇ ਸਮੁੱਚੇ ਪੰਜਾਬੀ ਸਭਿਆਚਾਰ ਦਾ ਇਕ ਦੁਖਾਂਤ ਸਿਰਜਿਆ ਹੈ। ਪਿਛਲੇ ਪੰਜ-ਸੱਤ ਦਹਾਕਿਆਂ ਤੋਂ ਪੰਜਾਬ ਦਾ ਨਵ-ਨਿਰਮਾਣ ਨਹੀਂ ਹੋ ਸਕਿਆ। ਇਸ ਦੇ ਸੰਚਾਲਕ ਅਤੇ ਆਪੇ ਬਣੇ ਮਾਲਕ, ਰਾਜਸੀ ਨੇਤਾ ਅਤੇ ਅਫ਼ਸਰ ਇਸ ਨੂੰ ਚੂੰਡ-ਚੂੰਡ ਕੇ ਖਾ ਗਏ ਹਨ। ਇਹਨਾਂ ਤੋਂ ਪਹਿਲਾਂ ਪੂਰੀ ਇਕ ਸਦੀ ਅੰਗਰੇਜ਼ ਸ਼ਾਸਕਾਂ ਨੇ ਇਹੀ ਕੁਝ ਕੀਤਾ ਸੀ। ਅਸਲ ਵਿਚ ਲੁੱਟਣ-ਪੁੱਟਣ ਦੀ ਇਹ ਵਿਧੀ ਸਾਡੇ ਨੇਤਾਵਾਂ ਅਤੇ ਅਫ਼ਸਰਾਂ ਨੇ ਅੰਗਰੇਜ਼ਾਂ ਤੋਂ ਹੀ ਸਿੱਖੀ ਹੈ। ਇਸ ਨੀਤੀ ਦਾ ਅਸਰ ਇਹ ਹੋਇਆ ਹੈ ਕਿ ਪੰਜਾਬ ਬਿਲਕੁਲ ਬਰਬਾਦ ਹੋ ਗਿਆ ਹੈ। ਆਉਣ ਵਾਲੇ ਕੁਝ ਵਰ੍ਹਿਆਂ ਵਿਚ ਇਸ ਦੀ ਖ਼ੁਸ਼ਹਾਲੀ ਅਤੇ ਗੌਰਵ ਦੇ ਅਫ਼ਸਾਨੇ ਕਿੱਸੇ-ਕਹਾਣੀਆਂ ਅਰਥਾਤ ਲੋਕਯਾਨ ਵਿਚ ਹੀ ਮਿਲਿਆ ਕਰਨਗੇ। ਕਵੀ ਨੇ ਪੰਜਾਬ ਦੇ ਦੁਖਾਂਤ ਦੀ ਕਰੁਣ ਕਥਾ ਨੂੰ ਲੋਕਯਾਨਿਕ ਚੌਖਟੇ ਵਿਚ ਬੰਨ੍ਹ ਕੇ ਪੇਸ਼ ਕੀਤਾ ਹੈ। ਆਪਣੀ ਇਕ ਹੋਰ ਕਵਿਤਾ ਵਿਚ ਉਹ ਭਾਰਤੀ ਲੋਕਤੰਤਰ ਉਪਰ ਭਰਪੂਰ ਵਿਅੰਗ ਕਰਦਾ ਹੈ। ਉਹ ਲਿਖਦਾ ਹੈ:

ਕਬਰਸਤਾਨ ਦਾ ਰਕਬਾ ਵਧ ਗਿਆ ਹੈ
ਬੱਚੇਦਾਨੀਆਂ ਸੁੰਗੜ ਗਈਆਂ ਹਨ
ਕੁਆਰੀਆਂ ਮਾਵਾਂ ਦੀਆਂ ਮੁੱਠਾਂ 'ਚ
ਗੱਲ ਜਿਥੋਂ ਤੁਰੀ ਸੀ
ਉਥੇ ਹੀ ਖੜੀ ਹੈ

ਉਂਝ ਗੱਲ ਮੁੱਕਣ ਦੀ ਚਰਚਾ ਬੜੀ ਹੈ।

ਲੋਕਤੰਤਰ
ਪੈਂਤੀ ਅੱਖਰੀ ਤੋਂ ਜੀਭਾ ਤਕ
ਚਰਚਾ ਹੀ ਚਰਚਾ ਹੈ
ਲੋਕਤੰਤਰ, ਸੁੱਕੇ ਰੁੱਖਾਂ ਦੀ ਤਰ੍ਹਾਂ
ਕਦੀ ਜੜ੍ਹਾਂ ਵੱਲ ਤੱਕਦਾ ਹੈ
ਕਦੀ ਸਿਉਂਕ ਲੱਗੇ ਟਾਹਣਾਂ ਨੂੰ ਰੋਂਦਾ ਹੈ
ਕਦੀ ਖ਼ਾਲੀ ਆਲ੍ਹਣਿਆਂ 'ਚੋਂ
ਆਪਣੀ ਹੀ ਆਵਾਜ਼ ਸੁਣਦਾ ਹੈ
ਤੇ ਕਾਵਾਂ ਦੇ ਮੂੰਹ 'ਚੋਂ ਚੋਂਦੀਆਂ ਜ਼ਰਦੀਆਂ ਦੇ
ਖੰਭ ਤੇ ਪਰਵਾਜ਼ ਬੁਣਦਾ ਹੈ। (ਚਰਚਾ)

'ਰੁੱਖ ਤੇ ਜੰਗਲ' ਇਸ ਸੰਗ੍ਰਹਿ ਦੀ ਇਕ ਹੋਰ ਉਲੇਖਯੋਗ ਕਵਿਤਾ ਹੈ। ਕਵੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਾਂਗ ਇਹ ਵੀ ਪ੍ਰਤੀਕਾਤਮਕ ਸ਼ੈਲੀ ਵਿਚ ਲਿਖੀ ਗਈ ਹੈ। ਅਸਲ ਵਿਚ ਕਵੀ ਦਿਸਦੇ ਜਗਤ ਦੇ ਵਰਤਾਰੇ ਦਾ ਅਨੁਕਰਣ ਨਹੀਂ ਕਰਦਾ। ਉਸ ਇਸ ਵਰਤਾਰੇ ਦੀ ਪੁਨਰ-ਸਿਰਜਣਾ ਕਰਦਾ ਹੈ। ਇਸ ਮੰਤਵ ਲਈ ਉਸ ਨੂੰ ਪ੍ਰਤੀਕਾਂ ਦੀ ਜ਼ਰੂਰਤ ਪੈਂਦੀ ਹੈ। 'ਰੁੱਖ' ਦਾ ਪ੍ਰਤੀਕ ਉਸ ਨੇ ਇਕ ਕਰਮਸ਼ੀਲ ਅਤੇ ਕਰਤੱਵਪ੍ਰਾਇਣ ਵਿਅਕਤੀ ਲਈ ਵਰਤਿਆ ਹੈ ਅਤੇ 'ਜੰਗਲ' ਇਹੋ ਜਿਹੇ ਬਹੁਤ ਸਾਰੇ ਵਿਅਕਤੀਆਂ ਦੇ ਸਮੂਹ ਨੂੰ ਪ੍ਰਗਟ ਕਰਨ ਵਾਲਾ ਪ੍ਰਤੀਕ ਹੈ। ਕਵੀ ਅਨੁਸਾਰ ਇਕੱਲਾ ਰੁੱਖ, ਆਪਣੇ ਆਲੇ-ਦੁਆਲੇ ਨੂੰ ਸੁਖ ਦੇਣ ਦੇ ਬਾਵਜੂਦ ਝੂਰਦਾ ਰਹਿੰਦਾ ਹੈ। ਪਰ ਜਦੋਂ ਇਹੀ ਰੁੱਖ ਆਪਣੇ ਵਰਗੇ ਹੋਰ ਬਹੁਤ ਸਾਰੇ ਰੁੱਖਾਂ ਦੀ ਸੰਗਤ ਵਿਚ ਜੁੜ ਜਾਂਦਾ ਹੈ ਤਾਂ ਉਸ ਦੇ ਸਾਰੇ ਝੋਰੇ ਦੂਰ ਹੋ ਜਾਂਦੇ ਹਨ। ਅਸਲ ਵਿਚ ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਇਹ ਇਕੱਲਾ ਰਹਿਣ ਵਾਸਤੇ ਨਹੀਂ ਬਣਿਆ। ਇਸ ਦੀ ਸੰਰਚਨਾ ਸੰਗ-ਸਾਥ ਦੀ ਮੰਗ ਕਰਦੀ ਹੈ ਅਤੇ ਸੰਗਤ ਤੋਂ ਬਿਨਾਂ ਮਨੁੱਖ ਕੁੰਠਿਤ ਹੋਣ ਲੱਗਦਾ ਹੈ ਪਰ ਪੂੰਜੀਵਾਦ ਨੇ ਸਾਜ਼ਿਸ਼ ਦੁਆਰਾ ਮਨੁੱਖ ਨੂੰ ਹੋਰ ਲੋਕਾਂ ਦੀ ਸੰਗਤ ਤੋਂ ਤੋੜ ਕੇ ਇਕੱਲਾ/ਤਨਹਾ ਕਰ ਦਿੱਤਾ ਹੈ, ਇਸੇ ਕਾਰਨ ਅਜੋਕਾ ਮਨੁੱਖ ਅਨੇਕ ਸੁਖ-ਸਹੂਲਤਾਂ ਹੋਣ ਦੇ ਬਾਵਜੂਦ ਵਿਆਕੁਲ ਅਤੇ ਅਸ਼ਾਂਤ ਹੈ। ਅਜੋਕੇ ਮਨੁੱਖ ਦੀ ਇਸ ਤ੍ਰਾਸਦੀ ਨੂੰ ਬਿਆਨ ਕਰਦਾ ਹੋਇਆ ਕਵੀ ਲਿਖਦਾ ਹੈ:

ਰੁੱਖ ਨੂੰ ਉਸ ਦੀ ਚੁੱਪ ਖਾਂਦੀ
ਰੁੱਖ ਆਪਣੀ ਇਕੱਲਤਾ ਜਿਉਂਦਾ ਤੇ ਸਹਾਰਦਾ
ਰੁੱਖ ਦੀਆਂ ਅੱਖਾਂ

ਦੋਸਤੀ, ਸੰਗਤ ਲਈ ਤਰਸਦੀਆਂ
ਕੋਈ ਵੀ ਮੁਸਾਫ਼ਰ ਉਸ ਦੀਆਂ ਅੱਖਾਂ 'ਚ ਨਾ ਝਾਕਦਾ
ਰੁੱਖ ਦੇ ਦਿਲ ਦੀ ਵੇਦਨਾ ਨਾ ਜਾਣਦਾ।...

o

ਇਕ ਦਿਨ ਰੁੱਖ ਨੇ ਆਪਣੀ ਦੇਹ ਤੋਂ
ਜੜ੍ਹਾਂ, ਤਣਾ, ਛਿੱਲੜ, ਟਹਿਣੀਆਂ, ਪੱਤੇ
ਬੀਜ, ਫ਼ਲ ਸਭ ਉਤਾਰੇ
ਆਪਣੇ ਸਵੈ ਨਾਲ ਸਫ਼ਰ ਹੋ ਗਿਆ
ਆਪਣੇ ਸਵੈ ਸਹਾਰੇ, ਦੇਹ ਤੋਂ ਸਵੈ ਦਾ ਸਫ਼ਰ
ਰੁੱਖ ਦੇ ਮਸਤਕ ਵਿਚ ਪੁੱਗਾ
ਆਪਣੇ ਸਵੈ ਨਾਲ ਸਫ਼ਰ ਹੋਇਆ
ਤੇ ਜਾ ਜੰਗਲ ਵਿਚ ਉੱਗਾ।

o

ਜੰਗਲ ਦੇ ਵਿਚ ਉੱਗੇ ਰੁੱਖ ਦੀ ਚੇਤਨਤਾ ਜਾਗੀ
ਹੁਣ ਉਹ ਰੁੱਖ ਨਹੀਂ
ਜੰਗਲ ਹੋਇਆ ਹੈ, ਜੰਗਲ ਦਾ ਭਾਗੀ
ਇਕੱਲੇ ਤੋਂ ਸੰਗਤ ਹੋਇਆ
ਰੁੱਖ ਬੜਾ ਵਡਭਾਗੀ...
ਮਾਨੋ ਸਾਰੀ ਕਾਇਨਾਤ
ਰੁੱਖ ਦੀ ਦੇਹ ਵਿਚ ਸਮਾ ਗਈ ਹੋਵੇ
ਰੁੱਖ ਦੇ ਪੱਤੇ ਪੱਤੇ 'ਤੇ
ਬਹਾਰ ਸੂਰਜਾਂ ਦੀ ਆ ਗਈ ਹੋਵੇ। (ਰੁੱਖ ਤੇ ਜੰਗਲ)

ਜੀਵਨ ਵਿਚ ਮਨੁੱਖ ਦੇ ਅਮੁੱਕ ਸੰਘਰਸ਼ ਨੂੰ ਬਿਆਨ ਕਰਨ ਲਈ ਉਸ ਨੇ 'ਯੁੱਧ' ਦਾ ਪ੍ਰਤੀਕ ਚੁਣਿਆ ਹੈ। ਕਵੀ ਅਨੁਸਾਰ ਮਨੁੱਖ ਤਮਾਮ ਉਪਰ ਸੰਘਰਸ਼-ਰਤ ਰਹਿੰਦਾ ਹੈ ਪਰ ਇਸ ਯੁੱਧ ਦੁਆਰਾ ਉਸ ਨੂੰ ਸੁਖ, ਸਹਿਜ ਜਾਂ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਕਵੀ ਨੇ ਆਪਣੇ ਨਿੱਜੀ ਅਨੁਭਵ ਦੁਆਰਾ ਜਾਣ ਲਿਆ ਹੈ ਕਿ ਸ਼ਾਂਤੀ ਅਤੇ ਸਕੂਨ, ਭਟਕਣ ਵਿਚੋਂ ਹਾਸਲ ਨਹੀਂ ਹੁੰਦੇ ਬਲਕਿ ਅਭਟਕਣ, ਟਿਕਾਉ ਵਿਚੋਂ ਹਾਸਲ ਹੁੰਦੇ ਹਨ। ਉਹ ਲਿਖਦਾ ਹੈ:

ਚੰਨ ਦੀ ਭਾਲ 'ਚ
ਉਹ ਕਈ ਰਾਤਾਂ ਜਾਗਦਾ ਰਿਹਾ, ਭੌਂਦਾ ਰਿਹਾ
ਦਿਸ਼ਾਵਾਂ 'ਚ ਗੁਆਚਾ ਰਿਹਾ, ਭੁੱਖਾ ਤੇ ਪਿਆਸਾ ਰਿਹਾ

ਪਰ ਚੰਨ ਕਿਥੇ ਸੀ ?
ਚੰਨ ਤਾਂ ਅੰਦਰ ਚੱਲ ਰਹੇ ਯੁੱਧਾਂ
ਦੀ ਧੂੜ 'ਚ ਛੁਪ ਗਿਆ ਸੀ
ਘੋੜਿਆਂ ਦੀਆਂ ਟਾਪਾਂ ਥੱਲੇ ਆ ਗਿਆ ਸੀ
ਢਾਲਾਂ ਤੇ ਤਲਵਾਰਾਂ, ਲਾਸ਼ਾਂ ਦੇ ਢੇਰ, ਚੀਕ-ਚਿਹਾੜਾ
ਉਸ ਦੀ ਧੁੰਨੀ ਤੋਂ ਮਸਤਕ ਤਕ ਗੂੰਜ ਰਹੇ ਸਨ।...

o

ਯੁੱਧ ਲੜਦੇ-ਲੜਦੇ, ਉਸ ਦਾ ਸਰੀਰ ਪੁਰਜ਼ਾ-ਪੁਰਜ਼ਾ ਹੋ ਗਿਆ
ਤੇ ਮੈਦਾਨੇ-ਜੰਗ ਵਿਚ
ਉਸ ਦੇ ਹਰ ਪੁਰਜ਼ੇ 'ਚੋਂ, ਇਕ ਸਿਰ ਉੱਗ ਆਇਆ
ਸਿਰ ਉੱਗਦੇ ਹੀ
ਉਹ ਆਪਣੇ ਹੱਥਾਂ ਦਾ ਕਰਮ-ਯੁੱਧ ਭੁੱਲ ਗਿਆ
ਉਸ ਦੀ ਦ੍ਰਿਸ਼ਟੀ 'ਚੋਂ ਭਟਕਣ ਦੀ ਥਾਂ ਅਭਟਕਣ ਜਨਮੀ
ਤੇ ਉਸ ਦੇ ਪੈਰਾਂ ਨੇ ਭਟਕਣ ਤਿਆਗ
ਆਪਣੇ ਆਲੇ-ਦੁਆਲੇ ਅਭਟਕਣ ਦਾ ਸਫ਼ਰ ਬੁਣਿਆ।...

o

ਉਹ ਹੁਣ ਨਾ ਚੰਨ ਭਾਲਦਾ
ਨਾ ਰਾਤਾਂ ਨੂੰ ਜਾਗਦਾ, ਨਾ ਭੌਂਦਾ
ਸਗੋਂ ਆਪਣੇ ਆਪ 'ਚ ਬੈਠਾ
ਆਪਣੇ ਮਸਤਕ 'ਚੋਂ ਉੱਗਦੇ ਚੰਨ ਨੂੰ ਵੇਖ ਰਿਹਾ ਸੀ...
ਉਹ ਕਦੀ ਅੱਗ ਦਾ ਜੋ ਭਬੂਕਾ ਸੀ
ਜੰਗਲ ਦੀ ਹਰਿਆਵਲ ਹੋ ਗਿਆ ਸੀ
ਧਰਤੀ ਦੀ ਮਹਿਕ ਹੋ ਗਿਆ ਸੀ
ਆਪਣੀ ਬੁੱਧੀ ਦੇ ਸਦਕਾ
ਸਾਰੇ ਦਾ ਸਾਰਾ ਸ਼ੁੱਧ ਹੋ ਗਿਆ ਸੀ
ਆਪਣੇ ਆਪ 'ਚ
ਭਟਕਣਾ ਤੋਂ ਬੁੱਧ ਹੋ ਗਿਆ ਸੀ। (ਯੁੱਧ)

# 7. ਮੁੜਕੇ-ਮੁੜਦੀ ਪੌਣ (2009)

ਇਸ ਕਾਵਿ-ਸੰਗ੍ਰਹਿ ਦੀਆਂ 21 ਕਵਿਤਾਵਾਂ ਦੇ ਮਾਧਿਅਮ ਦੁਆਰਾ ਚਰਨ ਸਿੰਘ ਆਪਣੇ ਅੰਦਰਲੇ ਅਤੇ ਬਾਹਰਲੇ ਜਗਤ ਨਾਲ ਜੁੜੇ ਵਿਭਿੰਨ ਧਰਾਤਲਾਂ ਦੀ ਥਾਹ ਪਾਉਣ ਲਈ ਇਕ ਕਦਮ ਹੋਰ ਅੱਗੇ ਵਧਾਉਂਦਾ ਹੈ। ਚਰਨ ਸਿੰਘ ਬੜੇ ਸਧੇ ਹੋਏ ਕਦਮਾਂ ਨਾਲ ਮਾਨਵਤਾ ਦੀ ਮੰਜ਼ਲ ਵੱਲ ਅੱਗੇ ਤੋਂ ਅਗੇਰੇ ਵਧੀ ਜਾ ਰਿਹਾ ਹੈ। ਉਸ ਦੁਆਰਾ ਰਚੀਆਂ ਗਈਆਂ ਸਾਰੀਆਂ ਕਾਵਿ-ਪੁਸਤਕਾਂ ਮੰਜ਼ਲ ਦੇ ਰਾਹ ਉਪਰ ਲੱਗੇ ਹੋਏ ਮੀਲ-ਪੱਥਰ ਹਨ, ਜਿਨ੍ਹਾਂ ਤੋਂ ਪਤਾ ਚੱਲਦਾ ਹੈ ਕਿ ਕਵੀ ਨੇ ਆਪਣਾ ਕਿੰਨਾ ਸਫ਼ਰ ਮੁਕਾ ਲਿਆ ਹੈ, ਕਿੰਨਾ ਪੈਂਡਾ ਤੈਅ ਕਰ ਲਿਆ ਹੈ ਪਰ ਇਹਨਾਂ ਮੀਲ-ਪੱਥਰਾਂ ਤੋ ਇਹ ਪਤਾ ਨਹੀਂ ਚੱਲਦਾ ਕਿ ਕਿੰਨਾ ਪੈਂਡਾ ਬਾਕੀ ਰਹਿ ਗਿਆ ਹੈ। ਬੱਸ, ਹਰ ਵਿਅਕਤੀ ਦੇ ਜੀਵਨ ਦਾ ਸਫ਼ਰ ਐਸਾ ਹੀ ਹੈ। ਉਸ ਦੁਆਰਾ ਕੀਤੇ ਸਫ਼ਰ ਤੋਂ ਮੁਕਾਈ ਹੋਈ ਵਾਟ ਦਾ ਤਾਂ ਪਤਾ ਚੱਲ ਜਾਂਦਾ ਹੈ, ਕਿੰਨੀ ਬਾਕੀ ਰਹਿ ਗਈ ਹੈ ਇਸ ਦਾ ਕੋਈ ਗਿਆਨ ਹਾਸਲ ਨਹੀਂ ਹੁੰਦਾ। ਅਸਲ ਵਿਚ ਮਨੁੱਖਤਾ ਦਾ ਸਫ਼ਰ ਵਲਦਾਰ (spiral) ਹੈ। ਇਹ ਗੋਲ-ਚੱਕਰਾਂ (ਦਾਇਰਿਆਂ) ਵਿਚ ਚੱਲਦਾ ਹੈ। ਇਹਨਾਂ ਦਾਇਰਿਆਂ ਦਾ ਜ਼ਿਕਰ ਵੀ ਚਰਨ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਹੋਇਆ ਹੈ। ਹਥਲੇ ਸੰਗ੍ਰਹਿ ਵਿਚ ਕਵੀ ਨੇ ਇਹਨਾਂ ਦਾਇਰਿਆਂ ਦੁਆਰਾ ਮੁਕਾਏ ਸਫ਼ਰ ਨੂੰ ਵਿਅਕਤੀ ਦੀ ਆਵਾਰਗੀ ਦਾ ਨਾਮ ਦਿੱਤਾ ਹੈ। 'ਆਵਾਰਗੀ' ਵਿਚ ਹੀ ਵਿਅਕਤੀ ਗੋਲ ਦਾਇਰਿਆਂ ਵਿਚ ਘੁੰਮਦਾ ਹੈ। ਉਹ ਬਾਰ-ਬਾਰ ਜਿਥੋਂ ਚੱਲਦਾ ਹੈ, ਫਿਰ ਉਥੇ, ਉਸੇ ਪੜਾਅ ਉੱਤੇ ਆ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਹਰ ਵਾਰ ਉਹ ਉੱਚੇ ਤੋਂ ਉੱਚੇ ਧਰਾਤਲ ਉਪਰ ਜਾ ਖੜੋਂਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਆਪਣੇ ਆਪ ਨੂੰ
ਸਾਲਾਂ, ਮਹੀਨਿਆਂ, ਦਿਨਾਂ ਤੇ ਪਲਾਂ-ਪਲਾਂ ਵਿਚ ਵੰਡਿਆ ਹੈ
ਮੈਨੂੰ ਜਾਪਿਆ ਮੇਰਾ ਕੱਦ
ਸਦੀਆਂ ਲੰਮੇਰਾ ਹੈ
ਸਮੇਂ ਦੇ ਆਦਿ ਤੇ ਅੰਤ ਵਿਚਾਲੇ

ਮੇਰਾ ਹੀ ਚਿਹਰਾ ਹੈ

o

ਮੈਂ ਚਿਹਰਿਆਂ ਦੇ ਕਿੰਨੇ ਸਾਗਰ ਤਰੇ ਹਨ
ਕਿੰਨੀਆਂ ਮਾਨਵਤਾਂ ਬਾਹਾਂ 'ਚ ਖਿਡਾਈਆਂ ਹਨ
ਕਿੰਨੇ ਸਾਗਰ ਪੀਤੇ ਹਨ, ਕਿੰਨੇ ਦਰਿਆ ਡੀਕੇ ਹਨ
ਕਿੰਨੀਆਂ ਨਦੀਆਂ ਅੱਥਰੂਆਂ ਦੀਆਂ
ਨੈਣਾਂ 'ਚ ਪਾਈਆਂ ਹਨ
ਕਿੰਨੇ ਰਾਹ ਤੇ ਸਫ਼ਰ ਮੈਲੇ ਕੀਤੇ ਹਨ
ਕਿੰਨੀਆਂ ਮੰਜ਼ਲਾਂ ਮਸਤਕ 'ਚੋਂ ਉਗਾਈਆਂ ਹਨ।...

o

ਆਪਣੀ ਆਵਾਰਗੀ 'ਚ
ਇਸ ਤਰ੍ਹਾਂ ਤਕਸੀਮੇ ਗਏ
ਕਿ ਸਾਲਾਂ, ਮਹੀਨਿਆਂ, ਦਿਨਾਂ ਤੋਂ ਪਲਾਂ 'ਚ ਢਲ ਗਏ
ਸਮੇਂ ਦੇ ਮਸਤਕ 'ਚ ਠਹਿਰ ਗਏ
ਹਵਾ ਦੇ ਪੈਰਾਂ ਨੂੰ ਲਿਪਟ ਗਏ
ਆਪਣੇ ਜਲ 'ਚੋਂ ਸਹਿਰਾ ਉਗਾ ਲਿਆ
ਧਰਤ ਤੇ ਆਕਾਸ਼ ਨੂੰ ਤਲੀਆਂ 'ਤੇ ਉਠਾ ਲਿਆ
ਚੰਦਰਮਾ ਕੱਛੇ ਮਾਰਿਆ, ਮਘਦਾ ਸੂਰਜ ਮੂੰਹ 'ਚ ਪਾ ਲਿਆ
ਆਪਣੇ ਅੰਦਰ ਤੇ ਦੁਆਲੇ ਹਨੇਰਾ ਪੋਚਿਆ
ਮੱਥੇ 'ਚ ਜਗਦਾ ਦੀਵਾ ਬੁਝਾ ਲਿਆ।...

o

ਆਵਾਰਗੀ
ਆਪਣੇ ਆਪ ਦੀ ਹੈ ਆਪਣੀ ਭਾਲ ਦੀ ਹੈ
ਆਪਣੇ ਜਿਸਮ 'ਚ ਵੱਸਦੀ ਰੂਹ ਦੀ ਹੈ
ਪਾਣੀ ਲਈ ਪਿਆਸੇ ਖੂਹ ਦੀ ਹੈ...

o

ਸਦੀਆਂ ਤੇ ਆਵਾਰਗੀ
ਮੇਰੀ ਦੇਹ 'ਚ ਵੱਸਦੀਆਂ
ਸੁਖਾਂ ਦੁੱਖਾਂ ਦੀ ਮਹਿਕ ਖਿਲਾਰਦੀਆਂ
ਆਪਣੀ ਕਿਸਮਤ 'ਤੇ ਰੋਂਦੀਆਂ ਤੇ ਹੱਸਦੀਆਂ
ਮੇਰੀ ਦੇਹ ਨੂੰ ਦੱਸਦੀਆਂ
ਦੇਹ 'ਚ ਕੋਈ ਯਾਤਰੂ ਸਦਾ ਨਹੀਂ ਰਹਿੰਦਾ

ਰਾਤ ਕੱਟਦਾ ਹੈ, ਦਿਨੇ ਸਫ਼ਰ ਕਰਦਾ ਹੈ
ਯਾਤਰੂ ਦਾ ਸੂਰਜ ਡੁੱਬਦਾ ਤੇ ਚੜ੍ਹਦਾ ਹੈ
ਮੇਰੀ ਦੇਹ ਦਾ ਖੰਡਰ
ਕਿਸੇ ਯਾਤਰੂ ਦੀ ਇੰਤਜ਼ਾਰ ਵਿਚ ਰਾਹਾਂ 'ਚ ਖੜਿਆ ਹੈ।..

(ਸਦੀਆਂ ਤੇ ਆਵਾਰਗੀ)

ਇਸ ਪ੍ਰਕਾਰ ਕਵੀ ਨੇ ਯੁਵਾ ਅਵਸਥਾ ਸਮੇਂ ਕੀਤੀ ਆਵਾਰਗੀ ਨੂੰ ਨਵੀਂ ਤਰ੍ਹਾਂ ਨਾਲ ਪਰਿਭਾਸ਼ਿਤ ਕੀਤਾ ਹੈ। ਆਵਾਰਗੀ ਰੂਹ ਦੀ ਬੇਚੈਨੀ ਅਤੇ ਵਿਆਕੁਲਤਾ ਹੈ। ਆਪਣੇ ਸਰੀਰ ਨੂੰ, ਜਿਸ ਵਿਚ ਉਹ ਕੈਦ ਹੈ, ਨਵੀਆਂ ਦਿਸ਼ਾਵਾਂ ਵਿਚ ਲੈ ਚੱਲਣ ਦੀ ਪ੍ਰੇਰਨਾ ਅਤੇ ਆਹਵਾਨ ਹੈ। ਜਿਨ੍ਹਾਂ ਯਾਤਰਾਵਾਂ ਨੂੰ ਅਸੀਂ ਮਹਾਂਪੁਰਖਾਂ ਦੀਆ ਉਦਾਸੀਆਂ ਦਾ ਨਾਮ ਦਿੰਦੇ ਹਾਂ, ਅਸਲ ਵਿਚ ਉਹ ਉਹਨਾਂ ਦੀਆਂ ਰੂਹਾਂ ਦੀ ਆਵਾਰਗੀ ਹੀ ਸੀ। ਆਵਾਰਗੀ ਦੁਆਰਾ ਹੀ ਦਿਸ਼ਾਵਾਂ ਬਾਰੇ ਜਾਣਕਾਰੀ ਮਿਲਦੀ ਹੈ, ਮੰਜ਼ਲ ਦਾ ਬੋਧ ਹਾਸਲ ਹੁੰਦਾ ਹੈ। ਕੁਝ ਅੰਗਰੇਜ਼ ਕਵੀਆਂ ਨੇ ਇਸ ਨੂੰ 'ਵਾਂਡਰ ਥਰਸਟ' ਜਾਂ 'ਇਨਰ ਕੁਐਸਟ' ਦਾ ਨਾਮ ਵੀ ਦਿੱਤਾ ਹੈ। ਚਰਨ ਸਿੰਘ ਨੇ ਇਸ ਆਵਾਰਗੀ ਨੂੰ ਭੌਤਿਕ ਪੱਧਰ ਤੋਂ ਉਪਰ ਚੁੱਕ ਕੇ ਅਧਿਆਤਮਕ ਪੱਧਰ ਉਪਰ ਲੈ ਜਾਣ ਦਾ ਸਫ਼ਲ ਪ੍ਰਯਾਸ ਕੀਤਾ ਹੈ।

ਇਸ ਸੰਗ੍ਰਹਿ ਦੀ ਇਕ ਹੋਰ ਪ੍ਰਤੀਨਿਧ ਕਵਿਤਾ 'ਹਸਤਨਾਪੁਰ' ਹੈ। ਕਵੀ ਅਨੁਸਾਰ ਹਰ ਮਨੁੱਖ ਦਾ ਜਿਸਮ ਇਕ ਹਸਤਨਾਪੁਰ ਹੁੰਦਾ ਹੈ। ਇਸ ਹਸਤਨਾਪੁਰ ਉਪਰ ਕੌਰਵਾਂ (ਬਦੀ) ਅਤੇ ਪਾਂਡਵਾਂ (ਨੇਕੀ) ਦੇ ਦਰਮਿਆਲ ਨਿਰੰਤਰ ਇਕ ਭਿਆਨਕ ਯੁੱਧ ਛਿੜਿਆ ਰਹਿੰਦਾ ਹੈ। ਇਸ ਯੁੱਧ ਵਿਚ ਬਦੀ ਅਤੇ ਨੇਕੀ ਦਾ ਕੁਝ ਨਹੀਂ ਵਿਗੜਦਾ। ਦੋਵੇਂ ਆਪਣੇ-ਆਪਣੇ ਥਾਈਂ ਮੌਜੂਦ ਰਹਿੰਦੀਆਂ ਹਨ ਪਰੰਤੂ ਹਸਤਨਾਪੁਰ (ਦੇਹੀ) ਖੰਡਰ ਬਣ ਜਾਂਦੀ ਹੈ, ਉੱਜੜ ਜਾਂਦੀ ਹੈ। ਮਨੁੱਖੀ ਜੀਵਨ ਦੇ ਇਸ ਅਨਾਦਿ ਵਰਤਾਰੇ ਨੂੰ ਕਵੀ ਨੇ ਬੜੀ ਸੂਖ਼ਮ ਨੀਝ ਨਾਲ ਪਕੜਿਆ ਅਤੇ ਰੂਪਮਾਨ ਕੀਤਾ ਹੈ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ :

ਮੇਰਾ ਦੁਸ਼ਮਣ ਵੀ ਮੇਰਾ ਆਪਾ ਹੈ
ਮੇਰਾ ਮਿੱਤਰ ਵੀ ਮੇਰਾ ਆਪਾ ਹੈ
ਮੈਂ ਆਪਣੇ ਅੰਦਰਲੇ ਕੁਰਕਸ਼ੇਤਰ 'ਚ
ਕੌਰਵ ਵੀ ਹਾਂ ਪਾਂਡਵ ਵੀ ਹਾਂ
ਕੌਰਵਾਂ ਤੇ ਪਾਂਡਵਾਂ ਦੇ ਸਿਰ ਦਾ ਧੜ ਹਾਂ
ਮੈਂ ਹਸਤਨਾਪੁਰ
ਕੌਰਵਾਂ ਦਾ ਸ਼ੋਰ ਹਾਂ, ਪਾਂਡਵਾਂ ਦੀ ਸੁਰ ਹਾਂ।...

o

ਮੈਂ ਹਸਤਨਾਪੁਰ
ਜਿਸ ਤਾਜ ਤੇ ਤਖ਼ਤ ਦਾ ਭਾਰ
ਆਪਣੇ ਸਿਰ 'ਤੇ ਚੁੱਕਿਆ ਸੀ
ਉਸ ਤਖ਼ਤ ਦਾ ਵਾਰਸ ਧ੍ਰਿਤਰਾਸ਼ਟਰ
ਕਦੀ ਵੀ ਮੇਰੇ ਰੂ-ਬ-ਰੂ ਨਹੀਂ ਹੋਇਆ
ਕਦੀ ਵੀ ਮੇਰੇ ਅੱਥਰੂ ਨਹੀਂ ਪੂੰਝੇ
ਕਦੀ ਵੀ ਹੱਥਾਂ ਨਾਲ ਮੇਰਾ ਸਿਰ ਨਹੀਂ ਛੋਹਿਆ
ਮੇਰੇ ਫੁੱਲ ਵਰਗੇ ਬਦਨ 'ਚੋਂ
ਉਸ ਪੱਥਰ ਉਗਾਏ ਹਨ।

o

ਨਾ ਪਾਂਡਵਾਂ ਦਾ ਕੁਝ ਗਿਆ
ਨਾ ਕੌਰਵਾਂ ਦਾ ਕੁਝ ਗਿਆ
ਜਿੱਤ ਵੀ ਮੇਰੀ ਹਾਰ ਵੀ ਮੇਰੀ
ਜਿੱਤ ਮੇਰੀ 'ਚੋਂ ਖੰਡਰ ਉੱਗ ਆਏ ਹਨ
ਹਾਰ ਮੇਰੀ, ਮੇਰਾ ਹਸਤਨਾਪੁਰ ਖਾ ਗਈ
ਮੈਂ ਖੰਡਰਾਂ ਦੇ ਹਿੱਸੇ ਆ ਗਿਆ
ਹਸਤਨਾਪੁਰ ਖੰਡਰਾਂ 'ਚ ਸਮਾ ਗਿਆ। (ਹਸਤਨਾਪੁਰ ਦਾ ਧੜ)

'ਨੌਂ ਦਰਵਾਜ਼ੇ', 'ਮੈਂ ਤੋਂ ਤੂੰ ਦਾ ਵਿਸਥਾਰ', 'ਅਨੇਕਤਾ 'ਚ ਏਕਤਾ', 'ਵਿਵੇਕ', 'ਸੱਚ ਤੇ ਸੁੰਦਰਤਾ' ਇਸ ਸੰਗ੍ਰਹਿ ਦੀਆਂ ਕੁਝ ਹੋਰ ਭਾਵ-ਗਰਭਿਤ ਕਵਿਤਾਵਾਂ ਹਨ। 'ਨੌਂ ਦਰਵਾਜ਼ੇ' ਵਿਚ ਕਵੀ ਉਹਨਾਂ ਕਰਮ-ਇੰਦਰੀਆਂ ਦਾ ਵਰਣਨ ਕਰਦਾ ਹੈ, ਜਿਨ੍ਹਾਂ ਰਾਹੀਂ ਮਨੁੱਖ ਵਿਚ ਅਨੇਕਾਂ ਪ੍ਰਕਾਰ ਦੇ ਵਿਕਾਰ—ਕਾਮ, ਕ੍ਰੋਧ ਅਤੇ ਹਉਮੈ ਆਦਿਕ ਪ੍ਰਵੇਸ਼ ਕਰ ਜਾਂਦੇ ਹਨ। ਇਹ ਵਿਕਾਰ ਮਨੁੱਖੀ ਦੇਹੀ ਦੇ ਸਵਰਗ ਨੂੰ ਨਰਗ ਵਿਚ ਤਬਦੀਲ ਕਰ ਦਿੰਦੇ ਹਨ। ਉਸ ਅੰਦਰ ਪਸ਼ੂ-ਬਿਰਤੀਆਂ ਉੱਗ ਆਉਂਦੀਆਂ ਹਨ ਅਤੇ ਉਸ ਦੀ ਮਾਨਵਤਾ ਮਰ ਜਾਂਦੀ ਹੈ। ਜ਼ਿੰਦਗੀ ਬੇਮਾਇਨੇ ਹੋ ਜਾਂਦੀ ਹੈ। ਆਪਾ ਉਧੇੜਨ, ਧੋਣ ਅਤੇ ਨਿਚੋੜਨ ਤੋਂ ਬਿਨਾਂ ਮਨੁੱਖੀ ਦੇਹੀ ਸ਼ੁੱਧ ਅਤੇ ਪਵਿੱਤਰ ਨਹੀਂ ਹੋ ਸਕਦੀ। 'ਮੈਂ ਤੋਂ ਤੂੰ ਦਾ ਵਿਸਤਾਰ' ਵਿਚ ਕਵੀ ਲਿਖਦਾ ਹੈ ਕਿ ਮਨੁੱਖੀ ਅੰਸ਼ ਵਿਚ ਪੂਰਾ ਬ੍ਰਹਿਮੰਡ ਵਿਚਰਦਾ ਹੈ। ਜੇ ਮਨੁੱਖ ਦੇਹੀ ਵਿਚਲੇ ਅੰਸ਼ ਦਾ ਬੋਧ ਪਾ ਲਵੇ ਅਤੇ ਆਪਣੇ ਆਪ ਵਿਚ ਮਨੁੱਖਤਾ ਜਗਾ ਲਵੇ ਤਾਂ ਮਨੁੱਖ ਹੀ ਬ੍ਰਹਮ ਜੋਤ ਦਾ ਬਸੇਰਾ/ਡੇਰਾ ਹੈ :

ਦੇਹ ਵਿਚਲੇ ਅੰਸ਼ ਦਾ ਵਜੂਦ

ਬ੍ਰਹਮ ਦਾ ਸੰਕਲਪ ਹੈ, ਸਰੂਪ ਹੈ
ਦੇਹ ਦੀ ਉਪਾਦੀ ਤੋਂ ਬਿਨਾਂ
ਅੰਸ਼ ਹੀ ਆਪ ਬ੍ਰਹਮ ਹੈ, ਬ੍ਰਹਮ ਦਾ ਰੂਪ ਹੈ।

o

ਮਨੁੱਖ ਜੇ ਅੰਸ਼ ਹੈ ਅੰਸ਼ ਦੀ ਤ੍ਰਿਸ਼ਨਾ ਨੂੰ ਪਾ ਲਵੇ
ਆਪਣੇ ਆਪ 'ਚੋਂ ਮਨੁੱਖਤਾ ਨੂੰ ਉਗਾ ਲਵੇ
ਮਨੁੱਖ ਹੀ ਬ੍ਰਹਮ ਜੋਤ ਦਾ ਵਸੇਰਾ ਹੈ
ਮਨੁੱਖੀ ਹੋਂਦ ਹੀ ਬ੍ਰਹਮ ਦਾ ਡੇਰਾ ਹੈ
ਮਨੁੱਖ ਮਨੁੱਖਤਾ ਦਾ ਜਨਮਦਾਤਾ ਹੈ
ਮਨੁੱਖ ਹੀ ਆਪਣੇ ਆਪ ਦਾ ਵਿਧਾਤਾ ਹੈ।

(ਮੈਂ ਤੋਂ ਤੂੰ ਦਾ ਵਿਸਤਾਰ)

'ਅਨੇਕਤਾ ਵਿਚ ਏਕਤਾ' ਵਿਚ ਕਵੀ ਦੀ ਧਾਰਨਾ ਹੈ ਕਿ ਏਕਤਾ ਵਿਚ ਜਜ਼ਬ ਹੋ ਜਾਣ ਨਾਲ ਹੀ ਜੀਵਨ ਦੇ ਵਾਸਤਵਿਕ ਅਰਥ ਉੱਘੜਦੇ ਹਨ। ਏਕਤਾ ਵਿਚੋਂ ਪ੍ਰਕਿਰਤੀ ਦੇ ਬਾਹਰੀ ਅਤੇ ਅੰਦਰੂਨੀ ਸੱਚ ਦਾ ਆਰੰਭ ਹੁੰਦਾ ਹੈ। ਉਸ ਦਾ ਨਿਸ਼ਕਰਸ਼ ਹੈ:

ਬੈਰੂਨੀ ਏਕਿਆਂ ਦੀ ਤਕਸੀਮ ਨੂੰ ਜਮ੍ਹਾਂ ਕਰੋ
ਅੰਦਰਲਾ ਏਕਾ ਸਿਰਜਿਆ ਜਾਏਗਾ
ਜੋ ਆਪਣੇ ਆਪ ਨੂੰ ਆਪਣੇ ਆਪ 'ਚ ਜਮ੍ਹਾਂ ਕਰੇਗਾ
ਆਪਣਾ ਸੱਚ ਪਾਏਗਾ, ਆਪਣੀ ਪਹਿਚਾਣ ਪਾਏਗਾ।

(ਅਨੇਕਤਾ 'ਚ ਏਕਤਾ)

'ਵਿਵੇਕ' ਵਿਚ ਕਵੀ ਦਰਸਾਉਂਦਾ ਹੈ ਕਿ ਜ਼ਿੰਦਗੀ ਇਕ ਕੁਦਰਤੀ ਰਹਿਮਤ ਹੈ ਪਰ ਜਿੰਨੀ ਦੇਰ ਤਕ ਮਨੁੱਖ ਵਿਵੇਕ ਦੁਆਰਾ ਇਸ ਨੂੰ ਵਧੇਰੇ ਖ਼ੂਬਸੂਰਤ ਬਣਾਉਣ ਲਈ ਪ੍ਰਯਤਨਸ਼ੀਲ ਨਹੀਂ ਹੁੰਦਾ, ਉਤਨੀ ਦੇਰ ਤਕ ਇਹ ਆਪਣੀਆਂ ਸਗਲ ਸੰਭਾਵਨਾਵਾਂ ਨੂੰ ਸਾਕਾਰ ਨਹੀਂ ਕਰ ਸਕਦੀ। 'ਸੱਚ ਤੇ ਸੁੰਦਰਤਾ' ਵਿਚ ਕਵੀ ਮਨੁੱਖ ਦੀ ਸਵਾਰਥੀ ਅਤੇ ਆਤਮ-ਕੇਂਦਰਿਤ ਸੋਚ ਦੀ ਆਲੋਚਨਾ ਕਰਦਾ ਹੈ। ਅਜਿਹੀ ਸੋਚ ਦੇ ਕਾਰਨ ਹੀ ਸਾਡੀ ਦੁਨੀਆਂ ਏਨੀ ਪ੍ਰਦੂਸ਼ਿਤ ਅਤੇ ਕੋਝੀ ਹੋ ਗਈ ਹੈ। ਉਹ ਲਿਖਦਾ ਹੈ:

ਦੁਆਲੇ ਦੀ ਦੁਨੀਆਂ ਮੈਲੀ ਹੈ
ਧੋਖਾ, ਫ਼ਰੇਬ, ਦਗ਼ਾਬਾਜ਼ੀ ਮਨੁੱਖਤਾ ਦੀ ਮੰਡੀ ਹੈ
ਔਰਤਾਂ, ਬੱਚਿਆਂ ਦੀ ਵਿਕਰੀ ਦਾ ਬਾਜ਼ਾਰ ਹੈ

ਆਦਮੀ ਦਾ ਮੁੱਲ ਵੱਟਦਾ ਹੈ ਆਦਮੀ
ਦਰੋਪਤੀ ਦਾ ਚੀਰ-ਹਰਨ ਰੋਜ਼ ਦਾ ਕਾਰੋਬਾਰ ਹੈ
ਪਾਂਡਵ ਮਰ ਗਏ ਕੌਰਵਾਂ ਦਾ ਸੰਸਾਰ ਹੈ
ਚੱਪਾ-ਚੱਪਾ ਧਰਤ 'ਤੇ ਕੁਰੂਕਸ਼ੇਤਰ ਆਬਾਦ ਹੈ
ਹਸਤਨਾਪੁਰ ਦਾ ਖੰਡਰ ਹੈ ਰੌਣਕਾਂ ਦੀ ਲਾਸ਼ ਹੈ
ਬਜ਼ਾਰਾਂ 'ਚ ਧਰਮ ਤੇ ਭਗਵਾਨ ਵਿਕਦਾ ਹੈ
ਮੰਦਰ, ਮਸਜਿਦ ਤੇ ਗਿਆਨ ਵਿਕਦਾ ਹੈ
ਗੀਤਾ, ਗ੍ਰੰਥ ਤੇ ਕੁਰਾਨ ਵਿਕਦਾ ਹੈ
ਟਕੇ ਦੀ ਸੀਤਾ ਟਕੇ ਦਾ ਰਾਮ ਵਿਕਦਾ ਹੈ। (ਸੱਚ ਤੇ ਸੁੰਦਰਤਾ)

'ਉਡੀਕ-ਇਕ' ਅਤੇ 'ਉਡੀਕ—ਦੋ' ਪ੍ਰਗੀਤਕ ਰਚਨਾਵਾਂ ਹਨ। ਇਹਨਾਂ ਵਿਚ ਕਵੀ ਨੇ ਸ੍ਵੈ-ਜੀਵਨੀਮੂਲਕ ਸ਼ੈਲੀ ਵਿਚ ਆਪਣੇ ਜੀਵਨ-ਦਰਸ਼ਨ ਅਤੇ ਸੰਵੇਦਨਾਵਾਂ ਦਾ ਸੰਯੁਕਤ ਸਮੁੱਚ ਪੇਸ਼ ਕੀਤਾ ਹੈ। ਦੇਖੋ:

ਮੈਂ ਮਿੱਟੀ ਦੇ ਦੀਵੇ ਜਗਾਉਂਦਾ ਰਿਹਾ ਹਾਂ
ਮੈਂ ਸੂਰਜ ਬਨੇਰੀਂ ਬਿਠਾਉਂਦਾ ਰਿਹਾ ਹਾਂ
ਮੈਂ ਨਜ਼ਰਾਂ ਦੇ ਪੰਛੀ ਉਡਾਉਂਦਾ ਰਿਹਾ ਹਾਂ
ਮੈਂ ਥੱਕਿਆ ਨਹੀਂ ਅੰਬਰ ਨੂੰ ਵੀ ਛੋਹ ਕੇ
ਮੈਂ ਖੰਭਾਂ 'ਤੇ ਪਰਬਤ ਉਠਾਉਂਦਾ ਰਿਹਾ ਹਾਂ। (ਉਡੀਕ—ਇਕ)

ਮੈਂ ਰਾਹਾਂ 'ਚ ਡੁੱਲ੍ਹ ਜਾਂ ਤੂੰ ਆਵੇਂ ਕਦੀ
ਮੈਂ ਆਪਾ ਹੀ ਭੁੱਲ ਜਾਂ ਤੂੰ ਆਵੇਂ ਕਦੀ
ਮੈਂ ਕੱਖਾਂ 'ਚ ਰੁਲ ਜਾਂ ਤੂੰ ਆਵੇਂ ਕਦੀ
ਮੈਂ ਕਬਰਾਂ 'ਚ ਤੁਰ ਜਾਂ ਤੂੰ ਆਵੇਂ ਕਦੀ। (ਉਡੀਕ—ਦੋ)

# 8. ਵਿਪਰੀਤ (2009)

'ਵਿਪਰੀਤ' ਚਰਨ ਸਿੰਘ ਦੀਆਂ 52 ਕਵਿਤਾਵਾਂ ਦਾ ਸੰਗ੍ਰਹਿ ਹੈ। ਮਨੁੱਖੀ ਵਰ੍ਹਾ 52 ਹਫ਼ਤਿਆਂ ਦਾ ਹੁੰਦਾ ਹੈ। ਤਾਸ਼ ਦੇ ਵੀ 52 ਪੱਤੇ ਹੁੰਦੇ ਹਨ। ਇਸ ਪ੍ਰਕਾਰ ਕਵੀ ਨੇ ਮਨੁੱਖੀ ਜੀਵਨ ਨਾਲ ਸੰਬੰਧਿਤ ਵਿਭਿੰਨ ਰੰਗਾਂ ਅਤੇ ਵਸਤਾਂ ਨੂੰ ਆਧਾਰ ਬਣਾ ਕੇ 52 ਕਵਿਤਾਵਾਂ ਦੀ ਰਚਨਾ ਕੀਤੀ ਹੈ। ਇਹਨਾਂ ਵਿਚੋਂ ਕੁਝ ਕਵਿਤਾਵਾਂ ਦੇ ਸਿਰਲੇਖ ਮਾਤਰ ਵੇਖਣ ਨਾਲ ਹੀ ਸਮਝ ਆ ਜਾਂਦੀ ਹੈ ਕਿ ਕਵੀ, ਕਵਿਤਾਕਾਰੀ ਦੀ ਸਥਾਪਿਤ ਰੀਤ ਦੇ ਵਿਰੁੱਧ (ਵਿਪਰੀਤ) ਚੱਲਿਆ ਹੈ ਅਤੇ ਇਸ ਵਿਚ ਉਸ ਨੇ ਭਾਵਵਾਚੀ ਜਾਂ ਸਥੂਲ ਵਸਤਾਂ ਦੇ ਚਿੱਤਰ ਉਲੀਕੇ ਹਨ, ਜਿਨ੍ਹਾਂ ਬਾਰੇ ਸਾਧਾਰਣ ਪ੍ਰਤਿਭਾ ਵਾਲਾ ਕੋਈ ਕਵੀ ਸੋਚ ਵੀ ਨਹੀਂ ਸੀ ਸਕਦਾ। ਇਹਨਾਂ ਵਿਚੋਂ ਕੁਝ ਕਵਿਤਾਵਾਂ ਦੇ ਸ਼ੀਰਸ਼ਕ ਦੇਖੋ: ਕੰਧਾਂ, ਛਾਂ, ਪ੍ਰਾਣ, ਖ਼ੁਸ਼ਬੂ, ਅੱਖਾਂ, ਪੁਸਤਕ, ਪਾਣੀ, ਪਿੰਡ, ਰੁੱਖ, ਸੁਰਮਾ, ਗੁੱਲੀ-ਡੰਡਾ, ਪੇਟ, ਪੈਰ, ਹੱਥ, ਮੁਰਲੀ, ਕਾਨੀ, ਖੁਰਾ, ਕੁਰਸੀ, ਦੰਦਾਸਾ, ਖੂਹ, ਸਰਦਲ, ਸੜਕ, ਦਰਪਣ, ਪਹਾੜੀ ਦੀ ਚੋਟੀ ਇਤਿਆਦਿ। ਅਜਿਹੇ ਵਿਸ਼ਿਆਂ ਬਾਰੇ ਲਿਖਣਾ ਵਾਕਈ ਇਕ ਚੈਲੰਜ ਸੀ ਅਤੇ ਸਾਨੂੰ ਖ਼ੁਸ਼ੀ ਹੈ ਕਿ ਕਵੀ ਨੇ ਨਾ ਕੇਵਲ ਇਸ ਚੈਲੰਜ ਨੂੰ ਕਬੂਲ ਕੀਤਾ ਹੈ ਬਲਕਿ ਇਸ ਉਪਰ ਪੂਰਾ ਨਿਭਿਆ ਵੀ ਹੈ।

ਇਸ ਸੰਗ੍ਰਹਿ ਦੀ ਪ੍ਰਥਮ ਕਵਿਤਾ 'ਸਰਮਾਏਦਾਰੀ' ਦੇ ਬਾਰੇ ਵਿਚ ਹੈ। ਇਹ ਇਕ ਤਰ੍ਹਾਂ ਨਾਲ ਇਸ ਸੰਗ੍ਰਹਿ ਦੀ ਭੂਮਿਕਾ ਵੀ ਹੈ। ਇਸ ਕਵਿਤਾ ਵਿਚ ਕਵੀ ਨੇ ਸਰਮਾਏਦਾਰੀ ਨਿਜ਼ਾਮ ਨੂੰ 'ਤੰਦੂਏ' ਦੇ ਪ੍ਰਤੀਕ ਦੁਆਰਾ ਰੂਪਮਾਨ ਕੀਤਾ ਹੈ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ:

> ਇਕ ਤੰਦੂਆ ਚਿੱਟੇ ਤਖ਼ਤਪੋਸ਼ 'ਤੇ ਬੈਠਾ
> ਇਕ ਰਾਧਾ ਨੂੰ ਰੋਜ਼ ਖਾਂਦਾ ਹੈ
> ਤੇ ਹਰ ਦਿਨ, ਇਕ ਨਵਾਂ ਕ੍ਰਿਸ਼ਨ ਦਫ਼ਨਾਂਦਾ ਹੈ
> ਇਹ ਤੰਦੂਆ ਸੋਲ੍ਹਾਂ ਕਲਾਂ ਨਹੀਂ
> ਅਠਾਰਾਂ ਕਲਾਂ ਸੰਪੂਰਨ ਹੈ

ਇਹ ਤੰਦੂਆ ਇਸ ਯੁਗ ਦਾ ਪੂਰਨ ਹੈ।...

o

ਕੌਣ ਸੁਣੇ ਦਾਦਾਂ ਫ਼ਰਿਆਦਾਂ
ਜਗ ਜਨਣੀਆਂ ਮਾਂ ਮਮਤਾ ਦੀਆਂ
ਜਦ ਅਠਾਰਾਂ ਕਲਾਂ ਸੰਪੂਰਨ ਤੰਦੂਆ
ਸ਼ਹਿਰ ਦੀ ਰਗ-ਰਗ 'ਚ ਸਮਾਇਆ ਹੈ
ਹਰ ਮਰਦ ਦੇ ਚਿਹਰੇ 'ਤੋਂ
ਤੰਦੂਆ ਹੀ ਉੱਗ ਆਇਆ ਹੈ। (ਤੰਦੂਆ)

'ਪੁਸਤਕ' ਨਾਮ ਦੇ ਕਾਵਿ-ਚਿੱਤਰ ਵਿਚ ਉਹ ਲਿਖਦਾ ਹੈ ਕਿ ਪੁਸਤਕਾਂ ਪਾਠਕਾਂ ਨੂੰ ਰੌਸ਼ਨੀ ਦਿੰਦੀਆਂ ਹਨ, ਗਿਆਨ ਵੰਡਦੀਆਂ ਹਨ। ਇਹ ਗਿਆਨ ਮਨੁੱਖ ਦੇ ਜੀਵਨ ਵਿਚ ਖ਼ੁਸ਼ੀਆਂ ਭਰ ਦਿੰਦਾ ਹੈ। ਪੁਸਤਕਾਂ ਤੋਂ ਪ੍ਰੇਰਨਾ ਲੈ ਕੇ ਵਿਅਕਤੀ ਆਪਣਾ ਸੁਭਾਵਿਕ ਆਲਸ ਅਤੇ ਦਲਿੱਦਰ ਤਿਆਗ ਕੇ ਕਰਮਸ਼ੀਲ ਹੋ ਜਾਂਦਾ ਹੈ। ਪੁਸਤਕ ਦਾ ਗੁਣਗਾਨ ਕਰਦਾ ਹੋਇਆ ਉਹ ਲਿਖਦਾ ਹੈ:

ਇਹ ਪੁਸਤਕ ਨਿਰਾ ਕਾਗ਼ਜ਼, ਸ਼ਬਦ-ਅਰਥ ਨਹੀਂ
ਜੀਵਨ ਜਿਊਣ ਦਾ
ਇਸ 'ਚ ਚਾਨਣ ਸਮਾਇਆ ਹੈ
ਇਹ ਜੀਵਨ ਦਾ ਸੋਮਾ ਹੈ
ਗਿਆਨ ਦਾ ਚਸ਼ਮਾ ਹੈ
ਸਿਆਣਪ ਦਾ ਝਰਨਾ ਹੈ
ਜਿਸਮ ਦਾ ਚਾਨਣ ਹੈ, ਰੂਹ ਦਾ ਨਗ਼ਮਾ ਹੈ। (ਪੁਸਤਕ)

ਕਵੀ ਦੁਆਰਾ ਲਿਖੇ ਇਹਨਾਂ ਵਸਤੂ-ਚਿੱਤਰਾਂ ਵਿਚੋਂ ਉਸ ਦੀ ਅਦਭੁੱਤ ਸਿਰਜਣਾਤਮਕ ਸ਼ਕਤੀ ਦੇ ਝਲਕਾਰੇ ਪ੍ਰਾਪਤ ਹੁੰਦੇ ਹਨ। ਇਸ ਪ੍ਰਸੰਗ ਵਿਚ ਕੁਝ ਕਾਵਿ-ਟੁਕੜੀਆਂ ਦੇਖੋ:

(i) ਮੈਂ 'ਕੁਰਸੀ' ਜੀਵਨ ਰਹਿਤ ਹਾਂ
ਪਰ ਜੀਵਨ ਦੀ ਸੰਚਾਲਕ ਸ਼ਕਤੀ ਹਾਂ
ਸ਼ਕਤੀ ਦਾ ਮੁਜੱਸਮਾ ਹਾ
ਬਲਹੀਣਤਾ 'ਚ ਬਲ ਦਾ ਸਮੁੰਦਰ ਹਾਂ
ਅੰਬਰ ਦਾ ਨਗ਼ਮਾ ਹਾਂ, ਚੁੱਪ ਦੀ ਆਵਾਜ਼ ਹਾਂ
ਧਰਤੀ ਦੀ ਉਤਪਤੀ ਦਾ ਰਾਜ਼ ਹਾਂ। (ਕੁਰਸੀ)

(ii) ਮੰਜੀ ਵੈਸਾਖ 'ਚ ਕੋਠੇ ਦੀ ਛੱਤ 'ਤੇ ਸੜਦੀ ਹੈ
ਜਾਂ ਪਸਾਰ 'ਚ ਹੁੰਮ 'ਚ ਉਬਲਦੀ ਹੈ
ਗ਼ਮ ਨਹੀਂ ਕਰਦੀ
ਛਾਵਾਂ 'ਚ ਡੱਠੀ ਹੈ ਜਾਂ ਬਰਸਾਤਾਂ 'ਚ ਭਿੱਜੀ ਹੈ
ਖ਼ੁਸ਼ੀ ਦਾ ਇਜ਼ਹਾਰ ਨਹੀਂ ਕਰਦੀ
ਮਰਜੀਵੜੀ ਹੈ
ਭਾਣਾ ਮੰਨਦੀ ਹੈ 'ਸੀ' ਨਹੀਂ ਕਰਦੀ। (ਮੰਜੀ)

(iii) ਗੁੱਲੀ ਡੰਡਾ
ਸਿਰਫ਼ ਖੇਡ ਹੀ ਨਹੀਂ
ਮਨ-ਪਰਚਾਵਾ ਹੀ ਨਹੀਂ
ਪ੍ਰਤੀਕ ਹੈ ਜੋਤ ਤੇ ਨਿਰੰਜਨ ਦਾ
ਦੂਰ ਨੇੜੇ ਦਾ
ਆਪਣੇ 'ਚ ਆਪਣਾ ਸੱਚ ਦਿਸਣ ਦਾ।

ਗੁੱਲੀ ਆਪਣਾ ਸਫ਼ਰ ਮੁਕਾ ਕੇ
ਜਦ ਡੰਡੇ ਨੂੰ ਮਿਲਦੀ ਹੈ
ਤਾਂ ਪੁੱਗਦੀ ਹੈ
ਗੁੱਲੀ ਦੇ ਪੈਰਾਂ ਦੀ ਭਟਕਣ ਮੁੱਕਦੀ ਹੈ
ਆਪਣੇ ਡੰਡੇ 'ਚ ਸਮਾਂਦੀ ਹੈ
ਆਪਣੀ ਖੇਡ ਦੀ ਵਾਰੀ ਪੁਗਾਂਦੀ ਹੈ। (ਗੁੱਡੀ ਡੰਡਾ)

(iv) ਮੈਂ ਅਖਰੋਟ ਦੀ ਛਿੱਲੜ ਹੀ ਨਹੀਂ
ਜੀਵਨ ਦੀ ਖ਼ੂਬਸੂਰਤੀ ਦੀ ਬਲਦੀ ਲਾਟ ਹਾਂ
ਮੇਰੇ 'ਚ ਦੰਦ
ਆਪਣੀ ਦੇਹ ਕਲੀ ਕਰਦੇ ਹਨ
ਮੋਤੀਆਂ ਦਾ ਰੂਪ ਲੱਗਦੇ ਹਨ
ਮੇਰੇ 'ਚ ਬੁੱਲ੍ਹ ਨਹਾਉਂਦੇ ਹਨ
ਸੁਰਖ਼ੀਆਂ ਦੀ ਕੁੱਖ ਕਹਾਉਂਦੇ ਹਨ। (ਦੰਦਾਸਾ)

(v) ਬਸਤਾ ਜੋ ਰੂੜੀ 'ਤੇ ਪਿਆ ਹੈ
ਵੇਦਾਂ ਸ਼ਾਸਤਰਾਂ ਤੇ ਵਿਦਿਆ ਦਾ ਗਲਾਫ਼ ਸੀ
ਚੰਨਾਂ, ਸੂਰਜਾਂ, ਤਾਰਿਆਂ, ਆਕਾਸ਼ਾਂ

ਧਰਤੀਆਂ, ਬ੍ਰਹਿਮੰਡਾਂ ਦਾ ਹਿਸਾਬ ਸੀ
ਜੀਵਨ ਦੀ ਜ਼ਰਬੋਂ-ਤਕਸੀਮ ਸੀ
ਬਸਤਾ ਆਪਣੀ ਸ਼ਖ਼ਸੀਅਤ 'ਚ ਅਜ਼ੀਮ ਸੀ। (ਬਸਤਾ)

'ਸੁਰਮਾ', 'ਬਾਰੀ', 'ਕਬਰ' ਅਤੇ 'ਸ਼ਮ੍ਹਾਂ' ਆਦਿ ਵਸਤੂ ਕਾਵਿ-ਚਿੱਤਰਾਂ ਵਿਚ ਕਵੀ ਆਪਣੀ ਡੂੰਘੀ ਨੀਝ ਅਤੇ ਜਜ਼ਬੇ ਦੀ ਸ਼ਿੱਦਤ ਦਾ ਬੜਾ ਪ੍ਰਭਾਵਸ਼ਾਲੀ ਪ੍ਰਗਟਾਵਾ ਕਰਦਾ ਹੈ। ਇਹ ਕਵਿਤਾਵਾਂ ਵਕ੍ਰੋਕਤੀ ਕਾਵਿ ਦੇ ਬੜੇ ਸੁੰਦਰ ਨਮੂਨੇ ਪੇਸ਼ ਕਰਦੀਆਂ ਹਨ ਕਿਉਂਕਿ ਕਵੀ ਸ਼ਬਦਾਂ ਨੂੰ ਸਿੱਧ-ਪੱਧਰੇ ਅਰਥਾਂ ਵਿਚ ਵਰਤਣ ਦੀ ਬਜਾਇ ਰਮਜ਼-ਭਰਪੂਰ ਅਰਥਾਂ ਦੀ ਨਿਸ਼ਪੱਤੀ ਕਰਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਸੁਰਮਾ ਅੱਖ ਨਹੀਂ ਪਾਉਂਦੀ
ਸੁਰਮਾ ਅੱਖ ਨੂੰ ਪਾਉਂਦਾ ਹੈ
ਤੋਰ 'ਚ ਮਟਕ ਭੰਰਦਾ ਹੈ
ਸਾਹਾਂ 'ਚ ਖ਼ੁਸ਼ਬੂ ਧਰਦਾ ਹੈ
ਅੱਖਾਂ ਨੂੰ ਮਟਕਣਾ ਦੱਸਦਾ ਹੈ।

ਅੱਖ ਜਦ ਸੁਰਮੇ 'ਚ ਢਲਦੀ ਹੈ
ਸੁਰਮਾ ਜਦ ਅੱਖ 'ਚ ਢਲਦਾ ਹੈ
ਆਪਣੇ ਹੀ ਜਿਸਮ 'ਚੋਂ ਖ਼ੁਸ਼ਬੂ ਆਉਂਦੀ ਹੈ
ਸੱਚ ਸੁੰਦਰਤਾ ਕਹਾਉਂਦਾ ਹੈ
ਸੁੰਦਰਤਾ ਸੱਚ ਕਹਾਉਂਦੀ ਹੈ। (ਸੁਰਮਾ)

# 9. ਬਿੰਦੂ ਤੇ ਦਾਇਰੇ (2009)

'ਬਿੰਦੂ ਤੇ ਦਾਇਰੇ' ਚਰਨ ਸਿੰਘ ਦੇ ਕਾਵਿ-ਲੋਕ ਦਾ ਇਕ ਪ੍ਰਮੁੱਖ ਪੈਰਾਡਾਈਮ ਹੈ। ਹਰ ਮਨੁੱਖ ਆਪਣੇ ਆਪ ਵਿਚ ਇਕ ਬਿੰਦੂ (ਮਾਈਕਰੋਕਾਜ਼ਮ) ਹੁੰਦਾ ਹੈ। ਫਿਰ ਉਹ ਲੋਕਾਂ ਨਾਲ ਸੰਪਰਕ ਬਣਾਉਂਦਾ ਹੈ, ਕੋਈ ਕਾਰ-ਵਿਹਾਰ ਕਰਦਾ ਹੈ, ਕਿਸੇ ਦੇ ਕੰਮ ਆਉਂਦਾ ਹੈ, ਕਿਸੇ ਤੋਂ ਕੰਮ ਲੈਂਦਾ ਹੈ; ਇਹਨਾਂ ਕ੍ਰਿਆਵਾਂ-ਪ੍ਰਤਿਕ੍ਰਿਆਵਾਂ ਦੁਆਰਾ ਸਮਾਜ ਅਤੇ ਸਭਿਆਚਾਰ ਵਿਚ ਕੁਝ ਦਾਇਰੇ ਜਨਮਦੇ ਹਨ। ਇਹ ਦਾਇਰੇ ਬਿੰਦੂ ਤੋਂ ਸ਼ੁਰੂ ਹੋ ਕੇ ਦੂਰ-ਦੂਰ ਤਕ ਫੈਲਦੇ ਰਹਿੰਦੇ ਹਨ। ਮੁੱਢ ਵਿਚ ਇਹ ਦਾਇਰੇ ਕਾਫ਼ੀ ਗੂੜ੍ਹੇ ਅਤੇ ਨਿੱਖੜਵੇਂ ਹੁੰਦੇ ਹਨ ਪਰ ਬਾਅਦ ਵਿਚ ਅੱਗੇ ਜਾ ਕੇ ਇਹ ਕਾਫ਼ੀ ਮੱਧਮ ਪੈ ਜਾਂਦੇ ਹਨ ਅਤੇ ਆਖ਼ਰ ਇਹ ਦ੍ਰਿਸ਼ਟੀ ਤੋਂ ਓਝਲ ਹੋ ਜਾਂਦੇ ਹਨ; ਇਹਨਾਂ ਦਾ ਕੋਈ ਵਜੂਦ ਨਹੀਂ ਰਹਿੰਦਾ। ਹਰ ਵਿਅਕਤੀ ਚਾਹੁੰਦਾ ਹੈ ਕਿ ਉਸ ਵਿਚੋਂ ਪੈਦਾ ਹੋਣ ਵਾਲੇ ਦਾਇਰੇ ਬਹੁਤ ਦੂਰ-ਦੂਰ ਤਕ ਫੈਲ ਜਾਣ। ਇਹਨਾਂ ਦਾਇਰਿਆਂ ਨਾਲ ਹੀ ਕਿਸੇ ਵਿਅਕਤੀ ਦੀ ਸ਼ੋਭਾ-ਕੁਸ਼ੋਭਾ ਜੁੜੀ ਰਹਿੰਦੀ ਹੈ। ਆਧੁਨਿਕ ਯੁਗ ਦਾ ਵਿਅਕਤੀ ਕੁਸ਼ੋਭਾ ਨੂੰ ਵੀ ਆਪਣੀ ਸ਼ੋਭਾ ਹੀ ਮੰਨਦਾ ਹੈ। ਇਸ ਕਾਰਨ ਉਹ ਕੁਸ਼ੋਭਾ ਤੋਂ ਵਿਚਲਿਤ ਨਹੀਂ ਹੁੰਦਾ। ਸਾਡੇ ਯੁਗ ਦਾ ਮਿਜ਼ਾਜ ਕਾਫ਼ੀ ਬਦਲ ਗਿਆ ਹੈ। ਆਧੁਨਿਕ ਵਿਅਕਤੀ ਦੇ ਦੰਭੀ, ਦੋਗਲੇ ਅਤੇ ਕਪਟੀ ਵਿਵਹਾਰ ਉਪਰ ਟਿੱਪਣੀ ਕਰਦਾ ਹੋਇਆ ਕਵੀ ਲਿਖਦਾ ਹੈ:

ਉਹ ਜੋ ਆਖਦਾ ਬੋਲਦਾ
ਉਹ, ਉਹ ਨਹੀਂ ਸੀ
ਉਹ ਜੋ ਨਹੀਂ ਸੀ ਆਖਦਾ, ਨਹੀਂ ਸੀ ਬੋਲਦਾ
ਉਹ, ਉਹ ਸੀ
ਉਹ ਆਪਣੇ ਆਪ 'ਚ ਨਸ਼ਰ ਸੀ
ਲੋਕਾਂ ਲਈ ਅਗਾਜ਼ ਤੇ ਮੌਤ ਦਾ ਹਸ਼ਰ ਸੀ।

o

ਉਹ ਏਨਾ ਲੂੰਬੜ ਸੀ
ਕਿ ਜੋ ਕੁਝ ਉਸ ਨੂੰ ਕਹਿਣਾ ਚਾਹੀਦਾ ਸੀ, ਛੁਪਾਂਦਾ ਗਿਆ

ਜੋ ਛੁਪਾਉਣਾ ਚਾਹੀਦਾ ਸੀ, ਕਹਿੰਦਾ ਗਿਆ
ਆਪਣੇ ਸੱਚ ਦੁਆਲੇ ਝੂਠ ਬੁਣਦਾ ਗਿਆ
ਝੂਠ ਦੀਆਂ ਕੰਧਾਂ
ਉਸ ਏਨੀਆਂ ਉੱਚੀਆਂ ਉਸਾਰੀਆਂ
ਕਿ ਉਹ ਬਾਹਰ ਨਾ ਝਾਕ ਸਕਿਆ
ਆਪਣੇ ਦੁਆਲੇ ਫੈਲੇ ਹਨੇਰੇ ਦਾ
ਅੰਜਾਮ ਜਾਣ ਨਾ ਸਕਿਆ। (ਕਪਟੀ)

ਆਧੁਨਿਕ ਸੰਸਕ੍ਰਿਤੀ ਦੀ ਆਲੋਚਨਾ ਕਰਦੀ ਹੋਈ ਆਪਣੀ ਇਕ ਹੋਰ ਕਵਿਤਾ ਵਿਚ ਕਵੀ ਲਿਖਦਾ ਹੈ ਕਿ ਪੂੰਜੀਵਾਦੀ ਯੁਗ ਦੀ ਪੈਦਾਵਾਰ, ਆਧੁਨਿਕ ਸੰਸਕ੍ਰਿਤੀ ਦੇ ਲੋਕ, ਇਕ-ਦੂਜੇ ਲਈ ਅਜਨਬੀ ਬਣ ਚੁੱਕੇ ਹਨ। ਇਹਨਾਂ ਦਾ ਨਾ ਤਾਂ ਕੋਈ ਮਿੱਤਰ ਹੈ ਅਤੇ ਨਾ ਕੋਈ ਦੁਸ਼ਮਣ। ਇਹ ਲੋਕ ਤਨਹਾਪਸੰਦ ਹਨ। ਕੋਈ ਰਿਸ਼ਤਾ ਇਹਨਾਂ ਦੇ ਮੇਚ ਨਹੀਂ ਆਉਂਦਾ। ਮਾਵਾਂ ਨੂੰ ਆਪਣੇ ਬੱਚਿਆਂ ਦੇ ਪਿਤਾ ਦਾ ਨਾਮ ਤਕ ਮਾਲੂਮ ਨਹੀਂ ਹੁੰਦਾ। ਜੇ ਕਿਧਰੇ ਕਿਸੇ ਬੱਚੇ ਦੀ ਵਲਦੀਅਤ ਜਾਣਨ ਦੀ ਜ਼ਰੂਰਤ ਪੈ ਜਾਵੇ ਤਾਂ ਡੀ.ਐਨ.ਏ. ਟੈਸਟ ਕਰਾਉਣਾ ਪੈਂਦਾ ਹੈ। ਪਿਉ, ਧੀ ਨੂੰ ਹੰਢਾਉਣ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕਰਦਾ। ਪਤਨੀ, ਪਤੀ ਦੇ ਦੋਸਤਾਂ ਨਾਲ ਹਮਬਿਸਤਰ ਹੋਣ ਤੋਂ ਗੁਰੇਜ਼ ਨਹੀਂ ਕਰਦੀ। ਸ਼ੀਸ਼ੇ ਦੇ ਘਰਾਂ ਵਿਚ ਰਹਿਣ ਵਾਲੇ ਇਹ ਲੋਕ ਸ੍ਵੈ-ਗ਼ੁਲਾਮੀ ਦੇ ਆਦੀ ਹੋ ਚੁੱਕੇ ਹਨ। ਇਹ ਆਪਣੀ ਪਰਵਾਜ਼ ਭੁੱਲ ਬੈਠੇ ਹਨ। ਸੁਤੰਤਰਤਾ ਦੇ ਨਾਮ ਉੱਤੇ ਇਹ ਸੁਤੰਤਰਤਾ ਦਾ ਭਰਮ ਜਿਉਂਦੇ ਹਨ। ਇਹਨਾਂ ਦੇ ਸਾਰੇ ਹਾਵ-ਭਾਵ ਬਣਾਉਟੀ ਹਨ ਕਿਉਂਕਿ ਇਹ ਹਰ ਸਮੇਂ ਆਪਣੇ ਚਿਹਰਿਆਂ ਉਪਰ ਕੋਈ ਨਾ ਕੋਈ ਮੁਖੌਟਾ ਚਾੜ੍ਹੀ ਰੱਖਦੇ ਹਨ। ਇਹ ਰਾਤੋ-ਰਾਤ ਧਨ-ਕੁਬੇਰ ਬਣ ਕੇ ਪੂਰੀ ਦੁਨੀਆਂ ਉਪਰ ਛਾ ਜਾਣ ਦੇ ਸੁਪਨੇ ਲੈਂਦੇ ਹਨ। ਸਹਿਜਤਾ ਅਤੇ ਸੁਭਾਵਿਕਤਾ ਦਾ ਇਹਨਾਂ ਦੇ ਜੀਵਨ ਨਾਲ ਕੋਈ ਦੂਰ ਦਾ ਸੰਬੰਧ ਵੀ ਨਹੀਂ ਹੈ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ :

ਇਹਨਾਂ ਨੂੰ
ਆਪਣੀ ਟੁੱਟ-ਭੱਜ ਤੇ ਭੁਰਨ ਦਾ ਏਨਾ ਡਰ ਹੈ
ਕਿ ਇਹ ਜੀਵਨ ਘੱਟ ਜਿਉਂਦੇ ਹਨ
ਆਪਣੇ ਪਹਿਰੇਦਾਰ ਵਧੇਰੇ ਹਨ
ਇਹਨਾਂ ਦੀਆਂ ਨਿੱਕੀਆਂ-ਨਿੱਕੀਆਂ ਰਾਤਾਂ ਹਨ
ਲਘੂ ਸਵੇਰੇ ਹਨ
ਇਹ ਇਕ ਦਿਨ ਵਿਚ ਹੀ ਮਾਇਆ ਦੀ ਐਵਰੇਸਟ

ਫ਼ਤਹਿ ਕਰਨਾ ਚਾਹੁੰਦੇ ਹਨ
ਸਮੇਂ ਦੀ ਦੌੜ ਵਿਚ ਇੰਨਾ ਗੁਆਚ ਗਏ ਹਨ
ਕਿ ਆਪਣੇ ਅੰਦਰ ਵੱਲ ਖੁੱਲ੍ਹਦਾ ਦਰਵਾਜ਼ਾ
ਭੁੱਲ ਗਏ ਹਨ
ਸੱਚ ਤੋਂ ਦੂਰ ਹੋ ਗਏ ਹਨ
ਝੂਠੀ ਸ਼ਾਨੋ-ਸ਼ੌਕਤ 'ਤੇ ਡੁੱਲ੍ਹ ਗਏ ਹਨ
ਇਹਨਾਂ ਦਾ ਸੱਚ ਪਿੱਛੇ ਰਹਿ ਗਿਆ ਹੈ
ਇਹ ਮਾਇਆ ਦੇ ਪਿੱਛੇ ਦੌੜਦੇ ਹਨ
ਆਪਣਾ ਸਾਇਆ
ਆਪਣੀ ਦੇਹ 'ਚ ਦਫ਼ਨਾ ਕੇ
ਸਾਏ ਦਾ ਸੱਚ ਭਾਲਦੇ ਹਨ। (ਸਭਿਅਕ ਲੋਕ)

ਇਸ ਪੁਸਤਕ ਦੀ ਇਕ ਹੋਰ ਉਲੇਖਯੋਗ ਕਾਵਿ-ਲੜੀ 'ਬੁੱਤ ਤੇ ਉਦਾਸੀ' (ਛੇ ਕਵਿਤਾਵਾਂ) ਹੈ। ਇਸ ਕਾਵਿ-ਲੜੀ ਵਿਚ ਕਵੀ ਨੇ ਮਨੁੱਖੀ ਅਸਤਿੱਤਵ ਨਾਲ ਜੁੜੇ ਉਦਾਸੀ ਦੇ ਛੇ ਮੁਖ਼ਤਲਿਫ਼ ਭਾਵਾਂ ਦਾ ਨਿਰੂਪਣ ਕੀਤਾ ਹੈ। ਇਸ ਲੜੀ ਦੀ ਪ੍ਰਥਮ ਕਵਿਤਾ ਵਿਚ ਉਹ ਮਿੱਟੀ ਦੇ ਪੁਤਲੇ (ਬੁੱਤ/ਮਨੁੱਖ) ਨੂੰ ਹੌਸਲਾ ਦਿੰਦਾ ਹੈ, ਉਸ ਦੀ ਦਿਲਜੋਈ ਕਰਦਾ ਹੈ ਕਿ ਉਹ ਉਦਾਸ ਨਾ ਹੋਵੇ। ਨਿਰਾਸ਼ਾ ਵਿਚੋਂ ਹੀ ਆਸ਼ਾ ਦਾ ਜਨਮ ਹੁੰਦਾ ਹੈ ਅਤੇ ਮਨੁੱਖ ਦੇ ਮਨ ਵਿਚ ਜੀਵਨ ਦੀਆਂ ਚੁਣੌਤੀ ਦਾ ਮੁਕਾਬਲਾ ਕਰਨ ਦੀ ਹਿੰਮਤ ਪੈਦਾ ਹੁੰਦੀ ਹੈ। ਜਿਸ ਮਨੁੱਖ ਦੀ ਚੇਤਨਾ ਉਦਾਸੀ ਵਿਚ ਹੀ ਉਲਝ ਕੇ ਰਹਿ ਜਾਂਦੀ ਹੈ, ਉਹ ਮਨੁੱਖ ਹਿੰਮਤ ਹਾਰ ਬੈਠਦਾ ਹੈ। ਸਿੱਟੇ ਵਜੋਂ ਉਮਰ ਭਰ ਦਾ ਰੋਗੀ ਬਣ ਕੇ ਬਹਿ ਜਾਂਦਾ ਹੈ। ਕਵੀ ਇਸ ਤੱਥ ਨੂੰ ਤਾਂ ਸਵੀਕਾਰ ਕਰਦਾ ਹੈ ਕਿ ਅਜੋਕਾ ਪੂੰਜੀਵਾਦੀ ਯੁਗ ਮਾਯੂਸੀ ਤੇ ਨਿਰਾਸ਼ਾ ਦਾ ਯੁਗ ਹੈ ਪਰ ਅਸਲ ਮਨੁੱਖ ਉਹੀ ਹੈ ਜੋ ਮਾਯੂਸੀ ਅਤੇ ਨਿਰਾਸ਼ਾ ਦੀਆਂ ਪਰਤਾਂ ਨੂੰ ਛੰਡ ਕੇ ਜੀਵਨ-ਸੰਘਰਸ਼ ਵਿਚ ਕੁੱਦਣ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਦੂਜੀ ਕਵਿਤਾ ਵਿਚ ਉਹ ਮਨੁੱਖ ਦੇ ਪ੍ਰਾਣਾਂ ਨੂੰ ਆਸ਼ਾਵਾਦੀ ਬਣਨ ਦੀ ਪ੍ਰੇਰਨਾ ਦਿੰਦਾ ਹੈ। ਉਹ ਕਹਿੰਦਾ ਹੈ ਕਿ ਉਦਾਸੀ ਅਤੇ ਇਕੱਲਤਾ ਨਾਲ ਮਨੁੱਖ ਦੀ ਜੀਵਨ-ਗਤੀ ਵਿਚ ਖੜੋਤ ਆ ਜਾਂਦੀ ਹੈ। ਕਿਸੇ ਵੀ ਮਨੁੱਖ ਦੀ ਜੀਵਨ-ਗਤੀ ਵਿਚ ਆਈ ਖੜੋਤ ਪੂਰੇ ਵਿਸ਼ਵ ਉਪਰ ਅਸਰ-ਅੰਦਾਜ਼ ਹੁੰਦੀ ਹੈ। ਮਨੁੱਖ ਇਕੱਲਾ-ਇਕਹਿਰਾ ਨਹੀਂ ਹੈ ਬਲਕਿ ਪੂਰੇ ਵਿਸ਼ਵ ਦਾ ਧੜਕਦਾ-ਲਰਜ਼ਦਾ ਜੁਜ਼ ਹੈ। ਇਸੇ ਲਈ ਕਵੀ ਉਦਾਸ ਮਨੁੱਖ ਨੂੰ ਝੰਜੋੜਦਾ ਹੈ:

ਤੇਰੀ ਉਦਾਸੀ ਤੇ ਇਕੱਲਤਾ
ਜੇ ਤੇਰੇ 'ਚ ਪਸਰ ਜਾਏਗੀ

ਰੁਕੇਗੀ ਜ਼ਿੰਦਗੀ
ਤੇ ਫੈਲੇਗੀ ਗਤੀਹੀਣਤਾ
ਬੁਸ ਜਾਣਗੇ ਸਮੁੰਦਰ, ਰੁੱਸ ਜਾਣਗੇ ਮੌਸਮ
ਪੰਛੀਆਂ ਦੇ ਗੀਤ
ਕੰਠ 'ਚ ਹੀ ਦਫ਼ਨ ਹੋ ਜਾਣਗੇ
ਧਰਤੀ ਦੀਆਂ ਵਾਦੀਆਂ ਦੇ ਵਜੂਦ
ਕਬਰਾਂ ਤੇ ਸ਼ਮਸ਼ਾਨਾਂ 'ਚ ਢਲ ਜਾਣਗੇ।

ਤੀਜੀ ਕਵਿਤਾ ਮਨੁੱਖ ਵਿਚਲੇ ਨਿੱਘ ਦੀ ਉਦਾਸੀ ਨੂੰ ਮੁਖ਼ਾਤਿਬ ਹੈ। ਇਸ ਉਦਾਸੀ ਨਾਲ ਪੂਰੇ ਦਾ ਪੂਰਾ ਬ੍ਰਹਿਮੰਡ ਠੰਡਾ ਯਖ਼ ਹੋ ਕੇ ਜੰਮ ਜਾਂਦਾ ਹੈ। ਨਦੀਆਂ, ਨਾਲਿਆਂ, ਪਹਾੜਾਂ ਅਤੇ ਸਮੁੰਦਰ ਉਪਰ ਬਰਫ਼ ਹੀ ਬਰਫ਼ ਜੰਮ ਜਾਂਦੀ ਹੈ ਅਤੇ ਪੂਰੀ ਦੁਨੀਆਂ ਵਿਚੋਂ ਨਿੱਘ ਗ਼ਾਇਬ ਹੋ ਜਾਂਦਾ ਹੈ। ਚੌਥੀ ਕਵਿਤਾ ਵਿਚ ਮਨੁੱਖ ਅੰਦਰ ਦੌੜ ਰਹੇ ਲਹੂ ਨੂੰ ਰਵਾਨੀ ਫੜਨ ਲਈ ਕਿਹਾ ਗਿਆ ਹੈ। ਦੇਖੋ ਗ਼ਾਲਿਬ: ਰਗ਼ੋਂ ਮੇਂ ਦੌੜਨੇ ਫਿਰਨੇ ਕੇ ਹਮ ਨਹੀਂ ਕਾਯਲ ਜੋ ਨਾ ਆਂਖ ਹੀ ਸੇ ਟਪਕਾ ਤੋ ਫਿਰ ਲਹੂ ਕਯਾ ਹੈ! ਪੰਜਾਬੀ ਕਵਿਤਾ ਮਨੁੱਖ ਦੀ ਦੇਹੀ ਵਿਚਲੀ ਉਦਾਸੀ ਦਾ ਵਰਣਨ ਕਰਦੀ ਹੈ। ਦੇਹੀ ਦੀ ਉਦਾਸੀ ਨਾਲ ਵੀ ਪੂਰੀ ਕਾਇਨਾਤ ਦੀ ਉਦਾਸੀ ਜੁੜੀ ਹੋਈ ਹੈ। ਪ੍ਰਕਿਰਤੀ ਦਾ ਅੰਗ ਹੋਣ ਕਰਕੇ ਮਨੁੱਖ ਦਾ ਸਾਰਾ ਕਾਰ-ਵਿਹਾਰ ਸਮੁੱਚੀ ਪ੍ਰਕਿਰਤੀ ਦੇ ਮੂਡ ਉਪਰ ਅਸਰ ਪਾਉਂਦਾ ਹੈ। ਛੇਵੀਂ ਕਵਿਤਾ ਦਾ ਸੰਬੰਧ ਉਕਤ ਸਾਰੀਆਂ ਉਦਾਸੀਆਂ ਦੇ ਜੋੜ-ਫ਼ਲ ਨਾਲ ਹੈ। ਇਹ ਉਦਾਸੀ ਇਕ ਉਮੀਦ ਨੂੰ ਜਨਮ ਦੇਣ ਵਾਲੀ ਬਣਦੀ ਹੈ। ਕਵੀ ਇਸ ਉਦਾਸੀ ਦਾ ਸਵਾਗਤ ਕਰਦਾ ਹੋਇਆ ਲਿਖਦਾ ਹੈ:

ਤੇਰੀ ਉਦਾਸੀ 'ਚ ਜ਼ਿੰਦਗੀ
ਤੇ ਪਲਾਂ ਦਾ ਅੰਕੁਰ ਹੈ
ਤੇਰੀ ਰੁਕ ਗਈ ਜ਼ਿੰਦਗੀ ਫੈਲੀ ਅਗਤੀ 'ਚ
ਧੁੰਧੂਕਾਰਾ ਮਾਹੌਲ 'ਚ
ਜ਼ਿੰਦਗੀ ਦਾ ਬੀਜ ਫੁੱਟੇਗਾ
ਉਦਾਸੀ, ਚੁੱਪ ਤੇ ਇਕੱਲਤਾ ਤੇਰੇ 'ਚੋਂ
ਪੁੱਟ ਕੇ ਬਾਹਰ ਸੁੱਟੇਗਾ
ਫਿਰ ਤੇਰੇ ਸਹਿਰਾ 'ਚ ਸਮੁੰਦਰ
ਵੀਰਾਨੀਆਂ 'ਚ ਬਹਾਰਾਂ ਦਾ ਗਿੱਧਾ
ਤੇ ਮੌਸਮ ਦੇ ਗੀਤ ਗੂੰਜਣਗੇ
ਉਦਾਸੀ, ਚੁੱਪ ਤੇ ਇਕੱਲਤਾ

ਤੇਰੇ ਵਿਹੜੇ 'ਚੋਂ ਹੂੰਝਣਗੇ। (ਬੁੱਤ ਤੇ ਉਦਾਸੀ : ਪ੍ਰਭਾਵ ਛੇਵਾਂ)

ਇਸ ਸੰਗ੍ਰਹਿ ਦੀ ਇਕ ਕਵਿਤਾ ਵਿਚ ਕਵੀ ਕਾਵਿ-ਕਰਮ ਨੂੰ ਪਰਿਭਾਸ਼ਿਤ ਅਤੇ ਲਕਸ਼ਿਤ ਵੀ ਕਰਦਾ ਹੈ। ਕਵਿਤਾ ਸੰਬੰਧੀ ਉਸ ਦੀਆਂ ਕੁਝ ਸੂਕਤੀਆਂ ਦੇਖੋ :

1. ਕਵਿਤਾ ਸ਼ਬਦਾਂ ਤੇ ਅਰਥਾਂ ਦਾ ਸੰਗ੍ਰਹਿ ਨਹੀਂ ਸਗੋਂ ਸ਼ਬਦਾਂ 'ਚ ਲਪੇਟੇ ਅਰਥਾਂ ਦਾ ਮੂੰਹੋਂ ਬੋਲਦਾ ਅਹਿਸਾਸ ਹੈ।
2. ਕਵਿਤਾ ਕਾਵਿਕ ਮਨ ਦੀ ਦਾਰਸ਼ਨਿਕ-ਵਿਗਿਆਨਕ ਤ੍ਰੈਕਾਲਮੁਖੀ ਅਭਿਵਿਅਕਤੀ ਹੈ।
3. ਜ਼ਿੰਦਗੀ ਦੀ ਕਾਰਜ-ਪ੍ਰਣਾਲੀ ਦਾ ਤੱਤ ਕਵਿਤਾ ਹੈ, ਜੋ ਅਰਥਾਂ 'ਚੋਂ ਜਨਮਦੀ ਹੈ, ਸ਼ਬਦਾਂ 'ਚ ਤੁਰਦੀ ਹੈ।
4. ਸ਼ਬਦ ਕਿਰਨ ਹੈ, ਅਰਥ ਸੂਰਜ ਹੈ। ਕਿਰਨਾਂ ਰਾਹੀਂ ਸੂਰਜ ਤਕ, ਸੂਰਜ ਰਾਹੀਂ ਕਿਰਨਾਂ ਤਕ ਦਾ ਸਫ਼ਰ ਹੀ ਕਾਵਿ ਵਿਚਲੇ ਸ਼ਬਦ ਤੇ ਅਰਥ ਨੂੰ ਸਮਝਣਾ ਹੈ।
5. ਕਵਿਤਾ ਲਹੂ-ਮਾਸ ਦੀ ਪ੍ਰਕਿਰਿਆ ਹੈ। ਸ਼ਬਦ ਪਾਠਕ ਨੂੰ ਉਂਗਲੀ ਲਾ ਅਰਥ ਤਕ ਲੈ ਜਾਂਦਾ ਹੈ। ਅਰਥ ਪਾਠਕ ਸਾਹਵੇਂ ਨੰਗਾ ਪਰਤ-ਦਰ-ਪਰਤ ਆਪਾ ਖੋਲ੍ਹਦਾ ਹੈ।
6. ਕਵਿਤਾ ਦਿਲ ਵਾਂਗ ਧੜਕਦੀ ਹੈ।
7. ਕਵਿਤਾ ਆਪਣੇ ਵਿਚਾਰ ਤੇ ਅਹਿਸਾਸ 'ਚ, ਪਾਠਕਾਂ ਦੇ ਅਨੁਭਵ 'ਚ ਜਿਉਂਦੀ-ਜਾਗਦੀ ਤੁਰੀ ਫਿਰਦੀ ਹੈ। ਇਹ ਆਲੋਚਨਾਤਮਕ ਦ੍ਰਿਸ਼ਟੀ ਤੋਂ ਪਾਠਕ ਸੰਗ ਜੀਵਨ ਪ੍ਰਤੀ ਵਾਦ-ਵਿਵਾਦ ਕਰਦੀ ਹੈ।
8. ਕਵਿਤਾ ਸਿਰਫ਼ ਸ਼ਬਦਾਂ-ਅਰਥਾਂ ਦਾ ਸੰਗ੍ਰਹਿ ਨਹੀਂ ਸਗੋਂ ਲਹੂ-ਮਾਸ ਦੀ ਜਿਉਂਦੀ-ਜਾਗਦੀ ਦਾਰਸ਼ਨਿਕ ਚੇਤਨਾ ਹੈ।
9. ਸ਼ਬਦ ਸਿਰਫ਼ ਕਵਿਤਾ ਦਾ ਪਹਿਰਾਵਾ ਹਨ, ਅਸਲ ਕਵਿਤਾ ਇਸ ਪਹਿਰਾਵੇ ਹੇਠ ਛੁਪੀ ਹੈ।
10. ਮੈਨੂੰ ਤਾਂ ਕਵਿਤਾ ਕਦੇ ਖ਼ੁਦਾਈ ਕਦੀ ਖ਼ੁਦਾ ਲੱਗਦੀ ਹੈ।

(ਕਵਿਤਾ, ਪੰਨੇ 16-20)

# 10- ਅੰਤਰੀਵ (2010)

ਇਸ ਸੰਗ੍ਰਹਿ ਵਿਚ ਚਰਨ ਸਿੰਘ ਦੀਆਂ 19 ਕਵਿਤਾਵਾਂ ਸੰਕਲਿਤ ਹਨ। ਇਸ ਦੀ ਪ੍ਰਥਮ ਕਵਿਤਾ ਵਿਚ ਇਤਿਹਾਸ ਨੂੰ ਨਾਇਕ ਬਣਾ ਕੇ ਉਸ ਦੀ ਦੁਬਿਧਾ ਦਾ ਵਰਣਨ ਕੀਤਾ ਗਿਆ ਹੈ। ਪ੍ਰਾਚੀਨ ਇਤਿਹਾਸ ਰਾਜਿਆਂ-ਰਾਣਿਆਂ ਦੇ ਪਰਾਕ੍ਰਮਾਂ ਤਕ ਹੀ ਸੀਮਿਤ ਸੀ। ਇਸ ਵਿਚ ਉਹਨਾਂ ਦੀਆਂ ਜਿੱਤਾਂ-ਹਾਰਾਂ ਦਾ ਹੀ ਉਲੇਖ ਕੀਤਾ ਜਾਂਦਾ ਸੀ; ਆਮ ਆਦਮੀ ਇਤਿਹਾਸ ਵਿਚ ਪ੍ਰਵੇਸ਼ ਨਹੀਂ ਸੀ ਕਰ ਸਕਦਾ। ਇਹੀ ਕਾਰਨ ਹੈ ਕਿ ਪ੍ਰਾਚੀਨ ਇਤਿਹਾਸ ਵਿਚ ਕਿਸੇ ਦੇਸ਼ ਜਾਂ ਸੰਸਕ੍ਰਿਤੀ ਦਾ ਸਮੁੱਚਾ ਸਰੂਪ ਨਹੀਂ ਦੇਖਿਆ ਜਾ ਸਕਦਾ। ਉਹ ਇਤਿਹਾਸ ਅਧੂਰਾ ਅਤੇ ਲੰਗੜਾ ਹੁੰਦਾ ਸੀ ਪਰੰਤੂ ਆਧੁਨਿਕ ਯੁਗ ਵਿਚ ਪਹੁੰਚ ਕੇ ਇਤਿਹਾਸਕਾਰਾਂ ਨੂੰ ਇਹ ਬੋਧ ਹੋ ਗਿਆ ਹੈ ਕਿ ਜਿਤਨੀ ਦੇਰ ਤਕ ਇਤਿਹਾਸ ਵਿਚ ਆਮ ਆਦਮੀ ਦੀ ਸ਼ਮੂਲੀਅਤ ਨਹੀਂ ਹੁੰਦੀ, ਇਸ ਨੂੰ ਸੰਪੂਰਨ ਅਤੇ ਪ੍ਰਮਾਣਿਕ ਨਹੀਂ ਕਿਹਾ ਜਾ ਸਕਦਾ। ਇਸ ਪ੍ਰਕਾਰ ਕਵੀ ਇਤਿਹਾਸ ਵਿਚ ਆਮ ਆਦਮੀ ਦੀ ਸ਼ਮੂਲੀਅਤ ਨੂੰ ਵੇਖਣਾ ਲੋਚਦਾ ਹੈ। ਅਜਿਹੇ ਨਵੇਂ ਇਤਿਹਸ ਦੀ ਪ੍ਰਕਿਰਤੀ ਨੂੰ ਸਪੱਸ਼ਟ ਕਰਦਾ ਹੋਇਆ ਉਹ ਲਿਖਦਾ ਹੈ:

ਮੈਂ ਇਤਿਹਾਸ
ਆਪਣਾ ਅਧੂਰਾਪਣ ਭਰਨ ਲਈ
ਤਖ਼ਤ ਨੂੰ ਕੰਡ ਦੇ ਕੇ ਮਹਿਲਾਂ ਨੂੰ ਤਿਆਗ
ਮਨੁੱਖ, ਮਨੁੱਖਤਾ
ਕੁਦਰਤ ਤੇ ਕਾਦਰ ਨੂੰ
ਆਪਣੀ ਦੇਹ 'ਚ ਉਤਾਰਿਆ।...

o

ਮੈਂ ਸਮੂਹਕ ਜੀਵਨ ਦਾ ਦਰਪਣ ਤੇ
ਵਿਸਥਾਰ ਹੋ ਗਿਆ
ਮੈਂ ਭੂਤ, ਵਰਤਮਾਨ ਤੇ ਭਵਿੱਖ ਦੀ
ਬੰਦਸ਼ ਤੋਂ ਆਰ-ਪਾਰ ਹੋ ਗਿਆ।...

o

ਹੁਣ ਮੈਂ ਬੀਤੇ ਦਾ ਦਰਪਣ ਹਾਂ
ਅੱਜ ਦਾ ਚਿਹਰਾ, ਭਵਿੱਖ ਦਾ ਸਵੇਰਾ ਹਾਂ
ਮਹਿਲਾਂ ਤੋਂ ਕੁੱਲੀਆਂ ਤਕ ਦਾ ਸਫ਼ਰ ਹਾਂ
ਰਾਜਿਆਂ, ਰੰਕਾਂ ਤੇ ਪਰਜਾ ਦੀ ਆਵਾਜ਼ ਹਾਂ
ਮੈਂ ਸਮੂਹਕ ਜੀਵਨ ਦਾ ਵਿਸਥਾਰ ਹਾਂ। (ਇਤਿਹਾਸ ਦਾ ਦੁਖਾਂਤ)

ਇਤਿਹਸ ਦੇ ਦੁਖਾਂਤ ਨਾਲ ਸੰਬੰਧਿਤ ਉਸ ਦੀ ਇਕ ਹੋਰ ਕਵਿਤਾ ਹਸਤਨਾਪੁਰ ਹੈ। ਹਸਤਨਾਪੁਰ ਦੇ ਖ਼ੰਡਰ ਕਵੀ ਨੂੰ ਨਿਰੰਤਰ ਪੁਕਾਰਦੇ (haunt) ਰਹਿੰਦੇ ਹਨ। ਇਹੀ ਕਾਰਨ ਹੈ ਕਿ ਉਸ ਨੇ 'ਹਸਤਨਾਪੁਰ' ਦੇ ਪ੍ਰਤੀਕ ਨੂੰ ਕੇਂਦਰ ਵਿਚ ਰੱਖ ਕੇ ਬਹੁਤ ਸਾਰੀਆਂ ਕਵਿਤਾਵਾਂ ਦੀ ਰਚਨਾ ਕੀਤੀ ਹੈ। ਵਿਚਾਰਾਧੀਨ ਕਵਿਤਾ ਵਿਚ ਉਹ ਪ੍ਰਾਚੀਨ ਭਾਰਤ ਦੇ ਗੌਰਵ ਨੂੰ ਮਲੀਆਮੇਟ ਕਰਨ ਬਾਰੇ ਪਰਿਵਾਰਵਾਦ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਕਵੀ ਨੇ ਇਹ ਕਵਿਤਾ ਇਸ ਕਾਰਨ ਨਹੀਂ ਲਿਖੀ ਕਿ ਅੱਜ ਤੋਂ ਕੁਝ ਹਜ਼ਾਰ ਵਰ੍ਹੇ ਪਹਿਲਾਂ ਭਾਰਤ ਵਿਚ ਕੀ ਹੋਣੀ ਵਾਪਰੀ ਸੀ ਬਲਕਿ ਉਹ ਇਹ ਦੱਸਣਾ ਚਾਹੁੰਦਾ ਹੈ ਕਿ ਇਤਿਹਾਸ ਇਕ ਵਾਰ ਵਾਪਰ ਕੇ ਖ਼ਤਮ ਨਹੀਂ ਹੋ ਜਾਂਦਾ ਬਲਕਿ ਇਹ ਆਪਣੇ ਆਪ ਨੂੰ ਬਾਰ-ਬਾਰ ਦੁਹਰਾਉਂਦਾ ਰਹਿੰਦਾ ਹੈ। ਕੁਝ ਹਜ਼ਾਰ ਵਰ੍ਹੇ ਪਹਿਲਾਂ ਵਾਪਰੀਆਂ ਘਟਨਾਵਾਂ ਅੱਜ ਵੀ ਵਾਪਰ ਰਹੀਆਂ ਹਨ ਅਤੇ ਜੇ ਸਾਡਾ ਦੇਸ਼ ਭਾਰਤ, ਪ੍ਰਗਤੀ ਦੇ ਮਾਰਗ ਉਪਰ ਤੇਜ਼ੀ ਨਾਲ ਅੱਗੇ ਨਹੀਂ ਵਧ ਰਿਹਾ ਤਾਂ ਇਸ ਦਾ ਵੱਡਾ ਕਾਰਨ ਰਾਜਸੀ ਮਹਾਂਪ੍ਰਭੂਆਂ ਦਾ ਪਰਿਵਾਰੰਵਾਦ ਨੂੰ ਬੜ੍ਹਾਵਾ ਦੇਣਾ ਹੈ। ਦਿੱਲੀ, ਕਰਨਾਟਕ, ਮੁੰਬਈ, ਯੂ.ਪੀ. ਪੰਜਾਬ ਅਤੇ ਭਾਰਤ ਦੇ ਲਗਪਗ ਹਰ ਪ੍ਰਦੇਸ਼ ਵਿਚ ਪਰਿਵਾਰਵਾਦ ਇਕ ਆਦਮਖ਼ੋਰ ਅਜਗਰ ਬਣ ਕੇ ਭਾਰਤ ਤੇ ਭਾਰਤਵਾਸੀਆਂ ਦਾ ਖ਼ੂਨ ਪੀ ਰਿਹਾ ਹੈ। ਇਸ ਕਵਿਤਾ ਦਾ ਪ੍ਰਥਮ ਅਤੇ ਅੰਤਿਮ ਖੰਡ ਕਵੀ ਦੀ ਵਿਚਾਰਧਾਰਾ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਅਭਿਵਿਅਕਤ ਕਰਦੇ ਹਨ। ਦੇਖੋ:

ਜੇ ਧਰਿਤਰਾਸ਼ਟਰ ਦੇ ਨੈਣਾਂ ਦੀ ਜੋਤ ਹੁੰਦੀ
ਗੰਧਾਰੀ ਆਪਣੇ ਲਈ ਹਨੇਰਾ ਮੁੱਲ ਨਾ ਲੈਂਦੀ
ਪਤੀ ਦੇ ਨੈਣ ਨਾ ਜਿਉਂਦੀ
ਪਤੀ ਦੇ ਮੋਹ 'ਚ ਨਾ ਵਹਿੰਦੀ
ਆਪਣੇ ਦੁਆਲੇ ਤੋਂ ਮੂੰਹ ਨਾ ਫੇਰਦੀ...
ਹਸਤਨਾਪੁਰ 'ਚ ਬੀਜੇ ਜਾ ਰਹੇ
ਖੰਡਰਾਂ ਦਾ ਅਹਿਸਾਸ ਹੁੰਦਾ
ਅੱਜ ਹਿੰਦੁਸਤਾਨ ਦੀ ਵੱਖਰੀ ਨੁਹਾਰ
ਹੁੰਦੀ, ਵੱਖਰਾ ਇਤਿਹਾਸ ਹੁੰਦਾ।

o

...ਹਸਤਨਾਪੁਰ ਦੇ ਖੰਡਰਾਂ 'ਚ
ਹਿੰਦੁਸਤਾਨ ਸਮਾਇਆ ਹੈ
ਹਸਤਨਾਪੁਰ
ਹਿੰਦੁਸਤਾਨ ਦੇ ਚਿਹਰੇ 'ਤੇ ਮੁੜ ਕੇ ਉੱਗ ਆਇਆ ਹੈ।
(ਹਸਤਨਾਪੁਰ ਦੀ ਚੁੱਪ)

ਚਰਨ ਸਿੰਘ ਅਜੋਕੀ ਵਿਦਿਅਕ-ਪ੍ਰਣਾਲੀ ਨੂੰ ਲੈ ਕੇ ਵੀ ਕਾਫ਼ੀ ਚਿੰਤਿਤ ਹੈ। ਉੱਤਰ-ਪੂੰਜੀਵਾਦੀ ਯੁਗ ਵਿਚ ਵਿਦਿਆ ਨੂੰ ਮਨੁੱਖ ਦੇ ਅੱਖ਼ਰ-ਗਿਆਨ ਤਕ ਹੀ ਸੀਮਿਤ ਕਰ ਦਿੱਤਾ ਗਿਆ ਹੈ। ਇਸ ਵਿਦਿਅਕ ਪ੍ਰਣਾਲੀ ਦੇ ਸੰਚਾਲਕ ਲੋਕ ਚਾਹੁੰਦੇ ਹਨ ਕਿ ਅਜੋਕਾ ਨੌਜਵਾਨ ਆਪਣੀ ਸਿਆਣਪ ਨੂੰ ਜਮ੍ਹਾਂ-ਤਕਸੀਮ ਤਕ ਹੀ ਸੀਮਿਤ ਰੱਖੇ। ਇਸਨੂੰ ਦੇਸ਼ ਅਤੇ ਸਮਾਜ ਨਾਲ ਸੰਬੰਧਿਤ ਵੱਡੇ ਸਵਾਲਾਂ ਨਾਲ ਨਾ ਜੋੜੇ। ਸਮੁੱਚੇ ਮੱਧਕਾਲ ਤੋਂ ਲੈ ਕੇ ਪੂੰਜੀਵਾਦ ਦੇ ਆਰੰਭ ਤਕ ਸਿੱਖਿਆ ਨੂੰ ਬੱਚਿਆਂ ਦੇ ਸਰਵਪੱਖੀ ਵਿਕਾਸ ਨਾਲ, ਉਹਨਾਂ ਦੀ ਸ਼ਖ਼ਸੀਅਤ ਦੀ ਸੰਪੂਰਨਤਾ ਨਾਲ ਜੋੜ ਕੇ ਵੇਖਿਆ ਜਾਂਦਾ ਸੀ ਪਰੰਤੂ ਅਜੋਕੇ ਯੁਗ ਵਿਚ ਬੱਚੇ ਨੂੰ ਹਿਸਾਬ-ਕਿਤਾਬ ਕਰਨ ਵਾਲਾ ਅਤੇ ਲਿਖ-ਪੜ੍ਹ ਸਕਣ ਵਾਲਾ ਰੋਬੋਟ ਬਣਾ ਦਿੱਤਾ ਗਿਆ ਹੈ। ਉਸ ਦੇ ਦਿਮਾਗ਼ ਵਿਚਲੇ ਉਸ ਖ਼ਾਨੇ ਨੂੰ ਖੁੱਲ੍ਹਣ ਹੀ ਨਹੀਂ ਦਿੱਤਾ ਜਾਦਾ ਜਿਹੜਾ ਦੇਸ਼ ਦੇ ਵੱਡੇ ਸਵਾਲਾਂ ਨਾਲ ਜੁੜਿਆ ਹੁੰਦਾ ਹੈ। ਇਹੀ ਕਾਰਨ ਹੈ ਕਿ ਵੱਡੇ-ਵੱਡੇ ਪੂੰਜੀਵਾਦੀ ਘਰਾਣੇ ਆਪਣੇ ਕਾਰਪੋਰੇਟ ਜਗਤ ਨੂੰ ਪੂਰੀ ਨਿਰਭੈਤਾ ਨਾਲ ਚਲਾ ਰਹੇ ਹਨ। ਮੈਰਿਟ ਵਿਚ ਆਏ ਇੰਜੀਨੀਅਰ, ਡਾਕਟਰ ਅਤੇ ਆਈ.ਪੀ.ਐਸ/ਆਈ.ਏ.ਐਸ. ਨੌਜਵਾਨਾਂ ਦੀ ਭੀੜ ਇਹਨਾਂ ਘਰਾਣਿਆਂ ਨੂੰ ਵਧੇਰੇ ਅਮੀਰ ਬਣਾਉਣ ਲਈ ਦਿਲ-ਰਾਤ ਇਕ ਕਰ ਰਹੀ ਹੈ। ਗ਼ਰੀਬ ਲੋਕਾਂ ਦੀ ਬੇਹਤਰੀ ਅਤੇ ਖ਼ੁਸ਼ਹਾਲੀ ਲਈ ਕੋਈ ਨਹੀਂ ਸੋਚਦਾ। ਅਸਲ ਵਿਚ ਇਸ ਪੀੜ੍ਹੀ ਨੂੰ ਅਜਿਹਾ ਸੋਚਣਾ ਸਿਖਾਇਆ ਹੀ ਨਹੀਂ ਗਿਆ। ਅਜੋਕੀ ਸਿੱਖ਼ਿਆ-ਪ੍ਰਣਾਲੀ ਨੇ ਅੱਧੀ-ਅਧੂਰੀ ਸ਼ਖ਼ਸੀਅਤ ਵਾਲੇ ਪੜ੍ਹੇ-ਲਿਖੇ ਨੌਜਵਾਨਾਂ ਦੀ ਇਕ ਅਜਿਹੀ ਪੀੜ੍ਹੀ ਦਾ ਨਿਰਮਾਣ ਕਰ ਦਿੱਤਾ ਹੈ ਜੋ ਗਿਆਨਵਾਨ ਤਾਂ ਹੈ, ਸਿਆਣੀ ਨਹੀਂ। ਚਰਨ ਸਿੰਘ ਅਜਿਹੀ ਸਿੱਖਿਆ-ਪ੍ਰਣਾਲੀ ਦੇ ਚਰਿੱਤਰ ਨੂੰ ਬੇਨਕਾਬ ਕਰਦਾ ਹੋਇਆ ਲਿਖਦਾ ਹੈ:

ਅਜੋਕੀ ਵਿਦਿਆ
ਮਨੁੱਖ ਨੂੰ ਗਿਆਨ ਤਾਂ ਦਿੰਦੀ ਹੈ
ਪਰ ਸਿਆਣਾ ਨਹੀਂ ਕਰਦੀ
ਸੱਚ ਸਿਆਣਪ ਦੀ ਲੋਅ

ਮਨੁੱਖੀ ਮਸਤਕ 'ਚ ਨਹੀਂ ਧਰਦੀ।

o

ਅਜੋਕਾ ਮਨੁੱਖ ਰਾਵਣ ਜਿਹਾ ਵਿਦਵਾਨ ਮੂਰਖ ਹੈ
ਜੋ ਆਪਣੀ ਲੰਕਾ ਫੂਕਣ ਖ਼ੁਦ ਤੁਰਿਆ ਹੈ
ਜ਼ਿੰਦਗੀ ਨੂੰ ਕੰਡ ਦੇ ਕੇ ਮੌਤ ਵੱਲ ਮੁੜਿਆ ਹੈ
ਮਨੁੱਖ ਨੇ ਆਪਣਾ ਹੀ ਅੰਤ
ਆਪਣੇ ਚੌਗਿਰਦੇ 'ਚ ਉਗਾ ਲਿਆ ਹੈ
ਆਪਣੀ ਮੌਤ ਬਣ ਕੇ ਖ਼ੁਦ ਆਇਆ ਹੈ। (ਵਿਦਿਆ ਦੇ ਮਨੁੱਖ)

'ਪ੍ਰਦੂਸ਼ਣ' ਵਿਚ ਕਵੀ ਮਨੁੱਖ ਦੀ ਅਕ੍ਰਿਤਘਣਤਾ ਉਪਰ ਦੁੱਖ ਪ੍ਰਗਟ ਕਰਦਾ ਹੈ। ਉਹ ਲਿਖਦਾ ਹੈ ਕਿ ਪ੍ਰਕਿਰਤੀ ਨੇ ਮਨੁੱਖ ਲਈ ਰਹਿਮਤਾਂ, ਨੇਅਮਤਾਂ ਅਤੇ ਦਾਤਾਂ ਦੇ ਅਖੁੱਟ ਭੰਡਾਰ ਖੋਲ੍ਹ ਰਹੇ ਹਨ ਪਰ ਮਨੁੱਖ ਨੇ ਆਪਣੀ ਸੌੜੀ ਸੋਚ ਦੇ ਕਾਰਨ ਇਹਨਾਂ ਭੰਡਾਰਾਂ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਉਸ ਨੇ ਪਾਣੀ ਨੂੰ ਜ਼ਹਿਰੀਲਾ, ਹਵਾ ਨੂੰ ਗੰਧਲਾ ਅਤੇ ਧਰਤੀ ਨੂੰ ਬੰਜਰ ਬਣਾ ਧਰਿਆ ਹੈ। ਪਹਾੜਾਂ ਦੇ ਪਿੰਡਿਆਂ ਤੋਂ ਹਰਿਆਵਲ ਨੋਚ ਲਈ ਹੈ। ਬਹਾਰਾਂ ਵਿਚ ਪਤਝੜਾਂ ਬੀਜਣ ਦਾ ਗੁਨਾਹ ਕੀਤਾ ਹੈ ਅਤੇ ਮਨੁੱਖਤਾ ਦੇ ਮੱਥੇ ਵਿਚ ਸਹਿਰਾ ਬੀਜ ਦਿੱਤੇ ਹਨ। ਸਮੁੰਦਰ, ਜੰਗਲ ਅਤੇ ਨਦੀਆਂ ਵੀ ਮਨੁੱਖ ਦੇ ਸਵਾਰਥੀ ਅਤੇ ਕਪਟੀ ਸੁਭਾਅ ਦੇ ਕਾਰਨ ਪ੍ਰਦੂਸ਼ਿਤ ਹੋ ਗਈਆਂ ਹਨ। ਕਵੀ ਲਿਖਦਾ ਹੈ:

ਮਨੁੱਖ ਨਾਲੋਂ ਤੇ ਰੁੱਖ ਚੰਗਾ ਹੈ
ਜੋ ਮਨੁੱਖ ਦੇ ਵਿਪਰੀਤ ਹੈ
ਜ਼ਿੰਦਗੀ ਦਾ ਮੂਲ ਹੈ, ਆਧਾਰ ਹੈ, ਉਮੀਦ ਹੈ
ਰੁੱਖ ਕਾਰਬਨ ਚੂਸ਼ਦਾ ਹੈ
ਆਕਸੀਜਨ ਜਨਮਦਾ ਹੈ
ਮਨੁੱਖ ਆਕਸੀਜਨ ਨਿਗਲਦਾ ਹੈ
ਕਾਰਬਨ ਉਗਲਦਾ ਹੈ। (ਪ੍ਰਦੂਸ਼ਣ)

'ਸ਼ਹਿਰ ਤੇ ਪਿੰਡ' ਇਸ ਸੰਗ੍ਰਹਿ ਦੀ ਇਕ ਹੋਰ ਉਲੇਖਯੋਗ ਕਵਿਤਾ ਹੈ। ਇਸ ਕਵਿਤਾ ਵਿਚ ਉਹ ਸ਼ਹਿਰੀਕਰਨ ਦੀ ਪ੍ਰਕਿਰਿਆ ਦੁਆਰਾ ਪੈਦਾ ਹੋਈ ਮਾਨਸਿਕਤਾ ਉਪਰ ਖੇਦ ਪ੍ਰਗਟ ਕਰਦਾ ਹੈ। ਚਰਨ ਸਿੰਘ ਪ੍ਰਤੀਗਾਮੀ ਵਿਅਕਤੀ ਨਹੀਂ ਹੈ। ਆਰਥਿਕ ਵਿਕਾਸ ਲਈ ਉਹ ਸ਼ਹਿਰਾਂ ਦੇ ਮਹੱਤਵ ਨੂੰ ਖ਼ੂਬ ਪਹਿਚਾਣਦਾ ਹੈ ਪਰ ਉਹ ਇਹ ਨਹੀਂ ਚਾਹੁੰਦਾ ਕਿ ਪਿੰਡ ਖ਼ਤਮ ਹੋ ਜਾਣ ਕਿਉਂਕਿ ਪਿੰਡ ਵੀ ਕਿਸੇ ਦੇਸ਼ ਜਾਂ ਸਮਾਜ ਦੀ ਸਭਿਆਚਾਰਕ ਧਰੋਹਰ ਹੁੰਦੇ ਹਨ। ਜਿਸ ਦੇਸ਼ ਵਿਚੋਂ ਪਿੰਡ ਖ਼ਤਮ ਹੋ ਜਾਂਦੇ ਹਨ, ਉਸ ਦੇਸ਼ ਦੇ ਲੋਕ ਅਦਮਖ਼ੋਰ ਦਰਿੰਦੇ ਬਣ ਜਾਂਦੇ

ਹਨ, ਉਹਨਾਂ ਵਿਚੋਂ ਮਾਨਵਤਾ ਲੋਪ ਹੋ ਜਾਂਦੀ ਹੈ। ਕਵੀ ਲਿਖਦਾ ਹੈ:

ਸ਼ਹਿਰ ਦੇ ਵਜੂਦ 'ਚੋਂ
ਸਿਰ ਤੋਂ ਪੈਰਾਂ ਤੀਕ ਪਿੰਡ ਹੀ ਪਿੰਡ ਹੈ
ਸ਼ਹਿਰ ਦੀਆਂ ਰਗਾਂ 'ਚ ਪਿੰਡ ਦਾ ਲਹੂ ਹੈ
ਪਿੰਡ ਦਾ ਵਜੂਦ ਹੈ
ਸ਼ਹਿਰ ਦੇ ਪ੍ਰਾਣਾਂ 'ਚ ਪਿੰਡ ਦੇ ਪ੍ਰਾਣ ਹਨ
ਸ਼ਹਿਰ ਦੇ ਪੈਰਾਂ 'ਚ ਪਿੰਡ ਦੀ ਧਰਤ ਹੈ
ਸ਼ਹਿਰ ਦੇ ਸਿਰ 'ਤੇ ਪਿੰਡ ਦਾ ਆਸਮਾਂ ਹੈ
ਸ਼ਹਿਰ ਦੀ ਦੇਹ 'ਚ ਵੱਸਦਾ ਪਿੰਡ ਦਾ ਜਹਾਨ ਹੈ
ਪਿੰਡ ਦੇ ਬੀਜ 'ਚ ਸ਼ਹਿਰ ਦਾ ਰੁੱਖ ਹੈ
ਸ਼ਹਿਰ ਪਿੰਡ ਦਾ ਵਜੂਦ ਹੈ
ਪਿੰਡ ਸ਼ਹਿਰ ਦੀ ਕੁੱਖ ਹੈ। (ਸ਼ਹਿਰ ਤੇ ਪਿੰਡ)

# 11. ਸੂਰਜ ਤੇ ਕਿਰਨਾਂ (2010)

'ਸੂਰਜ ਤੇ ਕਿਰਨਾਂ' ਦੀਆਂ 27 ਕਵਿਤਾਵਾਂ ਵਿਚ ਕਵੀ ਨੇ ਆਪਣੀਆਂ ਸੰਵੇਦਨਾਵਾਂ ਅਤੇ ਅਹਿਸਾਸਾਂ ਦੀ ਇਕ ਨਵੀਂ ਸੁਗਾਤ ਭੇਟ ਕੀਤੀ ਹੈ। ਇਸ ਦੀਆਂ ਕੁਝ ਕਵਿਤਾਵਾਂ ਵਿਚ ਕਵੀ ਨੇ ਇਕ ਆਧੁਨਿਕ ਵਿਅਕਤੀ ਦਾ ਮਾਡਲ ਪੇਸ਼ ਕੀਤਾ ਹੈ। ਪ੍ਰਗਤੀ ਦੀ ਤੇਜ਼ ਰਫ਼ਤਾਰ ਨਾਲ ਕਦਮ ਮਿਲਾਉਂਦਾ ਹੋਇਆ ਅਜੋਕਾ ਮਨੁੱਖ ਕਾਫ਼ੀ ਹੰਭ-ਟੁੱਟ ਗਿਆ ਹੈ। ਉਸ ਦੀ ਮਾਨਵਤਾ ਦੇ ਕਈ ਅੰਗ ਇਸ ਤਿੱਖੀ ਦੌੜ ਵਿਚ ਗੁੰਮ-ਗੁਆਚ ਗਏ ਹਨ। ਕਵੀ ਚਾਹੁੰਦਾ ਹੈ ਕਿ ਮਨੁੱਖ ਪ੍ਰਗਤੀ ਤਾਂ ਜ਼ਰੂਰ ਕਰੇ ਪਰ ਉਹ ਆਪਣੀ ਮਾਨਵਤਾ ਤੋਂ ਉੱਕਾ ਹੀ ਮਹਿਰੂਮ ਨਾ ਹੋ ਜਾਵੇ ਕਿਉਂਕਿ ਜੇ ਉਸ ਦੇ ਅੰਦਰ ਦਾ ਮਨੁੱਖ ਹੀ ਮਰ ਗਿਆ ਤਾਂ ਉਹ ਪਦਾਰਥਕ ਪ੍ਰਗਤੀ ਦਾ ਕੀ ਕਰੇਗਾ ? ਉਹ ਸਮਝਾਉਂਦਾ ਹੈ ਕਿ ਜ਼ਿੰਦਗੀ ਦੀਆਂ ਸਾਰੀਆਂ ਸੁਖ-ਸੁਵਿਧਾਵਾਂ ਮਨੁੱਖ ਵਾਸਤੇ ਬਣੀਆਂ ਹਨ, ਮਨੁੱਖ ਇਹਨਾਂ ਲਈ ਨਹੀਂ ਬਣਿਆ। ਮਨੁੱਖ ਕਰਤਾ ਹੈ, ਕਰਮ ਨਹੀਂ ਹੈ। ਪਰੰਤੂ ਪੂੰਜੀਵਾਦੀ ਯੁਗ ਵਿਚ ਮਨੁੱਖ ਕਰਤਾ ਨਹੀਂ ਰਿਹਾ ਬਲਕਿ ਕਰਮ ਬਣ ਚੁੱਕਾ ਹੈ। ਇਸ ਸਥਿਤੀ ਵਚੋਂ ਬਾਹਰ ਨਿਕਲਣ ਲਈ ਕਵੀ ਅਜੋਕੇ ਮਨੁੱਖ ਨੂੰ ਬਹੁਤ ਸਾਰੇ ਸੁਝਾਉ ਦਿੰਦਾ ਹੈ। ਉਸ ਦੇ ਸਨਮੁਖ ਕੁਝ ਵਿਕਲਪ ਪੇਸ਼ ਕਰਦਾ ਹੈ। ਇਉਂ ਚਰਨ ਸਿੰਘ ਜੀਵਨ ਅਤੇ ਜਗਤ ਦਾ ਰੂਪਾਂਤਰਣ ਕਰਨ ਲਈ ਬਿਹਬਲ ਦਿਖਾਈ ਦਿੰਦਾ ਹੈ। ਇਸ ਪ੍ਰਸੰਗ ਵਿਚ ਉਹ ਇਕ ਨਵੇਂ ਮਨੁੱਖ ਦਾ ਮਾਡਲ ਪੇਸ਼ ਕਰਦਾ ਹੋਇਆ ਲਿਖਦਾ ਹੈ :

ਉਹ ਬ੍ਰਹਿਮੰਡਾਂ 'ਚੋਂ
ਦਿਸ਼ਾਹੀਣਤਾ ਤੇ ਬੇਲੋੜਾਪਣ ਮਿਟਾਉਣਾ ਚਾਹੁੰਦਾ ਹੈ
ਸ਼ੋਰ 'ਚੋਂ ਸੁਰ ਉਗਾਉਣਾ ਚਾਹੁੰਦਾ ਹੈ
ਪਰ ਚੁੱਪ ਹੈ
ਬੋਲ ਕੇ ਸ਼ੋਰ 'ਚ ਹੋਰ ਸ਼ੋਰ ਘੋਲਣਾ ਨਹੀਂ ਚਾਹੁੰਦਾ
ਸ਼ੋਰ ਕਰਕੇ ਚੁੱਪ ਹੈ
ਸ਼ੋਰ ਦੀ ਦੁਨੀਆਂ 'ਚ ਚੁੱਪ ਦਾ ਮੂੰਹ
ਖੋਲ੍ਹਣਾ ਨਹੀਂ ਚਾਹੁੰਦਾ।

o

ਉਸ ਦੀ ਚੁੱਪ 'ਚ
ਸੱਚ, ਸੁੰਦਰਤਾ ਤੇ ਕਲਿਆਣ ਹੈ
ਉਸ ਦੀ ਚੁੱਪ ਸੱਚ ਦੀ ਜ਼ੁਬਾਨ ਹੈ
ਸੱਚ ਦੀ ਸਿਰਜਣਾ, ਸੱਚ ਦਾ ਵਿਸਥਾਰ ਹੈ
ਉਸ ਦੀ ਚੁੱਪ ਸ਼ੋਰ ਦੀ ਕੁੱਖ ਨਹੀਂ
ਸਹਿਣਸ਼ੀਲਤਾ, ਦਇਆ, ਸਬਰ-ਸੰਤੋਖ ਦੀ ਸਿਰਜਣਾ ਹੈ।

(ਅਜੀਬ ਸ਼ਖ਼ਸ)

ਚਰਨ ਸਿੰਘ ਦੇ ਕਵਿਤਵ ਦੀ ਇਕ ਵਿਲੱਖਣਤਾ ਉਸ ਦਾ ਆਸ਼ਾਵਾਦ ਅਤੇ ਚੜ੍ਹਦੀ ਕਲਾ ਹੈ। ਬੇਸ਼ੱਕ ਉਸ ਨੂੰ ਇਸ ਤੱਥ ਦਾ ਬੜਾ ਦੁਖਦ ਅਹਿਸਾਸ ਹੈ ਕਿ ਅਜੋਕਾ ਮਨੁੱਖ ਰਸਾਤਲ ਵਿਚ ਡਿੱਗ ਚੁੱਕਾ ਹੈ। ਸਵਾਰਥ, ਕਪਟ, ਦੰਭ ਅਤੇ ਦੋਗਲਾਪਣ ਉਸ ਦੇ ਚਰਿੱਤਰ ਵਿਚ ਏਨੀ ਡੂੰਘੀ ਤਰ੍ਹਾਂ ਧਸ ਗਏ ਹਨ ਕਿ ਉਸ ਦੇ ਉੱਧਾਰ-ਸੁਧਾਰ ਦੀ ਕੋਈ ਉਮੀਦ ਪ੍ਰਤੀਤ ਨਹੀਂ ਹੁੰਦੀ। ਪੂੰਜੀਵਾਦ ਦੇ ਦਬਾਵਾਂ ਹੇਠ ਉਸ ਦੀ ਮਾਨਸਿਕਤਾ ਪੂਰੀ ਤਰ੍ਹਾਂ ਨਾਲ ਵਿਕ੍ਰਿਤ ਅਤੇ ਪ੍ਰਦੂਸ਼ਿਤ ਹੋ ਚੁੱਕੀ ਹੈ ਪਰ ਉਹ ਜਾਣਦਾ ਹੈ ਕਿ ਸਾਡਾ ਇਹ ਬ੍ਰਹਿਮੰਡ ਵਿਕਾਸਵਾਦੀ ਮਾਡਲ ਉਪਰ ਟਿਕਿਆ ਹੋਇਆ ਹੈ। ਇਸ ਦੇ ਰਾਹ ਵਿਚ ਜਿਤਨੇ ਵੀ ਦੋਸ਼ ਜਾਂ ਅੜਿੱਕੇ ਆਉਣਗੇ, ਉਹ ਬਲਕਿ ਇਸ ਦੇ ਵਿਕਾਸ ਵਿਚ ਵਧੇਰੇ ਸਹਾਈ ਹੋਣਗੇ। ਇਸੇ ਅਖੰਡ ਸ੍ਵੈ-ਵਿਸ਼ਵਾਸ ਵਿਚੋਂ ਹੀ ਉਹ ਇਹ ਲਿਖ ਸਕਿਆ ਹੈ:

ਮੈਂ ਸੂਰਜ, ਚਾਨਣ ਦਾ ਮੁਜੱਸਮਾ ਹਾਂ
ਆਪੇ ਆਪਣੇ ਆਪ ਦੀ ਚੜ੍ਹਤ ਹਾਂ
ਆਪੇ ਆਪਣੇ ਆਪ ਦਾ ਪਤਨ ਹਾਂ
ਮੈਂ ਕੰਕਰ ਹਾਂ, ਪੱਥਰ ਹਾਂ, ਰਤਨ ਹਾਂ।

o

ਮੇਰੇ 'ਚੋਂ ਉਦੈ ਆਕਾਸ਼ ਹੁੰਦਾ ਹੈ
ਬਹਾਰਾਂ, ਮੌਸਮ, ਰੁੱਤਾਂ, ਸਮੇ ਦਾ
ਆਗਾਜ਼ ਹੁੰਦਾ ਹੈ
ਜੋ ਮੇਰੇ ਤੋਂ ਸ਼ੁਰੂ ਹੋ ਕੇ ਮੇਰੇ 'ਤੇ ਹੀ ਮੁੱਕਦਾ ਹੈ
ਉਸ ਦਾ ਬੀਜ ਹਾਂ ਮੈਂ
ਮੇਰੇ 'ਚੋਂ ਉਸ ਦਾ ਵਿਸਥਾਰ ਹੁੰਦਾ ਹੈ
ਮੇਰੀ ਚੁੱਪ 'ਚ ਸਿਮਟਦਾ
ਮੇਰੀ ਚੁੱਪ 'ਚੋਂ ਪੁੰਗਰਦਾ

ਸਮੇਂ ਦਾ ਗੀਤ, ਪੌਣਾਂ ਦੀ ਆਵਾਜ਼ ਹੁੰਦਾ ਹੈ।
(ਆਪਣੇ ਬਿੰਦੂ ਆਪਣੇ ਦਾਇਰੇ)

ਚਰਨ ਸਿੰਘ ਦੇ ਕਾਵਿ-ਲੋਕ ਵਿਚ ਵਿਸ਼ਵ ਲਈ, ਸਮਾਜ ਲਈ ਅਤੇ ਆਪਣੇ ਸਭਿਆਚਾਰ ਲਈ ਬੇਪਨਾਹ ਮੁਹੱਬਤ ਹੈ। ਉਸ ਦੀ ਸਮੁੱਚੀ ਕਵਿਤਾ ਇਸੇ ਮੁਹੱਬਤ ਦਾ ਐਲਾਨਨਾਮਾ ਹੈ। ਜੇ ਉਹ ਪੂੰਜੀਵਾਦੀ ਸਭਿਆਚਾਰ ਦੇ ਉਲਾਰਾਂ-ਦਬਾਵਾਂ ਵਿਚੋਂ ਪੈਦਾ ਹੋਏ ਅਨੁਚਿਤ ਵਿਹਾਰ ਜਾਂ ਮਨੁੱਖੀ ਦੁਰਾਚਾਰ ਦੀ ਆਲੋਚਨਾ ਕਰਦਾ ਹੈ ਤਾਂ ਸਿਰਫ਼ ਇਸੇ ਕਾਰਨ ਕਿ ਉਹ ਆਪਣੇ ਸਮਕਾਲੀ ਜਗਤ ਨੂੰ ਵਧੇਰੇ ਖ਼ੂਬਸੂਰਤ ਅਤੇ ਸਵਸਥ ਵੇਖਣਾ ਲੋਚਦਾ ਹੈ। ਪਰੰਤੂ ਨਿੱਜੀ ਪ੍ਰੇਮ ਦਾ ਰੋਮਾਂਟਿਕ ਜਿਹਾ ਅਹਿਸਾਸ ਉਸ ਦੀਆਂ ਨਜ਼ਰਾਂ ਵਿਚ ਬਹੁਤ ਘੱਟ ਨਜ਼ਰ ਆਉਂਦਾ ਹੈ। ਅਸਲ ਵਿਚ ਉਹ ਸਮੁੱਚੇ ਸਮਾਜ ਅਤੇ ਸਭਿਆਚਾਰ ਦੇ ਵਿਆਪਕ ਮੁੱਦਿਆਂ ਨਾਲ ਹੀ ਇਸ ਕਦਰ ਜੁੜਿਆ ਰਿਹਾ ਹੈ ਕਿ ਉਸ ਦਾ ਰੋਮਾਂਟਿਕ ਪ੍ਰੇਮ ਵੱਲ ਕਦੇ ਧਿਆਨ ਹੀ ਨਹੀਂ ਗਿਆ। ਤਾਂ ਵੀ, ਇਸ ਸੰਗ੍ਰਹਿ ਦੀਆਂ ਇਕ-ਦੋ ਕਵਿਤਾਵਾਂ ਵਿਚ ਜ਼ਰੂਰ ਉਸ ਨੇ ਅਜਿਹੇ ਪ੍ਰੇਮ ਦਾ ਇਕਬਾਲ ਵੀ ਕੀਤਾ ਹੈ। ਦੇਖੋ :

ਤੇਰੀਆਂ ਗਲੀਆਂ
ਮੇਰੀਆਂ ਗਲੀਆਂ ਵੱਲ ਟੁਰੀਆਂ ਹਨ
ਮੇਰੀਆਂ ਤੇਰੀਆਂ ਗਲੀਆਂ
ਇਕ ਦੂਜੀ ਨੂੰ ਮਿਲੀਆਂ ਹਨ
ਤੇਰੀਆਂ ਗਲੀਆਂ ਮੇਰੀ ਨੁਹਾਰ ਲੱਗਦੀਆਂ ਹਨ
ਮੇਰੀਆਂ ਗਲੀਆਂ ਤੇਰੇ ਚਿਹਰੇ 'ਚ ਬਦਲੀਆਂ ਹਨ
ਤੇਰੀਆਂ ਗਲੀਆਂ ਮੈਨੂੰ
ਮੇਰੀਆਂ ਗਲੀਆਂ ਤੈਨੂੰ ਪੁਕਾਰਦੀਆਂ ਹਨ। (ਸ਼ਹਿਰ ਤੇ ਮੁਹੱਬਤ)

ਇਸ ਪੁਸਤਕ ਵਿਚ ਕਵੀ ਆਪਣੀ ਦੁਨੀਆਂ ਨੂੰ ਇਕ ਅਜਿਹੇ ਗੁਲਸ਼ਨ ਜਾਂ ਚਮਨ ਨਾਲ ਤੁਲਨਾ ਦਿੰਦਾ ਹੈ ਜਿਸ ਉਪਰ ਸਮੇਂ ਦੇ ਬੇਰਹਿਮ ਵਕਤ ਦੀ ਮਾਰ ਪੈਂਦੀ ਰਹੀ ਹੈ। ਕਵੀ ਕੋਈ ਆਦਰਸ਼ਵਾਦੀ ਵਿਅਕਤੀ ਨਹੀਂ ਹੈ, ਜਿਸ ਨੂੰ ਚਮਨ ਦੇ ਹਿਰਦੇ ਉਪਰ ਪਏ ਦਾਗ਼ ਨਜ਼ਰ ਹੀ ਨਾ ਆਉਣ। ਉਹ ਨਾ ਕੇਵਲ ਇਹਨਾਂ ਦਾਗ਼ਾਂ ਨੂੰ ਕਰੁਣਾ-ਭਾਵ ਨਾਲ ਦੇਖਦਾ ਹੈ ਬਲਕਿ ਇਹਨਾਂ ਉਪਰ ਮਲ੍ਹਮ ਲਾਉਣ ਦੀ ਵੀ ਸੋਚਦਾ ਹੈ। ਇਉਂ ਕਵੀ ਦੇ ਅਨੁਭਵ ਵਿਚ ਕੁਝ ਅੰਸ਼ ਮਸੀਹਾਈ ਦੇ ਵੀ ਆ ਗਏ ਹਨ। ਦੇਖਿਆ ਜਾਵੇ ਤਾਂ ਹਰ ਲੋਕ-ਪੱਖੀ ਅਤੇ ਪ੍ਰਗਤੀਸ਼ੀਲ ਕਵੀ ਆਪਣੇ-ਆਪਣੇ ਸਮੇਂ ਦਾ ਮਸੀਹਾ ਹੀ ਹੁੰਦਾ ਹੈ। ਮੇਰਾ ਸੰਕਲਪ ਤਾਂ ਇਹ ਹੈ ਕਿ ਹਰ ਵਿਅਕਤੀ, ਭਾਵੇਂ ਉਹ ਕਵੀ ਹੋਵੇ ਜਾਂ ਨਾ, ਆਪਣੇ ਸਮੇਂ ਦਾ ਮਸੀਹਾ ਬਣਨ ਦਾ ਘੱਟੋ-ਘੱਟ ਪ੍ਰਯਾਸ ਤਾਂ ਕਰੇ। ਉਹ ਬਣ ਸਕਦਾ ਹੈ ਜਾਂ ਨਹੀਂ, ਇਹ

ਤਾਂ ਬਾਅਦ ਦੀ ਗੱਲ ਹੈ। ਮੈਨੂੰ ਖ਼ੁਸ਼ੀ ਹੈ ਕਿ ਚਰਨ ਸਿੰਘ ਨੇ ਅਜਿਹਾ ਪ੍ਰਯਾਸ ਕੀਤਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇਖੋ:

ਜਿੰਨੇ ਫੁੱਲ ਚਮਨ 'ਚ ਖਿੜੇ ਹਨ
ਉਨੇ ਹੀ ਚਮਨ ਦੇ ਜਿਗਰ 'ਤੇ ਦਾਗ਼ ਹਨ
ਚਮਨ ਦੀ ਬੁੱਕਲ 'ਚ
ਪਤਝੜਾਂ, ਉਜਾੜਾਂ ਤੇ ਚੁੱਪਾਂ ਆਬਾਦ ਹਨ।

o

ਅੰਬਰ ਦਾ ਮਾਲੀ ਚਮਨ 'ਚ ਉਤਰਿਆ
ਚਮਨ ਨੂੰ ਚਮਨ ਦਾ ਸੱਚ ਸਮਝਾ ਗਿਆ
ਚਮਨ ਨੇ ਆਪਣੇ ਪਿੰਡੇ 'ਤੇ
ਮੌਤ ਦਾ ਚੋਲਾ ਤੇ ਸਿਪਾਹੀ ਦਾ ਜਾਮਾ ਪਾ ਲਿਆ
ਆਪਣੇ ਅੰਦਰੋਂ ਹੀ, ਆਪਣਾ ਰਾਖਾ ਜਗਾ ਲਿਆ
ਕਲੀਆਂ ਦੇ ਪਿੰਡੇ 'ਚੋਂ ਮੌਤ ਦਾ ਭੈਅ ਨਿਚੋੜਿਆ
ਰੁੱਖਾਂ ਨੂੰ ਸ਼ਹਾਦਤ ਦਾ ਜਾਮ ਪਿਲਾ ਲਿਆ
ਕੰਡਿਆਂ ਨੂੰ ਤਲਵਾਰਾਂ ਤੇ ਢਾਲਾਂ ਬਣਾ ਲਿਆ
ਪੰਛੀਆਂ ਦੇ ਖੰਭਾਂ ਨੂੰ ਕੁਰਬਾਨੀਆਂ ਦਾ ਪ੍ਰਵਾਜ਼ ਲਾ ਦਿੱਤਾ
ਬਹਾਰਾਂ, ਮੌਸਮਾਂ ਤੇ ਰੁੱਤਾਂ ਨੂੰ
ਆਪਣੇ ਵਿਰੋਧ 'ਚ ਖੜਨਾ ਸਿਖਾ ਦਿੱਤਾ
ਕੋਇਲ ਦੇ ਕੰਠ ਨੇ, ਚਮਨ ਦੇ ਸੰਘਰਸ਼ ਦਾ ਨਗ਼ਮਾ ਗਾ ਦਿੱਤਾ।

(ਚਮਨ)

# 12. ਤੁਪਕਾ ਤੁਪਕਾ ਸੂਰਜ (2010)

'ਤੁਪਕਾ ਤੁਪਕਾ ਸੂਰਜ' ਵਿਚ ਚਰਨ ਸਿੰਘ ਦੀਆ 24 ਕਵਿਤਾਵਾਂ ਸੰਗ੍ਰਹਿਤ ਹਨ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਮਨੁੱਖੀ ਜੀਵਨ ਦੇ ਉਚੇਰੇ ਆਦਰਸ਼ਾਂ ਦੇ ਆਲੇ-ਦੁਆਲੇ ਘੁੰਮਦੀਆਂ ਹਨ। ਸਾਡੇ ਜਗਤ ਵਿਚ ਪੂੰਜੀਵਾਦੀ ਅਰਥ-ਵਿਵਸਥਾ ਦੇ ਸਥਾਪਿਤ ਹੋ ਜਾਣ ਪਿੱਛੋਂ ਮਨੁੱਖ ਜੀਵਨ ਦੇ ਉਚੇਰੇ ਮਕਸਦ ਨੂੰ ਭੁੱਲ ਗਿਆ ਹੈ। ਉਹ ਦਿਨ-ਰਾਤ ਕਮਾਈ ਕਰਨ ਵਾਲੀ ਇਕ ਮਸ਼ੀਨ ਮਾਤਰ ਬਣ ਕੇ ਰਹਿ ਗਿਆ ਹੈ। ਉਸ ਦਾ ਇਕ ਹੀ ਆਦਰਸ਼ ਰਹਿ ਗਿਆ ਹੈ—ਕਮਾਉ, ਹੰਢਾਉ। ਇਸ ਸੂਰਤ ਵਿਚ ਮਨੁੱਖ ਵਿਚੋਂ ਮਨੁੱਖਤਾ ਮਨਫ਼ੀ ਹੁੰਦੀ ਜਾ ਰਹੀ ਹੈ। ਇਸ ਪੁਸਤਕ ਵਿਚ ਕਵੀ ਮਨੁੱਖ ਨੂੰ ਜੀਵਨ ਦੇ ਵਾਸਤਵਿਕ ਅਰਥ ਸਮਝਾਉਣ ਵਾਲਾ ਇਕ ਪ੍ਰੇਰਨਾ-ਭਰਪੂਰ ਪ੍ਰਵਚਨ ਜਾਰੀ ਕਰਦਾ ਹੈ। ਉਹ ਪੂੰਜੀਵਾਦੀ ਯੁਗ ਦੇ ਭੁੱਲੜ ਮਨੁੱਖ ਨੂੰ ਦੱਸਦਾ ਹੈ:

ਜਨਮ ਤੋਂ ਮਰਨ ਤਕ ਖ਼ੁਸ਼ਗਵਾਰ ਜ਼ਿੰਦਗੀ
ਜਿਉਣਾ ਹੀ ਜ਼ਿੰਦਗੀ ਨਹੀਂ।
ਆਪਣਾ ਮੂੰਹ ਪੇਟ 'ਤੇ ਲਾਉਣਾ ਹੀ ਜ਼ਿੰਦਗੀ ਨਹੀਂ
ਜ਼ਿੰਦਗੀ ਨੂੰ ਆਪਣੀ ਖ਼ੁਸ਼ੀਆਂ 'ਚ ਢਾਲਣਾ
ਹੀ ਜ਼ਿੰਦਗੀ ਨਹੀਂ
ਆਪਣੀ ਪੂਜਾ ਤੇ ਆਪਣੇ ਬਿੰਦੂ ਦੀ ਪ੍ਰਕਰਮਾ
ਹੀ ਜ਼ਿੰਦਗੀ ਨਹੀਂ।

o

ਜ਼ਿੰਦਗੀ ਹੈ, ਆਪਣੇ ਬਿੰਦੂ ਨੂੰ ਦਾਇਰੇ 'ਚ ਉਤਾਰਨਾ
ਕਿਸੇ ਦੀ ਧੁੱਪ ਨੂੰ ਆਪਣੇ ਸਿਰ 'ਤੇ ਜਰਨਾ
ਆਪਣੀ ਛਾਂ 'ਚ ਕਿਸੇ ਨੂੰ ਠਾਰਨਾ
ਕਿਸੇ ਦੀ ਭੁੱਖ ਨੂੰ ਆਪਣੇ ਢਿੱਡ 'ਚ ਪਾਲਣਾ
ਕਿਸੇ ਦੀ ਪਿਆਸ 'ਚ ਆਪਣਾ ਜਲ ਉਤਾਰਨਾ
ਆਪਣੇ ਲਈ ਜਿਉਣਾ ਕਾਹਦੀ ਜ਼ਿੰਦਗੀ ਹੈ?...

ਜ਼ਿੰਦਗੀ ਦੇ ਲਕਸ਼ ਦੀ ਪ੍ਰਾਪਤੀ ਲਈ
ਜਿਉਣਾ ਜ਼ਿੰਦਗੀ ਹੈ
ਜ਼ਿੰਦਗੀ ਦੇ ਕੋੜ੍ਹ 'ਚ ਸੁੰਦਰਤਾ ਧਰਨਾ, ਜ਼ਿੰਦਗੀ ਹੈ
ਜ਼ਿੰਦਗੀ ਦਾ ਖ਼ਾਲੀਪਨ ਭਰਨਾ, ਜ਼ਿੰਦਗੀ ਹੈ
ਜ਼ਿੰਦਗੀ 'ਚ ਹਰਿਆਵਲ ਧਰਨਾ, ਜ਼ਿੰਦਗੀ ਹੈ
ਕਿਸੇ ਦੀ ਆਈ 'ਤੇ ਆਪ ਮਰਨਾ, ਜ਼ਿੰਦਗੀ ਹੈ।

(ਜ਼ਿੰਦਗੀ ਦੇ ਸੂਰਜ)

ਇਸ ਸੰਗ੍ਰਹਿ ਦੀ ਇਕ ਹੋਰ ਉਲੇਖਯੋਗ ਕਵਿਤਾ 'ਨੂਰੀ ਸੂਰਜ' ਹੈ। ਇਹ ਕਵਿਤਾ ਦੋ ਪੱਧਰਾਂ ਉੱਤੇ ਵਿਚਰਦੀ ਹੈ। ਇਸ ਲਈ ਇਸ ਦਾ ਪ੍ਰਭਾਵ ਕਈ ਗੁਣਾ ਵਧ ਗਿਆ ਹੈ। ਪਹਿਲੀ ਪੱਧਰ ਉੱਤੇ ਕਵੀ ਆਪਣੇ ਸੰਘਰਸ਼ ਦਾ ਜ਼ਿਕਰ ਕਰਦਾ ਹੈ। ਉਹ ਮਨੁੱਖੀ ਜੀਵਨ ਨੂੰ ਇਕ ਪਹਾੜ ਦੇ ਰੂਪਕ ਦੁਆਰਾ ਪੇਸ਼ ਕਰਦਾ ਹੈ। ਇਸ ਪਹਾੜ ਦੀ ਬੁਲੰਦੀ ਨੂੰ ਸਰ ਕਰਨਾ ਕੋਈ ਆਸਾਨ ਕੰਮ ਨਹੀਂ ਹੈ ਅਤੇ ਆਮ ਆਦਮੀ ਨੂੰ ਤਾਂ ਇਹ ਕੰਮ ਕਰਨ ਲਈ ਕਈ-ਕਈ ਜਨਮ ਲੱਗ ਜਾਂਦੇ ਹਨ। ਕਵੀ ਦੇ ਮਨ ਵਿਚ ਇਸ ਪਹਾੜ ਨੂੰ ਪਾਰ ਕਰ ਕੇ ਦੂਜਾ ਪਾਸਾ ਵੇਖਣ ਦੀ ਤਾਂਘ ਛਿਪੀ ਹੋਈ ਹੈ। ਇਹ ਤਾਂਘ ਇਸ ਲੋਕ ਤੋਂ ਪਰ-ਲੋਕ ਵਿਚ ਪ੍ਰਵੇਸ਼ ਕਰਨ ਦਾ ਇਕ ਪ੍ਰਤੀਕ ਹੈ। ਕਵੀ ਇਸ ਤਾਂਘ ਦਾ ਵਰਣਨ ਇਸ ਪ੍ਰਕਾਰ ਕਰਦਾ ਹੈ:

ਇਸ ਪਹਾੜ ਨੂੰ ਸਰ ਕਰਨ ਲਈ
ਮੈਂ ਕਈ ਵਾਰ ਜਨਮਿਆ ਹਾਂ
ਕਈ ਵਾਰ ਮਰਿਆਂ ਹਾਂ
ਜੀਵਨ ਦਾ ਹਰ ਇਕ ਸਾਹ
ਇਸ ਨੂੰ ਸਰ ਕਰਨ ਦੇ ਸੁਫ਼ਨੇ 'ਚ ਗੁਜ਼ਾਰਿਆ ਹੈ
ਮੈਂ ਆਪਣੇ ਆਪ ਨੂੰ
ਇਸ ਦੀ ਉਚਾਈ ਦੀ ਨਜ਼ਰ 'ਚ ਉਤਾਰਿਆ ਹੈ
ਮੈਂ ਆਪਣਾ ਆਪ ਇਸ ਨੂੰ ਭੇਟ ਕੀਤਾ ਹੈ
ਆਪਣਾ ਸੀਸ ਇਸ ਦੇ ਕਦਮਾਂ 'ਚ ਧਰਿਆ ਹੈ
ਕਿ ਇਸ ਜਨਮ 'ਚ ਇਸ ਨੂੰ ਫ਼ਤਹਿ ਕਰ ਸਕਾਂ
ਇਸ ਦੇ ਦੂਸਰੇ ਪਾਸੇ ਵੱਸਦੀ ਦੁਨੀਆਂ 'ਚ ਕਦਮ ਧਰ ਸਕਾਂ।

(ਨੂਰੀ ਲੋਕ)

ਇਹ ਕਵਿਤਾ ਇਕ ਬਿਰਤਾਂਤ (narative poem) ਦੇ ਰੂਪ ਵਿਚ ਲਿਖੀ ਗਈ ਹੈ। ਕਵੀ ਪਹਾੜ ਉਪਰ ਚੜ੍ਹਨ, ਇਸ ਦੇ ਦੂਜੇ ਪਾਸੇ ਜਾਣ ਅਤੇ ਦੂਸਰੀ

ਦੁਨੀਆਂ ਵਿਚ ਰਹਿਣ ਵਾਲੇ ਲੋਕਾਂ (ਦੇਵੀ-ਦੇਵਤਿਆਂ) ਦੇ ਸਮਾਚਾਰਾਂ ਨੂੰ ਇਕ ਪਰੀ-ਕਥਾ ਵਾਂਗ ਪੇਸ਼ ਕਰਦਾ ਹੈ। ਦੂਸਰੀ ਦੁਨੀਆਂ ਦੇ ਲੋਕ ਪਰਮ-ਹੰਸਾਂ ਵਾਂਗ ਸਨ। ਉਹ ਪਿਆਰ, ਨਿਮਰਤਾ, ਸੰਤੋਖ ਤੇ ਤਿਆਗ ਦੀਆਂ ਮੂਰਤਾਂ ਸਨ। ਉਹ ਕੇਵਲ ਹਵਾ ਭਖ ਕੇ ਜਿਉਂਦੇ ਰਹਿਣ ਵਾਲੇ ਨੂਰਾਨੀ ਲੋਕ ਸਨ। ਉਹਨਾਂ ਦੇ ਪੈਰਾਂ ਹੇਠ ਸੁੰਦਰਤਾ ਸੀ ਅਤੇ ਸਿਰਾਂ ਉਪਰ ਸੱਚ ਦਾ ਅਸਮਾਨ ਸੀ। ਉਹ ਸੱਚ ਅਤੇ ਸੁੰਦਰਤਾ ਦੇ ਅੰਗ-ਸੰਗ ਰਹਿਣ ਵਾਲੇ ਦੈਵੀ ਲੋਕ ਸਨ। ਉਹਨਾਂ ਦੇ ਜਿਸਮ ਪਾਰਦਰਸ਼ੀ ਸਨ ਕਿਉਂਕਿ ਉਹਨਾਂ ਨੇ ਆਪਣੇ ਜਿਸਮਾਂ ਦੇ ਅੰਦਰ ਅਤੇ ਬਾਹਰ ਕੂੜ-ਕਬਾੜ ਨਹੀਂ ਸੀ ਪਹਿਨ ਰੱਖਿਆ। ਇਸ ਦੁਨੀਆਂ ਦਾ ਬੋਧ ਕਵੀ ਨੂੰ ਇਕ ਰਹੱਸਵਾਦੀ ਝਲਕਾਰੇ ਵਾਂਗ ਹੋਇਆ। ਇਸ ਝਲਕਾਰੇ ਤੋਂ ਬਾਹਰ ਆ ਕੇ ਕਵੀ ਨੂੰ ਅਨੁਭਵ ਹੋਇਆ ਕਿ ਮਨੁੱਖ ਦੀ ਦੇਹੀ ਹੀ ਇਕ ਪਹਾੜ ਹੈ। ਜਿਹੜਾ ਮਨੁੱਖ ਇਸ ਪਹਾੜ ਨੂੰ ਸਰ ਕਰ ਸਕਦਾ ਹੈ, ਉਹ ਹੀ ਨੂਰੋ-ਨੂਰ ਹੋ ਸਕਦਾ ਹੈ:

ਮੈਂ ਆਪਣਾ ਨਰਕ ਤਿਆਗ
ਦੇਹੀ ਦੇ ਪਹਾੜ ਨੂੰ ਫ਼ਤਹਿ ਕੀਤਾ
ਆਪਣਾ ਚਾਨਣ ਪਾ ਲਿਆ
ਆਪਣੇ ਲੋਕਾਂ 'ਚ ਵੱਸ ਗਿਆਂ
ਆਪਣੇ ਆਪ ਨੂੰ ਲੋਕਾਂ 'ਚ ਵਸਾ ਲਿਆ
ਮੈਂ ਉਹਨਾਂ ਲੋਕਾਂ ਦੀ ਝਲਕ ਦੇਖੀ
ਤਾਂ ਨੂਰ ਹੋ ਗਿਆ
ਲੋਭ, ਮੋਹ, ਕਾਮ, ਕ੍ਰੋਧ, ਹੰਕਾਰ
ਤਮ੍ਹਾਂ ਤੇ ਲਾਲਚ 'ਚੋਂ ਨਿਕਲਿਆ
ਮੈਂ ਆਪਣੇ ਚਾਨਣ ਦੇ ਹਜ਼ੂਰ ਹੋ ਗਿਆ
ਮੈਂ ਆਪਣੀ ਆਤਮਾ ਦਾ ਨੂਰ ਹੋ ਗਿਆ
ਮੇਰੇ ਚਿਹਰੇ ਤੋਂ ਨਕਸ਼ਾਂ ਦੀ ਪਹਿਚਾਣ ਮਿਟ ਗਈ
ਮੇਰੀ-ਮੈਂ ਤੇਰੀ-ਤੂੰ 'ਚ ਖੋ ਗਈ
ਮੇਰੀ ਪਹਿਚਾਣ ਨਾ ਰਹੀ
ਤੇਰੀ ਪਹਿਚਾਣ ਮੇਰੀ ਪਹਿਚਾਣ ਹੋ ਗਈ। (ਨੂਰੀ ਲੋਕ)

ਇਸ ਸੰਗ੍ਰਹਿ ਦੀ ਇਕ ਹੋਰ ਪ੍ਰਤੀਨਿਧ ਕਵਿਤਾ 'ਹਸਤਨਾਪੁਰ' ਦੇ ਬਾਰੇ ਵਿਚ ਹੈ। ਹਸਤਨਾਪੁਰ ਦਾ ਪ੍ਰਤੀਕ ਕਵੀ ਦੇ ਜ਼ੇਹਨ ਵਿਚ ਬਾਰ-ਬਾਰ ਉਭਰਦਾ ਹੈ। ਕਦੇ ਉਹ ਹਸਤਨਾਪੁਰ ਦੇ ਵਿਨਾਸ਼ ਦਾ ਬਿਰਤਾਂਤ ਪੇਸ਼ ਕਰਦਾ ਹੈ ਅਤੇ ਕਦੇ ਘੁੱਗ ਵੱਸਦੇ ਹਸਤਨਾਪੁਰ ਨੂੰ ਆਪਣੀ ਕਵਿਤਾ ਦਾ ਵਿਸ਼ੈ ਬਣਾਉਂਦਾ ਹੈ। ਇਸ ਸੰਗ੍ਰਹਿ ਵਿਚ ਹਸਤਨਾਪੁਰ ਆਪਣੀ ਆਪ-ਬੀਤੀ ਸੁਣਾਉਂਦਾ ਹੈ।

ਹਸਤਨਾਪੁਰ ਦੱਸਦਾ ਹੈ ਕਿ ਕਿਵੇਂ ਉਸ ਦੀ ਹਸਤੀ ਮੱਕਾਰ ਰਾਜਨੀਤੀ ਦਾ ਸ਼ਿਕਾਰ ਹੋ ਗਈ:

ਦੁਸ਼ਟ ਤੇ ਮੱਕਾਰ ਰਾਜਨੀਤੀ ਦੀ ਆੜ 'ਚ
ਦਰੋਪਤੀ ਦੇ ਚੀਰ ਹਰਨ ਦਾ ਕਲੰਕ
ਪਾਂਡਵਾਂ ਦੀ ਹਾਰ ਤੇ ਬਨਵਾਸ ਦੇ ਭਾਰ ਹੇਠਾਂ
ਹਸਤਨਾਪੁਰ ਮਿੱਧਿਆ ਗਿਆ, ਚਿੱਥਿਆ ਗਿਆ
ਮੇਰੀ ਦੇਹ 'ਚ ਖੰਡਰ ਤੇ ਸ਼ਮਸ਼ਾਨ ਉੱਗ ਆਏ
ਮੇਰੀ ਮਸਕੀਨੀ, ਦਿਆਨਤਦਾਰੀ ਤੇ ਵਫ਼ਾਦਾਰੀ ਨੂੰ
ਹਕੂਮਤ ਨੇ ਆਪਣੇ ਲਾਲਚ ਤੇ ਕ੍ਰੋਧ 'ਚ ਉਬਾਲਿਆ
ਮੇਰੇ ਜ਼ਖ਼ਮਾਂ ਨੂੰ ਛਿੱਲਿਆ, ਕੁਰੇਦਿਆ, ਉਧੇੜਿਆ
ਮੇਰੇ ਲਹੂ 'ਚ ਲਾਵਾ ਉਤਾਰਿਆ। (ਘੁੱਗ ਵੱਸਦਾ ਹਸਤਨਾਪੁਰ

ਇਸ ਪੁਸਤਕ ਵਿਚ ਜਗਿਆਸਾ-ਲੜੀ ਅਧੀਨ ਵੀ ਨੌਂ ਨਜ਼ਮਾਂ ਆਈਆ ਹਨ: 1. ਜਗਿਆਸਾਂ ਦਾ ਸਫ਼ਰ: ਜਗਿਆਸਾ ਤੇ ਹੋਂਦ, 2. ਜਗਿਆਸਾ ਤੇ ਜਜ਼ਬਾ, 3. ਜਗਿਆਸਾ ਤੇ ਪਿਆਰ, 4. ਜਗਿਆਸਾ: ਕਲਪਣਾ ਤੇ ਅਸਲ, 5 ਜਗਿਆਸਾ ਤੇ ਅੰਤਰੀਵ, 6. ਜਗਿਆਸਾ ਤੇ ਗਿਆਨ, 7. ਜਗਿਆਸਾ ਤੇ ਸੱਚ 8. ਜਗਿਆਸਾ ਤੇ ਸੰਕਲਪ, ਅਤੇ 9. ਜਗਿਆਸਾ ਤੇ ਭੌਤਿਕ ਸੰਸਾਰ ਜਗਿਆਸਾ, ਮਨੁੱਖ ਦੀ ਇਕ ਮਹੱਤਵਪੂਰਨ ਉਪਲਬਧੀ ਹੈ। ਮਨੁੱਖ ਨੇ ਆਪਣ ਕਰੋੜਾਂ ਵਰ੍ਹਿਆਂ ਦੇ ਜੀਵਨ ਵਿਚ ਜੋ ਵੀ ਪ੍ਰਾਪਤੀਆਂ ਕੀਤੀਆਂ ਹਨ, ਉਹਨ ਦੇ ਪਿੱਛੇ ਜਗਿਆਸਾ ਦਾ ਹੀ ਯੋਗਦਾਨ ਹੈ। ਜਦੋਂ ਮਨੁੱਖ ਪ੍ਰਕਿਰਤੀ ਜਾਂ ਸਮਾਜ ਦੇ ਕਿਸੇ ਵਰਤਾਰੇ ਨੂੰ ਹੈਰਾਨੀ ਨਾਲ ਦੇਖਦਾ ਹੈ ਤਾਂ ਉਹ ਇਹਨਾਂ ਦ ਕਾਰਜ-ਪ੍ਰਣਾਲੀ ਨੂੰ ਸਮਝਣ ਦਾ ਯਤਨ ਕਰਦਾ ਹੈ। ਉਸ ਦੇ ਇਸੇ ਯਤਨ ਵਿ ਮਨੁੱਖੀ ਸਭਿਅਤਾ ਅਤੇ ਸਭਿਆਚਾਰ ਦਾ ਨਿਰਮਾਣ ਹੋਇਆ ਹੈ। 'ਜਗਿਆਸ ਨੂੰ ਪਰਿਭਾਸ਼ਿਤ ਕਰਦਾ ਹੋਇਆ ਕਵੀ ਲਿਖਦਾ ਹੈ:

ਚੇਤਨਾ ਜਦ ਜਗਿਆਸਾ 'ਚ ਬਦਲਦੀ ਹੈ
ਤਾਂ ਹੋਂਦ ਦੀ ਜੋਤ ਮੱਥੇ ਜਗਦੀ ਹੈ, ਜੋ ਜੀਵਨ ਦਾ ਸੋਮਾ ਹੈ
ਮਨੁੱਖ ਦੀ ਦੇਹ 'ਚ ਕਾਦਰ ਦਾ ਕ੍ਰਿਸ਼ਮਾ ਹੈ
ਇਹ ਜੋਤ ਆਦਿ ਅੰਤ ਰਹਿਤ ਹੈ।... (ਜਗਿਆਸਾ ਦਾ ਸਫ਼ਰ

ਮੇਰੀ ਜਗਿਆਸਾ
ਜਦ ਕਲਪਣਾ ਤੇ ਅਸਲ ਦੇ ਦਰ 'ਤੇ ਪ੍ਰਵੇਸ਼ੀ

ਤਾਂ ਮੇਰੇ 'ਚੋਂ
ਆਪਾ ਖੋਜਣ ਤੇ ਭਾਲਣ ਦੀ ਪ੍ਰਵਿਰਤੀ ਜਨਮੀ
ਮੇਰੀ ਦੇਹ 'ਚ ਮੇਰੀ ਅਰਧਾਂਗਨੀ ਪ੍ਰਗਟੀ
ਮੈਂ ਆਪਣੇ ਆਪ ਨੂੰ
ਅਰਧਾਂਗਨੀ ਦੇ ਅਰਧ ਸਰੀਰ 'ਚ ਢਾਲਿਆ
ਮੈਂ ਸਿਰਜਣਾ ਦੀ ਮੂਰਤੀ ਹੋਇਆ
ਮੇਰੇ 'ਚੋਂ ਮੇਰੀ ਅਰਧਾਂਗਨੀ ਦਾ ਵਿਸਥਾਰ ਹੋਇਆ
ਮੇਰੇ ਵਿਅਕਤੀਗਤ 'ਚੋਂ
ਮੇਰ ਆਪ ਸਾਕਾਰ ਹੋਇਆ। (ਜਗਿਆਸਾ: ਕਲਪਣਾ ਤੇ ਅਸਲ)

# 13. ਪ੍ਰਕਰਮਾ (2011)

'ਪ੍ਰਕਰਮਾ' ਵਿਚ ਚਰਨ ਸਿੰਘ ਦੀਆਂ 33 ਕਵਿਤਾਵਾਂ ਸੰਗ੍ਰਹਿਤ ਹਨ। ਇਸ ਸੰਗ੍ਰਹਿ ਦੀ ਪ੍ਰਥਮ ਕਵਿਤਾ ਵਿਚ ਕਵੀ ਇਕ ਨਵਾਂ ਸੰਸਾਰ ਸਿਰਜਣ ਦਾ ਐਲਾਨ ਕਰਦਾ ਹੈ। ਉਹ ਸੋਚਦਾ ਹੈ ਕਿ ਸਾਡਾ ਪੁਰਾਣਾ ਸੰਸਾਰ ਸੜ-ਗਲ ਗਿਆ ਹੈ। ਇਹ ਮਨੁੱਖਤਾ ਦੇ ਅਨੁਕੂਲ ਨਹੀਂ ਰਿਹਾ। ਆਪਣੀ ਇਸ ਧਾਰਨਾ ਦੀ ਹਿਮਾਇਤ ਵਿਚ ਉਹ ਕੁਝ ਤਰਕ ਵੀ ਪੇਸ਼ ਕਰਦਾ ਹੈ। ਉਸ ਅਨੁਸਾਰ ਵਿਗਿਆਨ ਏਨੀ ਪ੍ਰਗਤੀ ਕਰ ਗਿਆ ਹੈ ਕਿ ਮਾਂ-ਬਾਪ ਆਪਣੀ ਇੱਛਾ ਮੁਤਾਬਿਕ ਔਲਾਦ ਪੈਦਾ ਕਰ ਸਕਦੇ ਹਨ। ਉਹ ਪਹਿਲਾਂ ਤੋਂ ਹੀ ਇਹ ਫ਼ੈਸਲਾ ਕਰ ਸਕਦੇ ਹਨ ਕਿ ਉਹਨਾਂ ਦਾ ਬੱਚਾ ਕੈਸਾ ਹੋਵੇ, ਉਸ ਦਾ ਕੱਦ-ਕਾਠ ਕਿੰਨਾ ਹੋਵੇ, ਉਹ ਗੋਰਾ ਹੋਵੇ ਜਾਂ ਕਾਲਾ...ਇਤਿਆਦਿ। ਇਸ ਤੋਂ ਬਿਨਾਂ ਵਿਗਿਆਨ ਦੀ ਸਹਾਇਤਾ ਨਾਲ ਜੱਦੀ-ਪੁਸ਼ਤੀ ਬੀਮਾਰੀਆਂ ਉੱਤੇ ਕੀ ਕਾਬੂ ਪਾਇਆ ਜਾ ਸਕਦਾ ਹੈ। ਵਿਗਿਆਨੀਆਂ ਨੇ ਮਨੁੱਖੀ ਜੀਨ ਦੀ ਪ੍ਰਕਿਰਤੀ ਨੂੰ ਸਮਝ ਲਿਆ ਹੈ। ਜੀਨ ਉਹ ਅੰਕੁਰ ਹੈ ਜਿਸ ਵਿਚੋਂ ਮਨੁੱਖੀ ਸੰਸਾਰ ਦਾ ਰੁੱਖ ਨਿਕਲਦਾ ਹੈ। ਕਵੀ ਦੇ ਸ਼ਬਦਾਂ ਵਿਚ :

ਜੀਨ ਉਹ ਅੰਕੁਰ ਹੈ
ਜਿਸ 'ਚ ਵਸਤੂ ਸੰਸਾਰ
ਜਾਂ ਮਨੁੱਖੀ ਸੰਸਾਰ ਦਾ
ਰੁੱਖ ਉੱਗਦਾ ਹੈ।
ਆਪਣਾ ਰੰਗ, ਰੂਪ, ਸ਼ਕਲ
ਆਕਾਰ ਧਾਰਨ ਕਰਦਾ ਹੈ
ਇਹ ਜੀਨ ਕੋਹਜ਼ 'ਚ
ਸੁੰਦਰਤਾ
ਸੁੰਦਰਤਾ 'ਚ ਕੋਝ ਉਗਾ
ਸਕਦੇ ਹਨ
ਨਵੇਂ ਸੰਸਾਰ ਨੂੰ ਮਨੁੱਖ ਤੇ
ਮਨੁੱਖਤਾ ਅਨੁਕੂਲ ਬਣਾ ਸਕਦੇ ਹਨ। (ਨਵਾਂ ਸੰਸਾਰ)

ਇਸ ਸੰਗ੍ਰਹਿ ਵਿਚ ਕਵੀ ਨੇ ਕੁਝ ਪ੍ਰੇਮ-ਕਵਿਤਾਵਾਂ ਵੀ ਸ਼ਾਮਲ ਕੀਤੀਆਂ ਹਨ, ਜਿਵੇਂ: ਉਦਾਸੀ, ਅੱਗ ਦੀ ਖੇਡ, ਕਾਮ ਤੇ ਕਾਮਣੀ, ਇਕ ਕਲੀ, ਦੋ ਨੈਣ ਆਦਿਕ। ਪਰੰਤੂ ਇਹਨਾਂ ਕਵਿਤਾਵਾਂ ਵਿਚ ਪ੍ਰੇਮ ਦਾ ਰਵਾਇਤੀ ਰੰਗ-ਰੂਪ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਬਲਕਿ ਕਵੀ ਪ੍ਰੇਮ ਦੇ ਹਵਾਲੇ ਨਾਲ ਜੀਵਨ ਦਾ ਕੋਈ ਨਾ ਕੋਈ ਬੁਨਿਆਦੀ ਸੰਕਲਪ ਸਮਝਣ-ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇਖੋ:

ਤੇਰੇ ਬਲਦੇ ਨੈਣੀਂ ਉਤਰਿਆ
ਤੇਰੇ ਅੰਗਾਂ ਤੇ ਨਕਸ਼ਾਂ ਦੇ
ਦਾਵਾਨਲ ਨੂੰ ਪੀਤਾ
ਮੇਰੀ ਦੇਹ ਤੰਦੂਰ ਵਾਂਗ ਤਪ ਗਈ
ਦੋਹਾਂ ਨੇ ਚਿੱਟਾ ਲਹੂ ਕੱਤਿਆ
ਤੇਰੇ ਬਦਨ ਤੇਰੀ ਕੁੱਖ 'ਚੋਂ
ਮੇਰੀ ਹੋਂਦ ਉੱਗ ਪਈ।...

ਮੈਨੂੰ ਤੇਰੇ ਚਿਹਰੇ 'ਚੋਂ
ਆਪਣਾ ਚਿਹਰਾ ਹੀ ਨਜ਼ਰ
ਆਉਂਦਾ ਰਿਹਾ
ਮੈਂ ਆਪਣੇ ਅੰਗਾਂ ਤੇ ਨਕਸ਼ਾਂ 'ਚ
ਉਤਰਦਾ ਰਿਹਾ
ਆਪਣੇ ਆਪ 'ਤੇ ਮੋਹਿਤ ਹੋ
ਜਾਂਦਾ ਰਿਹਾ
ਤੇਰੀ ਵਾਸ਼ਨਾ ਤੇਰਾ ਵਜੂਦ
ਮੇਰੀ ਅੱਗ 'ਚ ਢਲ ਜਾਂਦਾ ਰਿਹਾ
ਮੈਨੂੰ ਕਰ ਕੇ ਮੇਰੇ 'ਚੋਂ ਮਨਫ਼ੀ
ਮੇਰੇ ਕਲਬੂਤ 'ਚ ਉਤਰ ਜਾਂਦਾ ਰਿਹਾ। (ਅੱਗ ਦੀ ਖੇਡ)

'ਵੈਸ਼ਯਾ' ਅਤੇ 'ਦੋ ਨੈਣ' ਆਦਿਕ ਕਵਿਤਾਵਾਂ ਵਿਚ ਕਵੀ ਨੇ ਪੁਰਾਣਾਂ ਅਤੇ ਪੁਰਾਤਨ ਸਰੋਤਾਂ ਵਿਚ ਮਿਲਦੀਆਂ ਕਥਾਵਾਂ ਨੂੰ ਆਧੁਨਿਕ ਯੁਗ ਦੇ ਅਰਥ ਪ੍ਰਦਾਨ ਕੀਤੇ ਹਨ। ਕਵੀ ਨੂੰ ਇਸ ਤੱਥ ਦਾ ਅਹਿਸਾਸ ਹੈ ਕਿ ਅਮਰ ਸਾਹਿਤ ਨੂੰ ਹਰ ਯੁਗ ਵਿਚ ਵੱਖਰੇ-ਵੱਖਰੇ ਪਰਿਪੇਖ ਵਿਚ ਰੱਖ ਕੇ ਪੜ੍ਹਿਆ ਤੇ ਸਮਝਿਆ ਜਾ ਸਕਦਾ ਹੈ। 'ਅੱਖਾਂ ਤੇ ਮੂੰਹ' ਸੁਰਰੀਅਲਿਸਟ ਵੰਨਗੀ ਦੀ ਕਵਿਤਾ ਹੈ, ਜਿਸ ਵਿਚ ਉਹ ਦੇਖੀਆਂ-ਭਾਲੀਆਂ ਵਸਤਾਂ ਦੇ ਸੰਦਰਭ ਬਦਲ ਕੇ ਉਹਨਾਂ ਨੂੰ ਅਜਨਬੀ ਬਣਾ ਦਿੰਦਾ ਹੈ ਤਾਂ ਜੋ ਪਾਠਕ ਉਹਨਾਂ ਵੱਲ ਉਚੇਚਾ ਧਿਆਨ ਦੇ ਸਕਣ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ:

ਅਜੋਕੇ ਮਨੁੱਖ ਦੇ ਢਿੱਡ 'ਤੇ
ਜਿਥੇ ਮੂੰਹ ਲੱਗਾ ਸੀ
ਹੁਣ ਉਸ ਦੀਆਂ ਅੱਖਾਂ 'ਤੇ
ਵੀ ਮੂੰਹ ਲੱਗਾ ਹੈ।

o

ਉਹ ਜੋ ਕੁਝ ਵੀ ਵੇਖਦਾ ਹੈ
ਆਪਣੀਆਂ ਨਜ਼ਰਾਂ ਰਾਹੀਂ
ਆਪਣੇ ਢਿੱਡ 'ਚ ਉਤਾਰਦਾ ਹੈ
ਪਹਿਲਾਂ ਮਨੁੱਖ ਦੇ ਢਿੱਡ 'ਤੇ ਮੂੰਹ ਸੀ
ਹੁਣ ਅੱਖਾਂ 'ਤੇ ਵੀ ਹੈ
ਮਨੁੱਖ ਢਿੱਡ ਦੇ ਏਨਾ ਨੇੜੇ
ਹੋ ਗਿਆ ਹੈ
ਕਿ ਪੇਟ ਬਣ ਕੇ ਰਹਿ ਗਿਆ ਹੈ। (ਅੱਖਾਂ ਤੇ ਮੂੰਹ)

'ਮਨੁੱਖੀ ਜੰਗਲ', 'ਬ੍ਰਹਿਮੰਡ ਵਿਚਲ਼ਾ ਬ੍ਰਹਿਮੰਡ', 'ਸਮੁੰਦਰ, ਬੂੰਦ ਤੇ ਕਵੀ' ਇਸ ਸੰਗ੍ਰਹਿ ਦੀਆਂ ਕੁਝ ਹੋਰ ਉਲੇਖਯੋਗ ਕਵਿਤਾਵਾਂ ਹਨ। ਇਹਨਾਂ ਵਿਚ ਉਹ ਜੀਵਨ ਦੇ ਡੂੰਘੇ, ਦਾਰਸ਼ਨਿਕ ਅਤੇ ਰਮਜ਼-ਭਰਪੂਰ ਸੰਦਰਭਾਂ ਨੂੰ ਪਕੜਦਾ ਅਤੇ ਚਿਤਰਦਾ ਹੈ। ਆਪਣੇ ਕਾਵਿ-ਕਰਮ ਦੇ ਰਹੱਸ ਨੂੰ ਉਜਾਗਰ ਕਰਦਾ ਹੋਇਆ ਕਵੀ ਲਿਖਦਾ ਹੈ:

ਤੁਸੀਂ ਜੋ ਮੇਰੇ ਸਾਹਮਣੇ ਹੋ
ਸਮੁੰਦਰ 'ਚ ਬੂੰਦਾਂ ਦੇ ਚਿਹਰੇ ਹੋ
ਆਪਣਾ ਸੱਚ ਹੋ
ਕਵਿਤਾ 'ਚ ਮਾਜੂਦ ਹੋ।

o

ਮੈਂ ਤੇ ਇਕ ਬੂੰਦ ਹਾਂ
ਆਪਣੀ ਬੂੰਦ ਨੂੰ
ਸਮੁੰਦਰ ਕਿਨਾਰੇ ਲਿਆ
ਸਮੁੰਦਰ 'ਚ
ਤੁਹਾਡੇ ਚਿਹਰਿਆਂ 'ਚ ਉਤਰਦਾ ਹਾਂ
ਤੁਹਾਡੇ ਤੇ ਸਮੁੰਦਰ ਦਾ
ਸੰਬੰਧਕ
ਵਿਚਰਨ ਧਰਾਤਲ ਪਹਿਚਾਣਦਾ ਹਾਂ। (ਸਮੁੰਦਰ, ਬੂੰਦ ਤੇ ਕਵੀ)

## 14. ਦੀਵੇ ਜਗਦੇ ਨੈਣ (2011)

ਚਰਨ ਸਿੰਘ ਨੇ ਇਸ ਸੰਗ੍ਰਹਿ ਦਾ ਉਪ-ਸ਼ੀਰਸ਼ਕ 'ਅ.ਗ਼ਜ਼ਲ ਸੰਗ੍ਰਹਿ' ਰੱਖਿਆ ਹੈ। ਇਸ ਉਪ-ਸ਼ੀਰਸ਼ਕ ਤੋਂ ਇਹ ਗਿਆਤ ਹੋ ਜਾਂਦਾ ਹੈ ਕਿ ਬੇਸ਼ੱਕ ਇਹਨਾਂ ਕਵਿਤਾਵਾਂ ਦੀ ਪ੍ਰਕਿਰਤੀ ਤੇ ਰੂਪ ਗ਼ਜ਼ਲਾਂ ਨਾਲ ਮਿਲਦਾ-ਜੁਲਦਾ ਹੈ ਪਰ ਇਹ ਰਵਾਇਤੀ ਕਿਸਮ ਦੀਆਂ ਗ਼ਜ਼ਲਾਂ ਨਹੀਂ ਹਨ। ਗ਼ਜ਼ਲ ਕਾਵਿ ਵਿਚ ਜਿਸ ਪ੍ਰਕਾਰ ਦੀ ਮਰਯਾਦਾ ਦਾ ਨਿਰਵਾਹ ਕੀਤਾ ਜਾਂਦਾ ਹੈ, ਕਵੀ ਉਸ ਲਈ ਤਿਆਰ ਨਹੀਂ ਹੈ। ਉਂਜ ਇਹਨਾਂ ਕਵਿਤਾਵਾਂ ਵਿਚ ਗ਼ਜ਼ਲ ਦੇ ਪਹਿਲੇ ਸ਼ੇਅਰ ਵਾਂਗ ਮਤਲਾ ਵੀ ਹੈ, ਅੰਤਿਮ ਸ਼ੇਅਰ ਵਾਂਗ ਮਕਤਾ ਵੀ ਅਤੇ ਮੁਖ਼ਤਲਿਫ਼ ਵਿਚਾਰਾਂ ਨਾਲ ਜੁੜੇ ਸੁਤੰਤਰ ਸ਼ੇਅਰ ਵੀ ਹਨ। ਇਸ ਪ੍ਰਸੰਗ ਵਿਚ ਉਸ ਦੀਆਂ ਗ਼ਜ਼ਲਾਂ ਦੀ ਇਕ ਵੰਨਗੀ ਦੇਖੋ:

ਦਰਦ ਦਿਲ ਦਾ ਵਧਦਾ ਹੀ ਗਿਆ।
ਕਿਸੇ ਨੇ ਪਾਗ਼ਲ ਕਿਸੇ ਨੇ ਆਸ਼ਕ ਕਿਹਾ।

ਚੜ੍ਹਿਆ ਨਾ ਡੁੱਬਿਆ ਸੂਰਜ ਮੇਰਾ,
ਤੇਰੇ ਨੈਣਾਂ ਦੀ ਸੂਲੀ 'ਤੇ ਲਟਕਦਾ ਹੀ ਰਿਹਾ।

ਤੂੰ ਗ਼ੈਰ ਦੀ ਮਹਿਫ਼ਲ 'ਚ ਸ਼ਮ੍ਹਾਂ ਬਣ ਕੇ ਜਗੀ,
ਮੈਂ ਹਨੇਰਾ ਸਾਂ, ਹਨੇਰੇ ਦਾ ਹਨੇਰਾ ਹੀ ਰਿਹਾ।

ਮੈਨੂੰ ਤੱਕਣਾ ਤੇ ਮੁੱਖ ਮੋੜ ਕੇ ਤੁਰ ਜਾਣਾ ਤੇਰਾ,
ਤੇਰੀ ਫ਼ਿਤਰਤ ਦਾ ਸਿਲਸਿਲਾ ਸੀ, ਸਿਲਸਿਲਾ ਹੀ ਰਿਹਾ।

ਸ਼ਮ੍ਹਾ ਦੀ ਲੋਅ ਹੈ ਫਿਰਦੀ ਢੂੰਡਦੀ ਉਸ ਨੂੰ,
ਸੜਨ ਤੋਂ ਪ਼ਹਿਲਾਂ ਪ੍ਰਵਾਨਾ ਜੋ ਇਰਾਦਾ ਬਦਲ ਗਿਆ।

ਇਹ ਸ਼ਮ੍ਹਾਂ ਬਦਲਦੀ ਹੈ ਨਿੱਤ ਨਵੀਆਂ ਮਹਿਫ਼ਲਾਂ,
ਤੂੰ ਜਲਾ ਕੇ ਜਿਸਮ ਆਪਣਾ ਸ਼ਮ੍ਹਾਂ ਤੋਂ ਕੀ ਲਿਆ।

ਦਰਦ ਦੀ ਬਾਤ ਸੀ, ਦਰਦ ਜਿਉਣਾ ਸਿੱਖ ਲਿਆ,
ਸ਼ਮ੍ਹਾਂ ਵੀ ਰੌਸ਼ਨ ਰਹੀ, ਮੇਰਾ ਵੀ ਦੱਸੋ ਕੀ ਗਿਆ।

(ਦਰਦ ਦਿਲ ਦਾ)

ਆਮ ਤੌਰ 'ਤੇ ਗ਼ਜ਼ਲਾਂ ਦੇ ਸਿਰਲੇਖ ਨਹੀਂ ਰੱਖੇ ਜਾਂਦੇ ਪਰੰਤੂ ਚਰਨ ਸਿੰਘ ਨੇ ਆਪਣੀਆਂ ਇਹਨਾਂ ਅਗ਼ਜ਼ਲਾਂ ਦੇ ਸਿਰਲੇਖ ਵੀ ਦਿੱਤੇ ਹਨ। ਸਿਰਲੇਖ ਰੱਖਣ ਲਈ ਉਸ ਨੇ ਗ਼ਜ਼ਲ ਦੇ ਮਤਲੇ ਵਿਚੋਂ ਮੁੱਢਲੇ ਦੋ-ਤਿੰਨ ਸ਼ਬਦ ਚੁਣ ਲਏ ਹਨ। 'ਮਤਲੇ' ਦਾ ਅਰਥ ਹੈ: ਇਤਲਾਹ ਦੇਣਾ। ਮਤਲੇ ਵਿਚ ਕਿਸੇ ਗ਼ਜ਼ਲ ਦੇ ਸ਼ੁਰੂ ਹੋਣ ਦੀ ਇਤਲਾਹ ਦਿੱਤੀ ਜਾਂਦੀ ਹੈ। ਗ਼ਜ਼ਲ ਦੇ ਅੰਤਿਮ ਸ਼ੇਅਰ ਨੂੰ 'ਮਕਤਾ' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ—ਕੱਟ ਦੇਣਾ। ਮਕਤੇ ਦੁਆਰਾ ਗ਼ਜ਼ਲਕਾਰ ਆਪਣੀ ਗ਼ਜ਼ਲ ਨੂੰ ਸਮਾਪਤ ਕਰ ਦਿੰਦਾ ਹੈ। ਆਮ ਤੌਰ 'ਤੇ 'ਮਕਤੇ' ਵਿਚ ਗ਼ਜ਼ਲਕਾਰ ਆਪਣਾ ਨਾਮ ਜਾਂ ਉਪਨਾਮ ਵੀ ਦਿੰਦਾ ਹੈ। ਗ਼ਾਲਿਬ, ਮੀਰ ਅਤੇ ਮੋਮਿਨ ਵਰਗੇ ਉਰਦੂ ਸ਼ਾਇਰਾਂ ਦੀਆਂ ਗ਼ਜ਼ਲਾਂ ਵਿਚ ਇਸ ਮਰਯਦਾ ਦਾ ਪਾਲਣਾ ਕੀਤੀ ਗਈ ਹੈ। ਪੰਜਾਬੀ ਦੇ ਰਵਾਇਤੀ ਗ਼ਜ਼ਲਕਾਰ ਵੀ ਇਸ ਮਰਯਾਦਾ ਨੂੰ ਨਿਭਾਉਂਦੇ ਹਨ, ਜਿਵੇਂ: ਸਾਧੂ ਸਿੰਘ ਹਮਦਰਦ, ਦੀਪਕ ਜੈਤੋਈ ਅਤੇ ਉਲਫ਼ਤ ਬਾਜਵਾ ਆਦਿਕ ਪਰ ਨਵੇਂ ਗ਼ਜ਼ਲਕਾਰ ਆਪਣੇ ਨਾਮ ਜਾਂ ਉਪਨਾਮ ਦਾ ਪ੍ਰਯੋਗ ਨਹੀਂ ਕਰਦੇ। ਚਰਨ ਸਿੰਘ ਦੀਆਂ ਗ਼ਜ਼ਲਾਂ ਵਿਚ ਵੀ ਨਵੇਂ ਗ਼ਜ਼ਲਕਾਰਾਂ ਵਾਂਗ ਨਾਮ ਦਾ ਪ੍ਰਯੋਗ ਦਿਖਾਈ ਨਹੀਂ ਦਿੰਦਾ।

ਗ਼ਜ਼ਲ ਦੇ ਸ਼ੇਅਰਾਂ ਵਿਚ 'ਤੁਗ਼ਜ਼ਲ' ਦਾ ਹੋਣਾ ਲਾਜ਼ਮੀ ਮੰਨਿਆ ਗਿਆ ਹੈ। 'ਤੁਗ਼ਜ਼ਲ' ਦਾ ਅਰਥ ਹੈ, ਕੋਈ ਡੂੰਘਾ ਅਤੇ ਦਾਰਸ਼ਨਿਕ ਕਥਨ, ਜਿਸ ਵਿਚੋਂ ਰਮਜ਼ ਭਰਪੂਰ ਅਰਥ ਨਿਕਲਦੇ ਹੋਣ। ਇਸ ਦ੍ਰਿਸ਼ਟੀ ਤੋਂ ਦੇਖਿਆਂ ਚਰਨ ਸਿੰਘ ਦੀਆਂ ਇਹ ਅਗ਼ਜ਼ਲਾਂ ਕਾਫ਼ੀ ਚਮਤਕਾਰ ਪੂਰਨ ਅਰਥਾਂ ਦੀ ਵਿਅੰਜਨਾ ਕਰਦੀਆਂ ਹਨ। ਇਸ ਪ੍ਰਸੰਗ ਵਿਚ ਉਸ ਦੇ ਕੁਝ ਅਸ਼ਆਰ ਦੇਖੋ:

1. ਰੌਸ਼ਨੀ ਤਾਂ ਉਸ ਦੀ ਹੈ ਤੂੰ ਜਿਸ ਦੇ ਕੋਲ ਹੈਂ
   ਤੇਰੇ ਤੋਂ ਦੂਰ ਆਦਮੀ ਤਾਂ ਇਕ ਸ਼ਰਾਪ ਹੈ।
2. ਆਖ ਸ਼ਹਿਰ ਦੇ ਲੋਕਾਂ ਨੂੰ ਪੱਥਰ ਫੜਨ,
   ਸ਼ਹਿਰ ਦੀਆਂ ਗਲੀਆਂ 'ਚ ਤੇਰਾ ਦੀਵਾਨਾ ਆ ਗਿਆ।
3. ਖੇਡ ਇਸ਼ਕ ਦੀ 'ਚ ਸਭ ਕੁਝ ਹੀ ਹਰ ਗਿਆ,
   ਚੌਸਰ ਦੀ ਖੇਡ ਖੇਡਦੇ ਉਸ ਅਫ਼ਲਾਤੂਨ ਦਾ।
4. ਕਬਰ 'ਤੇ ਆਇਆ ਤੇ ਆ ਕੇ ਤੁਰ ਗਿਆ,
   ਬੋਲਦਾ ਸੀ ਮੁਰਦਾ ਜਿਸ ਦੀ ਆਵਾਜ਼ 'ਚ।
5. ਸਮਝਿਆ ਜਿਸ ਨੂੰ ਰੌਣਕਾਂ ਰੰਗੀਨੀਆਂ,
   ਨੰਗਿਆਂ ਜਿਸਮਾਂ ਦਾ ਉਹ ਬਾਜ਼ਾਰ ਸੀ।

6. ਅਜਬ ਸਿਲਸਿਲਾ ਹੈ ਪਾਣੀ ਦੇ ਭਰਮ ਦਾ,
ਕਿਸ਼ਤੀ ਕੋਈ ਹੈ ਤਰਨ ਥਲਾਂ ਨੂੰ ਜਾ ਰਹੀ।

7. ਮੈਂ ਤਾਂ ਤੇਰੇ ਇਸ਼ਕ 'ਚ ਪਹਿਲਾਂ ਹੀ ਮੋਇਆ ਸਾਂ,
ਕਿਵੇਂ ਸਹਾਰਦਾ ਦਿਲ ਸੂਰਜ ਤੇਰੀ ਦੁਪਹਿਰ ਦਾ।

ਗ਼ਜ਼ਲ ਵਿਚ ਕਾਫ਼ੀਏ ਦੇ ਨਾਲ-ਨਾਲ ਰਦੀਫ਼ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਕਾਫ਼ੀਆ ਗ਼ਜ਼ਲ ਦੇ ਵਿਭਿੰਨ ਸ਼ੇਅਰਾਂ ਦੇ ਅੰਤਮ ਅੱਖਰ ਨੂੰ ਕਿਹਾ ਜਾਂਦਾ ਹੈ। ਦੇਖੋ: ਤੇਰੀਆਂ, ਹਨੇਰੀਆਂ, ਖਲੇਰੀਆਂ, ਦੇਰੀਆਂ ਆਦਿਕ। ਰਦੀਫ਼ ਕੁਝ ਅਜਿਹੇ ਅੱਖਰਾਂ ਦੇ ਜੁੱਟ ਨੂੰ ਕਹਿੰਦੇ ਹਨ ਜੋ ਹਰ ਸ਼ੇਅਰ ਦੇ ਅੰਤ ਵਿਚ ਬਿਲਕੁਲ ਉਸੇ ਤਰ੍ਹਾਂ ਨਾਲ ਤੁਰੇ ਆਉਂਦੇ ਹਨ। ਰਦੀਫ਼ ਵਾਲੇ ਅੱਖਰਾਂ ਤੋਂ ਪਹਿਲਾਂ ਕਾਫ਼ੀਆ ਵੀ ਮੇਲਿਆ ਜਾਂਦਾ ਹੈ। ਚਰਨ ਸਿੰਘ ਦੀ ਰਦੀਫ਼ ਵਾਲੀ ਇਕ ਗ਼ਜ਼ਲ ਦੇ ਕੁਝ ਅਸ਼ਆਰ ਦੇਖੋ:

ਮੈਂ ਤੇਰੇ ਕੌਲ ਤਲੀਆਂ 'ਤੇ ਉਠਾਈ ਫਿਰਦਾ ਹਾਂ।
ਮੈਂ ਤੇਰੇ ਰਾਹ ਪਲਕਾਂ 'ਤੇ ਬਿਠਾਈ ਫਿਰਦਾ ਹਾਂ।

ਕਦ ਮੁੜਨਗੇ ਪੰਛੀ ਜੋ ਖਲਾਅ 'ਚ ਗੁਆਚ ਗਏ,
ਮੈਂ ਉੱਜੜੇ ਆਲ੍ਹਣੇ ਚਿਹਰੇ 'ਤੇ ਸਜਾਈ ਫਿਰਦਾ ਹਾਂ।

ਤੇਰੀ ਆਮਦ ਤੋਂ ਪਹਿਲਾਂ ਨਾ ਨਿਕਲ ਜਾਏ ਦਮ,
ਮੈਂ ਦਮ ਲੈਣੇ ਹੀ ਭੁਲਾਈ ਫਿਰਦਾ ਹਾਂ।

ਤੇਰੇ ਬੋਲਾਂ ਉਗਾਏ ਜ਼ਖ਼ਮ ਹਰ ਮੌਸਮ ਹਰ ਰੁੱਤੇ,
ਮੈਂ ਪੱਤਰ ਟਹਿਣੀਉਂ ਟੁੱਟਾ ਰੁੱਖ ਵਸਾਈ ਫਿਰਦਾ ਹਾਂ।

ਮਿਲੇਗੀ ਮੰਜ਼ਲ ਇਕ ਦਿਨ ਘਟੇਗਾ ਭਾਰ ਰਾਹਾਂ ਦਾ,
ਨਜ਼ਰ 'ਚ ਆਸਮਾਂ ਕੁੱਛੜ ਜ਼ਮੀਂ ਉਠਾਈ ਫਿਰਦਾ ਹਾਂ।

ਉਕਤ ਅਗ਼ਜ਼ਲ ਵਿਚ 'ਫਿਰਦਾ ਹਾਂ' ਸ਼ਬਦ ਹਰ ਸ਼ੇਅਰ ਦੇ ਅੰਤ ਵਿਚ ਆਏ ਹਨ; ਇਹ ਰਦੀਫ਼ ਵਜੋਂ ਵਰਤੇ ਗਏ ਹਨ। ਕਾਫ਼ੀਆ ਉਠਾਈ, ਬਿਠਾਈ, ਸਜਾਈ, ਭੁਲਾਈ, ਵਸਾਈ, ਉਠਾਈ ਆਦਿ ਸ਼ਬਦਾਂ ਦਾ ਮਿਲਦਾ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਚਰਨ ਸਿੰਘ ਨੇ ਆਪਣੀਆਂ ਅਗ਼ਜ਼ਲਾਂ ਵਿਚ ਕਾਫ਼ੀਏ ਅਤੇ ਰਦੀਫ਼ ਦਾ ਨਿਪੁੰਨ ਪ੍ਰਯੋਗ ਕੀਤਾ ਹੈ। ਸਮੁੱਚੇ ਰੂਪ ਵਿਚ ਇਹ ਰਚਨਾਵਾਂ ਕਵੀ ਦੇ ਕੌਸ਼ਲ ਦਾ ਬੜਾ ਕਲਾਤਮਕ ਪ੍ਰਮਾਣ ਪੇਸ਼ ਕਰਦੀਆਂ ਹਨ।

# 15. ਰਿਸ਼ਮਾਂ (2012)

ਇਸ ਸੰਗ੍ਰਹਿ ਵਿਚ ਕਵੀ ਦੇ ਦੋ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ: 'ਰਿਸ਼ਮਾਂ' ਤੇ 'ਦਰਪਣ'। ਕਿਉਂਕਿ ਕਵੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਅਜੇ ਪ੍ਰਕਾਸ਼ਿਤ ਹੋਣ ਵਾਲੀਆਂ ਸਨ; ਇਹਨਾਂ ਨੂੰ ਵੱਖ-ਵੱਖ ਕਰ ਕੇ ਪ੍ਰਕਾਸ਼ਿਤ ਕਰਨ ਵਿਚ ਕਾਫ਼ੀ ਵਕਤ ਲੱਗ ਜਾਣਾ ਸੀ, ਇਸ ਲਈ ਪ੍ਰਕਾਸ਼ਕ ਨੇ ਸੁਝਾਉ ਦਿੱਤਾ ਕਿ ਦੋ-ਦੋ ਸੰਗ੍ਰਹਿ ਇਕੱਠੇ ਕਰ ਕੇ ਛਾਪ ਲੈਂਦੇ ਹਾਂ। ਚਰਨ ਸਿੰਘ ਵੀ ਆਪਣੀਆਂ ਸਾਰੀਆਂ ਕਵਿਤਾਵਾਂ ਨੂੰ ਪ੍ਰਕਾਸ਼ਿਤ ਰੂਪ ਵਿਚ ਦੇਖਣਾ ਚਾਹੁੰਦਾ ਸੀ, ਇਸ ਲਈ ਉਸ ਨੇ ਆਪਣੇ ਪ੍ਰਕਾਸ਼ਕ ਦੇ ਇਸ ਸੁਝਾਉ ਨੂੰ ਸਵੀਕਾਰ ਕਰ ਲਿਆ। ਇਹੀ ਕਾਰਨ ਹੈ ਕਿ 2012 ਈ. ਤੋਂ ਬਾਅਦ ਛਪਣ ਵਾਲੀਆਂ ਉਸ ਦੀਆਂ ਸਾਰੀਆਂ ਪੁਸਤਕਾਂ ਦੋ-ਦੋ ਦੇ ਜੁੱਟ ਵਿਚ ਪ੍ਰਕਾਸ਼ਿਤ ਹੋ ਰਹੀਆਂ ਹਨ। ਪ੍ਰਕਾਸ਼ਕ ਨੇ ਤਤਕਰੇ ਦੇ ਦੋ ਭਾਗ ਬਣਾ ਦਿੱਤੇ ਹਨ। ਸੋ ਪਾਠਕ ਨੂੰ ਇਹ ਪਤਾ ਚੱਲ ਜਾਂਦਾ ਹੈ ਕਿ 'ਰਿਸ਼ਮਾਂ' ਪੁਸਤਕ ਕਿਥੇ ਖ਼ਤਮ ਹੋ ਗਈ ਅਤੇ 'ਦਰਪਣ' ਦੀਆਂ ਕਵਿਤਾਵਾਂ ਕਿਥੋਂ ਸ਼ੁਰੂ ਹੁੰਦੀਆਂ ਹਨ।

ਇਸ ਕਾਵਿ-ਸੰਗ੍ਰਹਿ ਦਾ ਆਰੰਭ 'ਚਿੜੇ, ਚਿੜੀ ਅਤੇ ਉਹਨਾਂ ਦੇ ਬੋਟਾਂ' ਦਾ ਘਰ ਟੁੱਟਣ ਦੀ ਕਵਿਤਾ ਨਾਲ ਹੁੰਦਾ ਹੈ। ਪੰਜਾਬ ਵਿਚ ਸਦੀਆਂ ਤੋਂ ਘਰ ਟੁੱਟਣ ਦੇ ਦੁਖਦ ਬਿਰਤਾਂਤ ਚੱਲਦੇ ਆਏ ਹਨ। ਮੱਧਕਾਲ ਵਿਚ ਮੁਸਲਮਾਨ ਲੁਟੇਰੇ ਪਿੰਡਾਂ ਦੇ ਪਿੰਡ ਤਬਾਹ ਕਰ ਦਿੰਦੇ ਸਨ, ਫਿਰ ਅੰਗਰੇਜ਼ਾਂ ਨੇ ਲੋਕਾਂ ਉਪਰ ਏਨੇ ਜ਼ੁਲਮ ਕੀਤੇ ਕਿ ਬਹੁਤ ਸਾਰੇ ਕਿਸਾਨਾਂ ਦੇ ਘਰ ਤਬਾਹ ਹੋ ਗਏ। ਸੁਤੰਤਰਤਾ ਦੇ ਯੁਗ ਵਿਚ ਵੀ ਇਹ ਪ੍ਰਕਿਰਿਆ ਜਾਰੀ ਹੈ। ਹਰ ਵਰ੍ਹੇ ਸਾਡੇ ਹਜ਼ਾਰਾਂ ਗੱਭਰੂ ਪੰਜਾਬ ਦੇ ਵੱਸਦੇ-ਰਸਦੇ ਘਰ ਛੱਡ ਕੇ ਵਿਦੇਸ਼ੀ ਧਰਤੀਆਂ ਉਪਰ ਪਨਾਹ ਲੈਣ ਲਈ ਮਜਬੂਰ ਹੋ ਰਹੇ ਹਨ। ਹਥਲੀ ਕਵਿਤਾ ਵਿਚ ਇਸੇ ਦੁਖਦ ਸਥਿਤੀ ਨੂੰ ਪ੍ਰਤੀਕਾਤਮਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਦੇਖੋ:

ਹਵਾਵਾਂ ਬੋਲੀਆਂ:
ਕੁਝ ਚਲਾਕ ਕਾਵਾਂ ਦੀਆ ਟੋਲੀਆਂ
ਸ਼ੀਸ਼ੇ ਦਾ ਜੰਗਲ ਤਿਆਗ

ਰੁੱਖਾਂ ਦੇ ਜੰਗਲ 'ਚ ਆ ਗਈਆਂ
ਕਈ ਬੋਟ ਖਾ ਗਈਆਂ
ਉਹ ਚਿੜੀ ਚਿੜਾ
ਆਪਣੇ ਬੋਟਾਂ ਦੀ ਭਾਲ 'ਚ
ਆਪਣਾ ਆਲ੍ਹਣਾ ਤਿਆਗ ਗਏ ਹਨ
ਰੁੱਖਾਂ ਦੇ ਜੰਗਲ ਤੋਂ, ਕੱਚ ਦੇ ਜੰਗਲ ਵੱਲ
ਉਡਾਰੀਆਂ ਮਾਰ ਗਏ ਹਨ। (ਚਿੜੀ, ਚਿੜਾ ਤੇ ਬੋਟ)

ਇਸ ਸੰਗ੍ਰਹਿ ਦੀਆਂ ਕੁਝ ਹੋਰ ਕਵਿਤਾਵਾਂ ਵਿਚ ਕਵੀ ਨੇ ਪੂੰਜੀਵਾਦੀ ਯੁਗ ਦੇ ਅਨੇਕ-ਪੱਖੀ ਦਬਾਵਾਂ ਬਾਰੇ ਵੀ ਜ਼ਿਕਰ ਕੀਤਾ ਹੈ। ਇਸ ਯੁਗ ਵਿਚ ਮਨੁੱਖ ਉਪਰ ਇਹ ਦਬਾਉ ਉਸ ਦੀ ਚੇਤਨਾ ਨੂੰ ਖੰਡਿਤ ਕਰ ਦਿੰਦੇ ਹਨ। ਮਨੁੱਖ ਨੂੰ ਇਕੋ ਸਮੇਂ ਬਹੁਤ ਸਾਰੇ ਕੰਮ ਭੁਗਤਾਉਣ ਲਈ ਵਿਵੱਸ਼ ਕਰ ਦਿੱਤਾ ਗਿਆ ਹੈ। ਸਿੱਟੇ ਵਜੋਂ ਉਸ ਦੇ ਅੰਗ ਖਿੱਲਰੇ ਰਹਿੰਦੇ ਹਨ। ਖੰਡਿਤ ਚੇਤਨਾ ਦੀ ਵਜ੍ਹਾ ਨਾਲ ਮਨੁੱਖ ਦੇ ਸਾਰੇ ਅੰਗ ਇਕਸੁਰ ਨਹੀਂ ਹੋ ਪਾਉਂਦੇ। ਕੋਈ ਜਾਗਰੂਕ ਵਿਅਕਤੀ ਹੀ ਇਕਸੁਰਤਾ ਹਾਸਲ ਕਰ ਸਕਦਾ ਹੈ ਜਾਂ ਉਸ ਨੂੰ ਇਸ ਤੱਥ ਦਾ ਅਹਿਸਾਸ ਹੋ ਜਾਂਦਾ ਹੈ ਕਿ ਉਹ ਖਿੱਲਰ ਗਏ ਅੰਗਾਂ ਦੀ ਸੰਭਾਲ ਕਰੇ, ਇਹਨਾਂ ਨੂੰ ਇਕਸੁਰ ਕਰਨ ਦਾ ਪ੍ਰਯਾਸ ਕਰੇ। ਆਧੁਨਿਕ ਮਨੁੱਖ ਦੀ ਇਸ ਬੇਬਸੀ ਦਾ ਇਕ ਬਿਰਤਾਂਤ ਦੇਖੋ :

ਇਸ ਸ਼ਹਿਰ ਦਾ ਸਿਰਫ਼ ਧੜ ਹੈ
ਅੰਗ ਕੋਈ ਨਹੀਂ
ਸ਼ਹਿਰ ਦੀਆਂ ਨਦੀਆਂ ਦੇ ਅੰਗ ਹਨ
ਧੜ ਕੋਈ ਨਹੀਂ
ਸ਼ਹਿਰ 'ਚ ਕੁਝ ਵੀ ਸਾਲਮ ਨਹੀਂ, ਪੂਰਾ ਨਹੀਂ
ਸਭ ਪੱਥਰ ਹਨ, ਚੇਤਨਾ ਰਹਿਤ ਹਨ
ਇਕ ਮੈਂ ਹੀ ਹਾਂ
ਜੋ ਆਪਣੇ ਜਿਸਮ
ਆਪਣੇ ਅੰਗਾਂ ਪ੍ਰਤੀ ਚੇਤੰਨ ਹਾਂ
ਇਸ ਲਈ ਇਸ ਘੁੱਗ ਵੱਸਦੇ ਸ਼ਹਿਰ 'ਚ
ਮੈਂ ਹੀ ਹਾਂ
ਜੋ ਜਾਗਦਾ ਹਾਂ, ਸੌਂਦਾ ਨਹੀਂ। (ਅੰਗ ਤੇ ਵਜੂਦ)

ਚਰਨ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਉਸ ਦੀ ਤੀਖਣ ਸੰਵੇਦਨਸ਼ੀਲਤਾ (ਹਾਈਪਰ ਸੈਂਸੇਟਿਵਿਟੀ) ਝਲਕਦੀ ਹੈ। ਉਹ ਸੁਤੰਤਰ

ਜੀਣ-ਥੀਣ ਦੀ ਤੀਬਰ ਇੱਛਾ ਰੱਖਦਾ ਹੈ। ਉਹ ਨਾ ਕੇਵਲ ਭੌਤਿਕ ਗ਼ੁਲਾਮੀ ਪ੍ਰਤੀ ਚਿੰਤਾਤੁਰ ਦਿਖਾਈ ਦਿੰਦਾ ਹੈ ਬਲਕਿ ਉਸ ਨੂੰ ਆਤਮਿਕ ਗ਼ੁਲਾਮੀ ਵੀ ਪ੍ਰਵਾਨ ਨਹੀਂ। ਭੌਤਿਕ ਕਿਸਮ ਦੀ ਆਜ਼ਾਦੀ ਤਾਂ ਅਕਸਰ ਹੀ ਲੋਕਾਂ ਨੂੰ, ਹਾਕਮ ਕੌਮਾਂ ਨੂੰ ਹਾਸਲ ਹੋ ਜਾਂਦੀ ਹੈ। ਜਿਵੇਂ ਅੰਗਰੇਜ਼ਾਂ ਨੇ ਹਿੰਦੁਸਤਾਨੀਆਂ ਨੂੰ (ਉਹਨਾਂ ਦੇ ਸੰਘਰਸ਼ ਤੋਂ ਡਰ ਕੇ/ਜਾਂ ਸਹਾਨੁਭੂਤੀ ਦੀ ਵਜ੍ਹਾ ਨਾਲ) ਆਜ਼ਾਦ ਕਰ ਦਿੱਤਾ ਸੀ ਪਰ ਮਨੁੱਖੀ ਆਤਮਾ ਸਰੀਰ (ਦੇਹੀ) ਦੀ ਕੈਦ ਵਿਚ ਵੀ ਛਟਪਟਾਉਂਦੀ ਰਹਿੰਦੀ ਹੈ। ਜਿੰਨੀ ਦੇਰ ਤਕ ਮਨੁੱਖੀ ਆਤਮਾ ਦੇਹੀ ਦੀ ਕੈਦ ਤੋਂ ਮੁਕਤ ਨਹੀਂ ਹੋ ਜਾਂਦੀ, ਉਹ ਵਾਸਤਵਿਕ ਸੁਤੰਤਰਤਾ ਨੂੰ ਹਾਸਲ ਨਹੀਂ ਕਰ ਸਕਦੀ। ਇਹੋ ਜਿਹੀ ਸੋਚ ਸਦਕਾ ਕਵੀ ਭੌਤਿਕ ਅਤੇ ਅਧਿਆਤਮਕ ਪੱਖਾਂ ਵਿਚ ਇਕ ਨਵਾਂ ਸੰਤੁਲਨ ਸਿਰਜਣ ਦਾ ਪ੍ਰਯਤਨ ਕਰਦਾ ਹੈ। ਇਕ ਉਦਾਹਰਣ ਦੇਖੋ :

ਸੱਯਾਦ ਨੇ ਪੰਛੀ ਦੀ ਹਾਲਤ ਨੂੰ ਦੇਖ ਕੇ
ਪੰਛੀ ਨੂੰ ਆਜ਼ਾਦ ਕਰਨ ਦਾ ਇਰਾਦਾ ਬਣਾ ਲਿਆ
ਪੰਛੀ ਨੂੰ ਜੰਗਲ 'ਚ ਲੈ ਗਿਆ
ਸੁਰੱਖਿਅਤ ਥਾਂ ਵੇਖ ਕੇ
ਇਕ ਰੁੱਖ ਦੀ ਖੁੱਡ 'ਚ ਧਰ ਦਿੱਤਾ
ਪੰਛੀ ਨੂੰ ਪਹਿਲਾਂ ਹੀ ਖੁੱਡ ਵਿਚ ਬੈਠੀ
ਬਿੱਲੀ ਦੇ ਹਵਾਲੇ ਕਰ ਦਿੱਤਾ।

o

ਬਿੱਲੀ ਪੰਛੀ 'ਤੇ ਝਪਟੀ ਤੇ ਖਾ ਗਈ
ਬਿੱਲੀ ਦੇ ਅੰਦਰੋਂ ਹੀ ਬਿੱਲੀ ਨੂੰ
ਪੰਛੀ ਦੀ ਆਵਾਜ਼ ਆ ਗਈ :
ਤੇਰਾ ਸ਼ੁਕਰੀਆ!
ਤੂੰ ਮੈਨੂੰ ਨਕਲੀ ਪਿੰਜਰੇ ਤੇ ਦੇਹ ਦੇ ਅਸਲ ਪਿੰਜਰੇ
ਤੋਂ ਆਜ਼ਾਦ ਕੀਤਾ ਹੈ
ਹੁਣ ਮੈਂ ਸੁਤੰਤਰ ਹਾਂ, ਆਜ਼ਾਦ ਹਾਂ
ਨਾ ਮੈਨੂੰ ਮੌਤ ਦਾਂ, ਨਾ ਪਿੰਜਰੇ ਦਾ ਡਰ ਹੈ
ਖੁੱਲ੍ਹਾ ਅਸਮਾਨ ਹੈ
ਨਾ ਸਰਦੀ, ਨਾ ਗਰਮੀ, ਨਾ ਹਨੇਰੀਆਂ
ਨਾ ਝੱਖੜਾਂ ਦਾ ਡਰ ਹੈ।

o

ਹੁਣ ਮੈਂ ਸੁਤੰਤਰ ਹਾਂ
ਸੁਤੰਤਰਤਾ ਹੀ ਮੇਰਾ ਘਰ ਹੈ। (ਪੰਛੀ ਤੇ ਬਿੱਲੀ)

ਆਧੁਨਿਕ ਮਨੁੱਖ ਦੀ ਇਕ ਹੋਰ ਵਿਡੰਬਨਾ ਇਹ ਹੈ ਕਿ ਉਹ ਟੁਕੜਿਆਂ (ਟੋਟਿਆਂ) ਵਿਚ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹੈ। ਮੱਧਕਾਲ ਦੇ ਸਿੱਧੇ ਤੇ ਸਰਲ ਮਨੁੱਖ ਵਾਂਗ ਉਸ ਦੀ ਜੀਵਨ-ਸ਼ੈਲੀ ਸੰਪੂਰਨ ਨਹੀਂ ਹੈ। ਮੱਧਕਾਲੀਨ ਮਨੁੱਖ ਦਾ ਵਜੂਦ ਟੁਕੜਿਆਂ ਵਿਚ ਵਿਭਾਜਿਤ ਨਹੀਂ ਸੀ ਹੋਇਆ। ਉਹ ਇਕੋ ਸਮੇਂ ਇਕ ਕਿਸਾਨ, ਸਿਪਾਹੀ, ਪੁੱਤਰ, ਪਤੀ, ਪਿਤਾ ਆਦਿ ਭੂਮਿਕਾਵਾਂ ਨਿਭਾ ਸਕਦਾ ਸੀ। ਹਰ ਸਮੇਂ ਉਸ ਦੀ ਸ਼ਖ਼ਸੀਅਤ ਅਖੰਡ-ਅਵੰਡ ਬਣੀ ਰਹਿੰਦੀ ਸੀ। ਉਹ ਆਪਣੀ ਜ਼ਿੰਦਗੀ ਨੂੰ ਜਿਉਂਦਾ ਸੀ, ਵੱਖ-ਵੱਖ ਪ੍ਰਕਾਰ ਦੀਆਂ ਦੀਆਂ ਭੂਮਿਕਾਵਾਂ ਨਹੀਂ ਸੀ ਨਿਭਾਉਂਦਾ ਪਰ ਅਜੋਕਾ ਵਿਅਕਤੀ ਭੂਮਿਕਾਵਾਂ ਨਿਭਾਉਂਦਾ ਹੈ, ਜ਼ਿੰਦਗੀ ਨੂੰ ਜਿਉਂਦਾ ਨਹੀਂ। ਹਰ ਭੂਮਿਕਾ ਉਸ ਪਾਸੋਂ ਵੱਖਰੀ-ਵੱਖਰੀ ਸ਼ਖ਼ਸੀਅਤ ਦੀ ਮੰਗ ਕਰਦੀ ਹੈ। ਇਸ ਲਈ ਉਸ ਨੂੰ ਇਕ ਹੀ ਜੀਵਨ ਵਿਚ ਬਹੁਤ ਸਾਰੀਆਂ ਸ਼ਖ਼ਸੀਅਤਾਂ ਜਿਉਣੀਆਂ ਪੈਂਦੀਆਂ ਹਨ। ਕਵੀ ਇਸ ਸਥਿਤੀ ਨੂੰ 'ਪੋਟਾ ਪੋਟਾ ਜ਼ਿੰਦਗੀ' ਦਾ ਨਾਮ ਦਿੰਦਾ ਹੈ। ਇਸ ਅਨੁਭਵ ਦੀ ਪੇਸ਼ਕਾਰੀ ਕਰਨ ਵਾਲੀ ਇਕ ਕਵਿਤਾ ਦੇਖੋ :

ਜ਼ਿੰਦਗੀ ਪੋਟਾ ਪੋਟਾ ਹੈ
ਪੋਟਾ ਪੋਟਾ ਜੋੜ ਕੇ ਕਦੇ ਅਸੀਂ
ਜ਼ਿੰਦਗੀ ਸਿਰਜਦੇ ਹਾਂ
ਕਦੀ ਮੌਤ ਸਿਰਜਦੇ ਹਾਂ
ਸਾਡੀ ਸਮਰੱਥਾ ਪੋਟਾ ਪੋਟਾ ਜੋੜਨ ਦੀ ਹੈ
ਪੋਟਾ ਪੋਟਾ ਵਜੂਦ ਦਾ ਰੂਪ ਧਾਰੇਗਾ
ਵਜੂਦ ਜੋ ਸਾਡੀ ਨਜ਼ਰ ਤੋਂ ਬਾਹਰ ਹੈ
ਸਾਨੂੰ ਜਿੰਨਾ ਨਜ਼ਰ ਆਉਂਦਾ ਹੈ
ਓਨਾ ਹੀ ਸੱਚ ਹੈ, ਓਨਾ ਹੀ ਸਾਡਾ ਵਜੂਦ ਹੈ। (ਜੀਵਨ)

ਅੱਜ ਦਾ ਅਧੂਰਾ ਆਦਮੀ ਟੋਟਿਆਂ (ਟੁਕੜਿਆਂ) ਵਿਚ ਰਹਿਣ ਦਾ ਆਦੀ ਹੋ ਚੁੱਕਾ ਹੈ। ਉਸ ਨੂੰ ਸੰਪੂਰਨਤਾ ਰਾਸ ਨਹੀਂ ਆਉਂਦੀ। ਉਹ ਸਾਰੇ ਕੰਮ ਅੱਧੇ-ਅਧੂਰੇ ਮਨ ਨਾਲ ਕਰਦਾ ਹੈ। ਇਸ ਲਈ ਨਤੀਜੇ ਵੀ ਅੱਧੇ-ਅਧੂਰੇ ਹਾਸਲ ਹੁੰਦੇ ਹਨ। ਪਰੰਤੂ ਕਵੀ ਸੰਪੂਰਨਤਾ ਦਾ ਮੁਤਲਾਸ਼ੀ ਹੈ। ਉਹ ਕਹਿੰਦਾ ਹੈ ਕਿ ਮਨੁੱਖ ਨੂੰ ਆਪਣਾ ਹਰ ਕੰਮ ਸੰਪੂਰਨ ਦ੍ਰਿਸ਼ਟੀ ਨਾਲ ਕਰਨਾ ਚਾਹੀਦਾ ਹੈ। ਆਪਣੀ ਇਸ ਸੋਚ ਨੂੰ ਕਾਵਿ-ਬੱਧ ਕਰਦਾ ਹੋਇਆ ਉਹ ਲਿਖਦਾ ਹੈ :

ਤੂੰ ਮੈਨੂੰ ਕੁਝ ਕਹਿਣਾ ਹੈ
ਤਾਂ ਕਹਿ ਸਿਰਫ਼ ਕਹਿ
ਕਿ ਕਹਿਣ ਤੋਂ ਪਿੱਛੋਂ

ਤੇਰੇ ਕੋਲ ਕਹਿਣ ਨੂੰ ਕੁਝ ਨਾ ਰਹੇ।

o

ਮੁਹੱਬਤ ਹੈ ਤਾਂ ਮੁਹੱਬਤ ਕਰ
ਸਿਰਫ਼ ਮੁਹੱਬਤ
ਕਿ ਮੁਹੱਬਤ ਕਰਨ ਪਿੱਛੋਂ ਤੇਰੇ ਕੋਲ
ਕਰਨ ਲਈ ਕੁਝ ਨਾ ਰਹੇ।

o

ਨਫ਼ਰਤ ਕਰਨੀ ਹੈ ਤਾਂ ਨਫ਼ਰਤ ਕਰ
ਸਿਰਫ਼ ਨਫ਼ਰਤ
ਕਿ ਨਫ਼ਰਤ ਕਰਨ ਪਿੱਛੋਂ
ਤੇਰੇ 'ਚ ਨਫ਼ਰਤ ਦਾ ਜਜ਼ਬਾ ਨਾ ਰਹੇ। (ਮੁਹੱਬਤ)

ਅਜੋਕਾ ਵਿਅਕਤੀ ਆਪਣੇ ਉਪਰ ਪੈਣ ਵਾਲੇ ਅਨੇਕ-ਮੁਖੀ ਦਬਾਵਾਂ ਦੇ ਕਾਰਨ ਏਨਾ ਬੇਬੱਸ ਹੋ ਗਿਆ ਹੈ ਕਿ ਉਹ ਆਪਣਾ ਸਾਰਾ ਆਕ੍ਰੋਸ਼ ਅਤੇ ਪੀੜਾ ਇਕ ਚੀਖ/ਚਿੰਘਾੜ ਦੇ ਮਾਧਿਅਮ ਦੁਆਰਾ ਬਾਹਰ ਕੱਢ ਦੇਣਾ ਚਾਹੁੰਦਾ ਹੈ। ਪਿਕਾਸੋ, ਡਾਲੀ ਅਤੇ ਮੁੰਚ ਆਦਿਕ ਚਿੱਤਰਕਾਰਾਂ ਨੇ ਮਨੁੱਖ ਦੀ ਇਸ ਬੇਬਸੀ ਨੂੰ ਬੜੇ ਭਾਵ-ਪੂਰਤ ਚਿੱਤਰਾਂ ਦੁਆਰਾ ਅਭਿਵਿਅਕਤ ਕੀਤਾ ਹੈ। ਪਰ ਆਧੁਨਿਕ ਮਨੁੱਖ ਏਨਾ ਕਮਜ਼ੋਰ ਅਤੇ ਨਿਢਾਲ ਹੋ ਚੁੱਕਾ ਹੈ ਕਿ ਉਸ ਦੇ ਕੰਠ ਵਿਚੋਂ ਇਹ ਚੀਖ ਵੀ ਬਾਹਰ ਨਹੀਂ ਆ ਰਹੀ। ਚਰਨ ਸਿੰਘ ਨੇ ਮਨੁੱਖ ਦੀ ਇਸ ਬੇਬਸੀ ਅਤੇ ਅਕਹਿ ਪੀੜਾ ਨੂੰ ਆਪਣੀਆਂ ਕਈ ਕਵਿਤਾਵਾਂ ਵਿਚ ਰੂਪਮਾਨ ਕੀਤਾ ਹੈ। ਦੇਖੋ :

ਮੇਰੇ ਅੰਦਰੋਂ ਇਕ ਚੀਖ ਉੱਠਦੀ ਹੈ
ਤੇ ਅੰਦਰ ਹੀ ਜੰਮ ਜਾਂਦੀ ਹੈ
ਅੰਦਰੋਂ ਹੀ ਜਨਮਦੀ ਹੈ
ਅੰਦਰ ਹੀ ਗਵਾਚ ਜਾਂਦੀ ਹੈ
ਮੇਰੀ ਚੀਖ ਦੇ ਗਵਾਚੇ ਚਿਹਰੇ 'ਚੋਂ
ਸ਼ਬਦ ਲੱਭਦੇ ਹਨ
ਇਹ ਚੀਖ ਮੇਰੇ ਅੰਦਰੋਂ ਆਈ ਹੈ
ਜਾਂ ਬਾਹਰੋਂ ਮੇਰੇ ਅੰਦਰ ਸਮਾਈ ਹੈ
ਇਹ ਚੀਖ ਮੇਰੀ ਹੈ ਜਾਂ ਪਰਾਈ ਹੈ।

(ਮੈਂ ਤੇ ਚੀਖ : ਇਕ ਪੇਂਟਿੰਗ ਤੋਂ ਪ੍ਰਭਾਵਿਤ)

ਕਵੀ ਨੇ ਆਪਣੀਆਂ ਕੁਝ ਕਵਿਤਾਵਾਂ ਵਿਚ ਅਸੁਰੱਖਿਆ ਦੇ ਅਹਿਸਾਸ ਨੂੰ ਅਭਿਵਿਅਕਤ ਕੀਤਾ ਹੈ। ਅਜੋਕੇ ਮਨੁੱਖ ਦੀ ਵੱਡੀ ਤ੍ਰਾਸਦੀ ਇਹ ਹੈ ਕਿ

ਉਹ ਆਪਣੀ ਸੁਰੱਖਿਆ ਬਾਰੇ ਨਿਹਾਇਤ ਫ਼ਿਕਰਮੰਦ ਰਹਿੰਦਾ ਹੈ। ਉਸ ਦਾ ਸਾਰਾ ਆਲਾ-ਦੁਆਲਾ ਹਿੰਸਕ ਹੈ, ਵ਼ਹਿਸ਼ੀ ਹੈ। ਹਰ ਸਮੇਂ ਉਸ ਨੂੰ ਕਿਸੇ ਅਗਿਆਤ ਦੁਸ਼ਮਣ ਦਾ ਡਰ ਸਤਾਈ ਰੱਖਦਾ ਹੈ। ਕਦੇ ਵੀ, ਕੁਝ ਵੀ ਭੈੜਾ/ਚੰਦਰਾ ਵਾਪਰ ਸਕਦਾ ਹੈ। ਜੇ ਵਿਗਿਆਨ ਨੇ ਮਨੁੱਖ ਦੇ ਜੀਵਨ ਨੂੰ ਆਰਾਮਦਾਇਕ ਬਣਾਇਆ ਹੈ ਤਾਂ ਇਹ ਕਿਸੇ ਵੀ ਪਲ ਉਸ ਦੀ ਮੌਤ ਬਣ ਕੇ ਆਕ੍ਰਮਣ ਵੀ ਕਰ ਸਕਦਾ ਹੈ। ਮਾਰੂ ਹਥਿਆਰ, ਜ਼ਹਿਰੀਲੀਆਂ ਗੈਸਾਂ ਅਤੇ ਵਿਸ਼ੈਲਾ ਵਾਤਾਵਰਣ—ਇਹ ਸਭ ਮਨੁੱਖ ਦੀ ਮੌਤ ਦਾ ਸਾਮਾਨ ਹਨ। ਇਸੇ ਕਾਰਨ ਆਧੁਨਿਕ ਵਿਅਕਤੀ ਸਦਾ ਭੈ-ਭੀਤ ਅਤੇ ਠਠੰਬਰਿਆ ਜਿਹਾ ਰਹਿੰਦਾ ਹੈ। ਚਰਨ ਸਿੰਘ ਦੀ ਇਕ ਕਵਿਤਾ ਵਿਚ ਇਸ ਅਹਿਸਾਸ ਦੀ ਪੇਸ਼ਕਾਰੀ ਇਸ ਪ੍ਰਕਾਰ ਹੋਈ ਹੈ:

ਇਹ ਮਾਹੌਲ, ਇਹ ਵਾਤਾਵਰਣ, ਇਹ ਫ਼ਿਜ਼ਾ
ਜੋ ਮਨੁੱਖ ਨੇ ਮਨੁੱਖ ਲਈ ਉਸਾਰੀ ਹੈ
ਮਨੁੱਖਤਾ ਦੇ ਪਿੰਡੇ 'ਚ ਜਿਉਂਦੀ ਮੌਤ ਉਤਾਰੀ ਹੈ
ਕਿਥੇ ਜ਼ਿੰਦਗੀ ਲਈ, ਜ਼ਿੰਦਗੀ ਜਿਊਣ ਦੀ ਹਸਰਤ ਨਹੀਂ
ਜਿਥੇ ਕੁਝ ਵੀ ਸੁਰਕਸ਼ਤ ਨਹੀਂ।

o

ਜ਼ਹਿਰ ਜ਼ਿੰਦਗੀ ਦਾ ਪੀ ਰਹੇ ਹਾਂ ਅਸੀਂ
ਇਹ ਕੀ ਜੀ ਰਹੇ ਹਾਂ ਅਸੀਂ ? (ਕੁਝ ਵੀ ਸੁਰਕਸ਼ਤ ਨਹੀਂ)

## 16. ਦਰਪਣ (2012)

'ਦਰਪਣ' ਵਿਚਲੀਆਂ ਕਵਿਤਾਵਾਂ ਦਾ ਆਰੰਭ ਪਰਵਾਸ ਹੰਢਾਉਣ ਦੇ ਸੰਤਾਪ ਨਾਲ ਸ਼ੁਰੂ ਹੁੰਦਾ ਹੈ। ਆਧੁਨਿਕ ਵਿਅਕਤੀ ਵੇਖਣ ਨੂੰ ਤਾਂ ਸਮੇਂ ਅਤੇ ਸਥਾਨ ਤੋਂ ਸੁਤੰਤਰ ਪ੍ਰਤੀਤ ਹੁੰਦਾ ਹੈ ਪਰ ਅਸਲ ਵਿਚ ਉਸ ਦੀਆਂ ਜੜ੍ਹਾਂ ਆਪਣੇ ਦੇਸ (ਮਾਤ-ਭੂਮੀ) ਦੇ ਸਮੇਂ ਅਤੇ ਸਥਾਨ ਵਿਚ ਡੂੰਘੀਆਂ ਗੱਡੀਆਂ ਹੁੰਦੀਆਂ ਹਨ ਭਾਵੇਂ ਉਹ ਅਲਪ ਕਾਲ ਲਈ ਇਹਨਾਂ ਜੜ੍ਹਾਂ ਤੋਂ ਦੂਰ ਵੀ ਜਾ ਸਕਦਾ ਹੈ ਪਰ ਲੰਬੇ ਕਾਲ ਦੀ ਦੂਰੀ ਨਾਲ ਵਿਅਕਤੀ ਦਾ ਵਜੂਦ ਸੁੱਕਣ-ਸੁੰਗੜਨ ਲੱਗਦਾ ਹੈ। ਹਰਾ-ਭਰਾ ਅਤੇ ਸਦਾ-ਬਹਾਰ ਰਹਿਣ ਲਈ ਵਿਅਕਤੀ ਨੂੰ ਇਹਨਾਂ ਜੜ੍ਹਾਂ ਵਾਲੀ ਜ਼ਮੀਨ ਉਪਰ ਮੁੜ-ਮੁੜ ਕੇ ਆਉਣਾ ਪੈਂਦਾ ਹੈ। ਇਸ ਭਾਵ ਨੂੰ ਪ੍ਰਗਟ ਕਰਦੀ ਇਕ ਕਵਿਤਾ ਦੇਖੋ :

ਉਸ ਨੇ ਆਪਣਾ ਪਿੰਡ, ਸ਼ਹਿਰ ਤੇ ਦੇਸ਼ ਛੱਡਿਆ
ਇਕ ਦੀਪ ਤੋਂ ਦੂਜੇ ਤਕ ਜਾਂਦੇ ਜਾਂਦੇ
ਉਸ 'ਚੋਂ ਉਸ ਦਾ ਪਿੰਡ ਤੇ ਦੇਸ਼ ਨੁੱਚੜ ਗਿਆ।

o

ਪਿੰਡ, ਦੇਸ਼ ਤੇ ਲੋਕਾਂ ਦੇ ਚਿਹਰੇ
ਸੜਕਾਂ, ਬਾਜ਼ਾਰ, ਰੌਣਕਾਂ, ਭੀੜਾਂ, ਰਸਮਾਂ, ਰਿਵਾਜ
ਸੰਸਕ੍ਰਿਤੀ ਤੇ ਸਭਿਆਚਾਰ
ਉਸ ਦੀਆਂ ਅੱਖਾਂ 'ਚੋਂ ਅੱਥਰੂਆਂ ਵਾਂਗ ਕਿਰ ਗਏ
ਉਹ ਅਘਰਵਾਸੀ ਹੋ ਗਿਆ
ਉਸ ਵਿਚ ਜੋ ਕੁਝ ਵੀ ਸੀ
ਸਭ ਕੁਝ ਮਿੱਟੀ ਦਾ ਸੀ
ਜੋ ਉਸ ਮਿੱਟੀ 'ਚ ਹੀ ਰਹਿ ਗਿਆ।

o

ਨਵੇਂ ਦੀਪਾਂ ਦੀਆਂ ਸੰਸਕ੍ਰਿਤੀਆਂ, ਸਭਿਆਚਾਰ
ਭਾਸ਼ਾ, ਬੋਲੀਆਂ ਉਸ 'ਚ ਸਮਾ ਗਈਆਂ
ਪਰ ਉਹ ਉਹਨਾਂ ਵਿਚ ਕੁਝ ਵੀ ਨਾ

ਆਪਣਾ ਘੋਲ ਸਕਿਆ
ਕਿਉਂਕਿ ਇਕ ਦੀਪ ਛੱਡਣ ਤੋਂ ਪਿੱਛੋਂ
ਦੂਜੇ 'ਤੇ ਪੈਰ ਧਰਨ ਤਕ
ਉਸ 'ਚ ਪਿਛਲੇ ਦੀਪ ਦਾ ਸਭ ਕੁਝ ਨੁੱਚੜ ਜਾਂਦਾ
ਨਵੇਂ ਦੀਪ ਦੀ ਮਿੱਟੀ 'ਤੇ ਆਗਮਨ ਲਈ
ਉਹ ਖ਼ਾਲੀ ਹੋ ਜਾਂਦਾ। (ਆਵਾਰਗੀ)

ਅਜੋਕੇ ਮਨੁੱਖ ਦੀ ਤਕਸੀਮੀ (ਖੰਡਿਤ) ਸ਼ਖ਼ਸੀਅਤ ਵੀ ਇਸ ਸੰਗ੍ਰਹਿ ਦੀਆਂ ਕਈ ਕਵਿਤਾਵਾਂ ਵਿਚ ਰੂਪਮਾਨ ਹੋਈ ਹੈ। ਇਕ ਹੀ ਮਨੁੱਖ ਨੂੰ ਉਦਰ-ਪੂਰਤੀ ਲਈ ਆਪਣੇ ਸਮੁੱਚੇ ਜੀਵਨ-ਕਾਲ ਵਿਚ ਅਨੇਕ ਤਰ੍ਹਾਂ ਦੀਆ ਭੂਮਿਕਾਵਾਂ ਨਿਭਾਉਣੀਆਂ ਪੈਂਦੀਆਂ ਹਨ। ਇਸ ਸੂਰਤ ਵਿਚ ਉਹ ਇਕ ਗੋਦੜੀ ਵਾਂਗ ਅਨੇਕ ਟਾਕੀਆਂ ਦਾ ਜੋੜ-ਫ਼ਲ ਬਣ ਕੇ ਰਹਿ ਜਾਂਦਾ ਹੈ। ਮਨੁੱਖ ਦੀ ਇਸ ਵਿਸੰਗਤੀ ਦੀ ਇਕ ਤਸਵੀਰ ਦੇਖੋ:

ਉਹ ਆਪਣੀ ਤਕਸੀਮੀ ਸ਼ਖ਼ਸੀਅਤ
ਇਕ ਪਲ 'ਚ ਹੀ ਜੀ ਲੈਂਦਾ ਹੈ
ਉਹ ਇਕ ਘੁੱਟ 'ਚ ਹੀ ਸਾਗਰ ਪੀ ਲੈਂਦਾ ਹੈ।

o

ਕਦੀ ਉਹ ਭੀੜਾਂ ਦਾ ਰਾਹਨੁਮਾ ਹੈ
ਕਦੀ ਉਹ ਵੈਸ਼ਿਆ ਦਾ ਦਲਾਲ ਹੈ
ਕਦੀ ਉਹ ਦੁਨੀਆਂ ਦੀ ਮੰਡੀ ਦਾ ਸੱਚ ਹੈ
ਕਦੀ ਉਹ ਸੱਚ ਦੀ ਮੰਡੀ ਦਾ ਖ਼ਿਆਲ ਹੈ
ਉਹ ਭੀੜ ਦੀ ਰਾਹਨੁਮਾਈ ਵੀ ਕਰਦਾ ਹੈ
ਭੀੜ 'ਚ ਗੁਆਚ ਵੀ ਜਾਂਦਾ ਹੈ
ਆਪਣੇ ਆਪ ਨੂੰ ਭਾਲਦਾ-ਭਾਲਦਾ ਵੇਖਦਾ ਹੈ
ਕਿ ਉਹ ਦਲਾਲ ਨਹੀਂ, ਗਾਹਕ ਹੈ
ਵੈਸ਼ਿਆ ਦਾ ਜਿਸਮ ਭੋਗਣ ਲਈ ਤਤਪਰ ਹੈ।...

o

ਉਸ ਨੇ ਆਪਣੇ ਆਪ 'ਚ ਇਕ ਪਲ ਵੀ ਨਹੀਂ ਜੀਵਿਆ
ਪਤਾ ਨਹੀਂ ਉਸ ਨੂੰ ਵਰ ਹੈ ਕਿ ਸਰਾਪ ਹੈ...
ਉਹ ਅਜੋਕੇ ਯੁਗ ਦਾ ਇਨਸਾਨ ਹੈ
ਜੋ ਆਪਣੇ ਅਨੇਕਾਂ ਤਕਸੀਮੇ ਰੂਪਾਂ 'ਚ ਜੀਅ ਰਿਹਾ ਹੈ
ਆਪਣੇ ਆਪ 'ਚ ਖ਼ਾਲੀ ਪਿਆਸਾ ਸਮੁੰਦਰ ਹੈ

ਜਲ ਦੀ ਥਾਂ ਆਪਣੀ ਹੀ ਪਿਆਸ ਪੀ ਰਿਹਾ ਹੈ।

(ਅਜੋਕ ਮਨੁੱਖ)

ਕਵੀ ਨੇ ਮਨੁੱਖੀ ਜੀਵਨ ਦੇ ਨਕਾਰਾਤਮਕ ਭਾਵਾਂ ਵਿਚੋਂ ਨਿਕਲਣ ਵਾਲੇ ਸਾਕਾਰਾਤਮਕ ਸਿੱਟਿਆਂ ਦੀ ਨਿਸ਼ਾਨਦੇਹੀ ਕਰ ਕੇ ਆਪਣੀ ਮੌਲਿਕ ਪ੍ਰਤਿਭਾ ਦਾ ਪਰਿਚਯ ਪੇਸ਼ ਕੀਤਾ ਹੈ। ਇਹੋ ਜਿਹਾ ਇਕ ਨਕਾਰਾਤਮਕ ਭਾਵ ਈਰਖਾ ਹੈ। ਕਵੀ ਅਨੁਸਾਰ ਈਰਖਾ ਬਹੁਤ ਵਾਰੀ ਹਾਂ-ਪੱਖੀ ਭੂਮਿਕਾ ਨਿਭਾ ਜਾਂਦੀ ਹੈ। ਈਰਖਾ-ਵੱਸ ਹੋ ਕੇ ਮਨੁੱਖ ਪ੍ਰਗਤੀ ਦੀਆਂ ਪੌੜੀਆਂ ਵਧੇਰੇ ਚੁਸਤ ਹੋ ਕੇ ਚੜ੍ਹਨ ਲੱਗ ਜਾਂਦਾ ਹੈ। ਦੇਖੋ :

ਮੈਂ ਤੇਰੇ ਤੋਂ ਈਰਖਾ ਕਰਦਾ ਹਾਂ
ਤੂੰ ਮੇਰੇ ਤੋਂ ਈਰਖਾ ਕਰਦਾ ਹੈਂ
ਇਹ ਈਰਖਾ ਹੀ ਤੈਨੂੰ ਤੇ ਮੈਨੂੰ ਹਰਿਆਂ ਰੱਖਦੀ ਹੈ
ਸਾਡੇ ਦੋਹਾਂ ਦਾ ਵਿਕਾਸ ਕਰਦੀ ਹੈ
ਮੈਂ ਆਪਣਾ ਚਿਹਰਾ ਤੇਰੇ ਦਰਪਣ 'ਚੋਂ ਤੱਕਦਾ ਹਾਂ
ਤੂੰ ਮੇਰਾ ਚਿਹਰਾ ਆਪਣੇ ਦਰਪਣ 'ਚੋਂ ਤੱਕਦਾ ਹੈਂ
ਮੈਂ ਤੇਰੇ ਤੋਂ ਅਗੇਰੇ ਕਦਮ ਧਰਦਾ ਹਾਂ
ਤੂੰ ਮੇਰੇ ਤੋਂ ਅਗੇਰੇ ਕਦਮ ਧਰਦਾ ਹੈਂ
ਇਸ ਈਰਖਾ ਸਦਕਾ ਹੀ ਤੇਰਾ ਮੇਰਾ ਆਕਾਰ
ਆਪਣੀ ਵੰਡ ਤੋਂ ਪਹਿਲਾਂ ਜਿੱਡਾ
ਇਕੱਲੇ ਦਾ ਇਕੱਲਾ ਹੋ ਗਿਆ ਹੈ
ਜ਼ਿਮੀਂ ਤੋਂ ਉੱਠਿਆ ਸੀ ਅੰਬਰ ਨੂੰ ਛੋਹ ਗਿਆ ਹੈ। (ਈਰਖਾ)

## 17. ਅਨੁਭਵ (2012)

ਚਰਨ ਸਿੰਘ ਆਪਣੇ ਆਲੇ-ਦੁਆਲੇ ਫੈਲੇ ਹੋਏ ਜਗਤ ਨੂੰ ਰਵਾਇਤੀ ਸੋਚ ਤੋਂ ਹਟ ਕੇ ਬਿਲਕੁਲ ਮੌਲਿਕ ਅਤੇ ਨਵੇਂ ਢੰਗ ਨਾਲ ਦੇਖਦਾ ਅਤੇ ਰੂਪਮਾਨ ਕਰਦਾ ਹੈ। ਉਹ ਗਤੀ ਦੀ ਬਜਾਇ ਅ-ਗਤੀ ਨੂੰ, ਭਟਕਣ ਦੀ ਥਾਂ ਅਭਟਕਣ ਨੂੰ ਅਤੇ ਹਸਤੀ ਦੀ ਸਾਂ ਅਹਸਤੀ ਨੂੰ ਵਧੇਰੇ ਮਹੱਤਵ ਦਿੰਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਆਪਣੀ ਨਿੱਜੀ ਹਸਤੀ (individuality) ਨੂੰ ਮਿਟਾ ਕੇ ਜੀਵਨ ਦਾ ਵਾਸਤਵਿਕ ਅਤੇ ਪ੍ਰਮਾਣਿਕ ਬੋਧ ਪ੍ਰਾਪਤ ਹੁੰਦਾ ਹੈ। ਇਸੇ ਲਈ ਉਹ ਲਿਖਦਾ ਹੈ :

ਆਪਣੀ ਹਸਤੀ ਮਿਟਾਉਂਦਾ ਹੀ ਗਿਆ
ਹਸਤੀਆਂ ਦੀ ਹਸਤੀ ਪਾਉਂਦਾ ਹੀ ਗਿਆ
ਖ਼ਾਕ ਖ਼ਲਕ ਦੇ ਪੈਰਾਂ ਦੀ ਹੋਇਆ ਜਦੋਂ
ਥਾਲ ਗਗਨ ਦਾ ਛੋਹਿਆ ਤਦੋਂ
ਜਿਉਂਦੇ-ਜੀਅ ਹੀ ਮੋਇਆ ਜਦੋਂ
ਨੂਰ ਮਨੁੱਖ ਦੇ ਮੱਥੇ ਦਾ ਹੋਇਆ ਤਦੋਂ।

o

ਮਨੁੱਖ ਤੋਂ ਮਨੁੱਖਤਾ 'ਚ ਫੈਲਦਾ ਗਿਆ
ਮਨੁੱਖੀ ਜੋਤ ਤੋਂ ਮਨੁੱਖਤਾ ਦੀ ਜੋਤ ਹੋ ਗਿਆ
ਮਨੁੱਖਤਾ ਦੀ ਜੋਤ
ਵਿਸ਼ਵ ਦੇ ਕਣ-ਕਣ 'ਚ ਸਮਾ ਗਈ
ਹਸਤੀ ਤੋਂ ਅਹਸਤੀ ਹੋਏ
ਇਕ ਮਿੱਟੀ ਦੇ ਜ਼ੱਰੇ ਨੂੰ ਬ੍ਰਹਿਮੰਡਾਂ ਦਾ ਖ਼ੁਦਾ ਬਣਾ ਗਈ।

**(ਅਹਸਤੀ)**

'ਅਨੁਭਵ' ਵਿਚ ਸੰਕਲਿਤ ਕਵੀ ਦੀ ਇਕ ਹੋਰ ਮਹੱਤਵਪੂਰਨ ਕਵਿਤਾ ਕਵੀ ਦੇ ਆਤਮ-ਵਿਸ਼ਵਾਸ ਅਤੇ ਜੁਰੱਅਤ ਨੂੰ ਰੂਪਮਾਨ ਕਰਦੀ ਹੈ। ਕਵੀ ਅਨੁਸਾਰ ਆਧੁਨਿਕ ਵਿਅਕਤੀ ਆਪਣੇ ਯੁੱਧ ਆਪ ਲੜਦਾ ਹੈ। ਉਸ ਨੂੰ ਕਿਸੇ

ਦੇ ਆਸਰੇ ਜਾਂ ਸਹਾਰੇ ਦੀ ਦੀ ਜ਼ਰੂਰਤ ਨਹੀਂ ਹੈ। ਆਸਰਾ ਭਾਲਣ ਵਾਲੇ ਲੋਕ ਆਦਰਸ਼ਵਾਦੀ ਜਾਂ ਰੋਮਾਂਟਿਕ ਹੁੰਦੇ ਹਨ। ਵਿਦਰੋਹੀ ਅਤੇ ਨਾਬਰ ਪ੍ਰਕਿਰਤੀ ਦੇ ਲੋਕ ਆਪਣੇ ਸ੍ਵੈ-ਵਿਸ਼ਵਾਸ ਉਪਰ ਹੀ ਟੇਕ ਰੱਖਦੇ ਹਨ। ਇਸ ਵੰਨਗੀ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਹੁਣ ਤੇਰਾ ਸੰਗ ਹੋਣਾ ਨਾ ਹੋਣਾ ਅਰਥਹੀਣ ਹੈ
ਸਿਰ 'ਤੇ ਸੜਦਾ ਆਸਮਾਂ ਪੈਰਾਂ 'ਚ ਤਿੜਕੀ ਜ਼ਮੀਨ ਹੈ।...

o

ਕਿਸੇ ਦਾ ਸਾਥ ਆਪਣੇ ਆਪ ਵਿਚ ਕਮਜ਼ੋਰੀ ਦਾ ਅਹਿਸਾਸ ਹੈ
ਆਸਰਾ ਹੀਣ-ਭਾਵਨਾ ਜਨਮਦਾ ਹੈ
ਸਵੈ-ਸ਼ਕਤੀ ਨੂੰ ਦੀਮਕ ਵਾਂਗ ਲੱਗਦਾ ਹੈ।...

o

ਆਸਰਾ ਤਾਂ ਰੱਬ ਦਾ ਵੀ
ਮਨੁੱਖ ਨੂੰ ਆਜ਼ਾਦ ਰੂਪ ਵਿਚ
ਜ਼ਿੰਦਗੀ ਦੀ ਨੰਗੀ ਤ਼ਲੀ 'ਤੇ ਤੁਰਨ ਨਹੀਂ ਦਿੰਦਾ
ਆਪਣੀ ਮਰਜ਼ੀ ਨਾਲ ਭੁਰਨ ਨਹੀਂ ਦਿੰਦਾ
ਜੁੜਨ ਨਹੀਂ ਦਿੰਦਾ
ਆਸਰੇ ਦੇ ਸਾਏ ਹੇਠ
ਮਨੁੱਖ ਅਪਾਹਜ ਹੁੰਦਾ ਹੈ
ਨਾ ਉਸ ਦਾ ਆਪਣਾ ਹਸ਼ਰ ਹੁੰਦਾ ਹੈ
ਨਾ ਆਪਣਾ ਆਗਾਜ਼ ਹੁੰਦਾ ਹੈ
ਉਸ ਨੂੰ ਨਾ ਰਾਹ ਸਵੀਕਾਰਦਾ ਹੈ
ਨਾ ਮੰਜ਼ਲ ਸਵੀਕਾਰਦੀ ਹੈ
ਨਾ ਜ਼ਿੰਦਗੀ ਉਸ 'ਚ ਉਤਰਦੀ ਹੈ
ਨਾ ਉਸ ਨੂੰ ਆਪਣੇ 'ਚ ਉਤਾਰਦੀ ਹੈ।

o

ਆਸਰਾ ਮਰਨ ਬਰਾਬਰ ਹੈ
ਜ਼ਿੰਦਗੀ 'ਚ ਕਬਰਾਂ ਧਰਨ ਬਰਾਬਰ ਹੈ
ਆਸਰਾ ਪੁੰਗਰਦੇ ਬੀਜ 'ਤੇ ਤਪਦਾ ਲੋਹਾ ਠਾਰਨਾ ਹੈ
ਆਸਰਾ ਮਨੁੱਖ ਦੀ ਜੀਵਨ-ਗਤੀ ਨੂੰ ਮਾਰਨਾ ਹੈ
ਆਸਰਾ ਸ਼ਕਤੀਹੀਣਤਾ ਦਾ ਸਬੂਤ ਹੈ
ਆਸਰਾ ਵਿਜੈ ਦਾ ਪ੍ਰਤੀਕ ਨਹੀਂ
ਸ਼ਿਕਸਤ ਦਾ ਵਜੂਦ ਹੈ। (ਆਸਰਾ)

ਚਰਨ ਸਿੰਘ ਨੇ ਆਪਣੀ ਇਕ ਕਵਿਤਾ ਵਿਚ ਅਨੁਭਵ ਅਤੇ ਅਭਿਵਿਅਕਤੀ ਦੇ ਅੰਤਰ-ਸੰਬੰਧਾਂ ਬਾਰੇ ਵੀ ਬੜੀਆਂ ਡੂੰਘੀਆਂ ਟਿੱਪਣੀਆਂ ਕੀਤੀਆਂ ਹਨ। ਉਸ ਦਾ ਵਿਚਾਰ ਹੈ ਕਿ ਜੈਨੂਇਨ ਕਵੀਆਂ ਅਤੇ ਕਲਾਕਾਰਾਂ ਨੂੰ ਅਭਿਵਿਅਕਤੀ ਦਾ ਸੰਕਟ ਨਹੀਂ ਆ ਸਕਦਾ। ਕਈ ਵਾਰ ਸਨਕੀ ਲੋਕ ਇਹ ਕਹਿ ਦਿੰਦੇ ਹਨ ਕਿ ਕਾਵਿ/ਸਾਹਿਤ ਦੇ ਮਾਧਿਅਮ ਦੁਆਰਾ, ਜੋ ਕੁਝ ਕਿਹਾ ਜਾ ਸਕਦਾ ਸੀ, ਉਸ ਨੂੰ ਦੁਨੀਆਂ ਦੇ ਮਹਾਨ ਲੇਖਕਾਂ ਵੱਲੋਂ ਕਿਹਾ ਜਾ ਚੁੱਕਾ ਹੈ ਅਤੇ ਹੁਣ ਕਹਿਣ-ਕਥਨ ਦੀ ਕੋਈ ਗੁੰਜਾਇਸ਼ ਨਹੀਂ ਰਹੀ, ਸਾਹਿਤਕਾਰ ਲੋਕ ਆਪਣੇ-ਆਪ ਨੂੰ ਮਹਿਜ਼ ਦੁਹਰਾ (repeat) ਰਹੇ ਹਨ। ਪਰ ਚਰਨ ਸਿੰਘ ਇਸ ਭਰਮ ਦਾ ਨਿਵਾਰਨ ਕਰ ਦਿੰਦਾ ਹੈ। ਉਸ ਅਨੁਸਾਰ ਜਿੰਨੀ ਦੇਰ ਤਕ ਇਹ ਬ੍ਰਹਿਮੰਡ ਕਾਇਮ ਹੈ ਅਤੇ ਇਸ ਉਪਰ ਮਨੁੱਖ ਨਾਮ ਦਾ ਜੀਵ ਜ਼ਿੰਦਾ ਹੈ, ਸਾਹਿਤ ਰਚਨਾ ਹੁੰਦੀ ਰਹੇਗੀ। ਇਸ ਦਾ ਵੱਡਾ ਕਾਰਨ ਇਹ ਹੈ ਕਿ ਸਾਡੇ ਬਦਲ ਰਹੇ ਬ੍ਰਹਿਮੰਡ ਵਿਚ ਮਨੁੱਖੀ ਅਨੁਭਵ ਵੀ ਨਿਰੰਤਰ ਤਬਦੀਲ ਹੁੰਦਾ ਰਹਿੰਦਾ ਹੈ ਅਰਥਾਤ ਅਨੁਭਵ ਹਰ ਸਮੇਂ ਨਵਾਂ ਅਤੇ ਤਾਜ਼ਾ ਰਹਿੰਦਾ ਹੈ ਅਤੇ ਇਸ ਨਵੇਂ/ਤਾਜ਼ੇ ਅਨੁਭਵ ਨੂੰ ਅਭਿਵਿਅਕਤੀ ਦੀ ਲੋੜ ਰਹਿੰਦੀ ਹੈ। ਇਸ ਪ੍ਰਥਾਇ ਕਵੀ ਦੀ ਇਕ ਧਾਰਨਾ ਦੇਖੋ :

ਜੋ ਕਿਹਾ ਗਿਆ ਹੈ
ਉਸ ਨੇ ਭਾਸ਼ਾ ਦੇ ਬਸਤਰ ਪਹਿਨੇ ਹਨ
ਜੋ ਬਾਕੀ ਰਿਹਾ ਹੈ
ਉਹ ਅਨੁਭਵ ਦੇ ਸਾਗਰ 'ਚ
ਆਕਾਰ ਰਹਿਤ ਪਿਆ ਹੈ
ਜੋ ਚੇਤਨਾ ਦੀਆਂ ਕਿਰਨਾਂ ਰਾਹੀਂ
ਅਨੁਭਵ 'ਚ ਉਤਾਰਿਆ ਗਿਆ ਹੈ
ਅਨੁਭਵ 'ਚ ਸਹਿਕਾਰਿਆ ਗਿਆ ਹੈ
ਜੋ ਅਲਿਖਿਆ ਹੈ, ਅਕਥਿਆ ਹੈ
ਅਨੁਭਵ ਦੇ ਰੰਗ 'ਚ ਹੀ ਰੰਗਿਆ ਹੈ
ਜੋ ਅੱਖਰਾਂ 'ਚ ਸਮਾ ਨਹੀਂ ਸਕਦਾ
ਅੱਖਰ ਅਨੁਭਵ ਦੀ ਅਸੀਮਤਾ
ਪ੍ਰਗਟਾ ਨਹੀਂ ਸਕਦਾ।

o

ਅਨੁਭਵ ਲਈ
ਸ਼ਬਦਾਂ ਦੇ ਦਰ ਸੌੜੇ ਹਨ

ਅਰਥਾਂ ਦੇ ਆਕਾਰ ਭੀੜੇ ਹਨ
ਅਨੁਭਵ ਦੇ ਸੰਕਲਪ 'ਚ
ਉਸ ਅੱਲ੍ਹਾ ਦਾ ਸਾਖਸ਼ਾਤ ਰੂਪ ਮੌਜੂਦ ਹੈ
ਉਸ ਦੇ ਨੈਣ, ਨਕਸ਼, ਅੰਗ, ਚਿਹਰਾ, ਵਜੂਦ ਹੈ
ਅਨੁਭਵ 'ਚ ਉਸ ਦੀ ਪਹਿਚਾਣ ਹੈ
ਉਸ ਦੀ ਹੋਂਦ ਦੇ ਸੱਚ ਦੀ ਸਿਆਣ ਹੈ
ਅਨੁਭਵ ਜਦ ਉਸ ਦੇ ਜਿੱਡਾ ਉਚੇਰਾ ਹੋ ਗਿਆ
ਅਨੁਭਵ ਦੇ ਸਾਗਰ 'ਚ
ਉਸ ਨੂਰ ਦੇ ਸਾਗਰ ਦੇ ਸਾਗਰਾਂ ਦਾ ਡੇਰਾ ਹੋ ਗਿਆ
ਅਨੁਭਵ ਹੀ ਰਾਮ, ਕ੍ਰਿਸ਼ਨ, ਬੁੱਧ
ਨਾਨਕ, ਈਸਾ ਨਾਮ ਹੈ
ਅਨੁਭਵ ਹੀ ਮਨੁੱਖ ਦੇ ਰੂਪ 'ਚ
ਰੱਬ ਦੀ ਪਹਿਚਾਣ ਹੈ। (ਅਨੁਭਵ)

ਚਰਨ ਸਿੰਘ ਨੂੰ ਇਸ ਗੱਲ ਦਾ ਬੜਾ ਰੰਜ ਹੈ ਕਿ ਮਨੁੱਖ ਨੇ ਆਪਣੇ ਆਲੇ-ਦੁਆਲੇ ਬਹੁਤ ਸਾਰੀਆਂ ਵਾਧੂ/ਫ਼ਜ਼ੂਲ ਵਸਤਾਂ ਦਾ ਕੂੜ-ਕਬਾੜਾ ਜਮ੍ਹਾ ਕਰ ਰੱਖਿਆ ਹੈ। ਆਧੁਨਿਕ ਵਿਅਕਤੀ ਬਹੁਤ ਸਾਰੇ ਫ਼ਜ਼ੂਲ ਰਿਸ਼ਤੇ ਜਿਉਂਦਾ ਹੈ, ਫ਼ਜ਼ੂਲ ਬੋਲਦਾ ਹੈ, ਫ਼ਜ਼ੂਲ ਆਚਾਰ-ਵਿਹਾਰ ਧਾਰਨ ਕਰੀ ਰੱਖਦਾ ਹੈ। ਉਹ ਸੋਚਦਾ ਹੈ ਕਿ ਜੇ ਉਹ ਫ਼ਜ਼ੂਲ ਜੀਵਨ-ਸ਼ੈਲੀ ਨੂੰ ਤਜ ਨਾ ਸਕਿਆ ਤਾਂ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਜੋ ਉਸ ਦੇ ਮਨੁੱਖ ਹੋਣ ਲਈ ਅਤਿਅੰਤ ਜ਼ਰੂਰੀ (essential) ਹਨ, ਇਹ ਤਾਂ ਪਾਸੇ ਹੀ ਰਹਿ ਜਾਣਗੀਆਂ। ਉਹ ਉਹਨਾਂ ਵੱਲ ਧਿਆਨ ਹੀ ਨਹੀਂ ਦੇ ਪਾਏਗਾ। ਫ਼ਜ਼ੂਲ ਕੰਮ ਕਰਨ ਤੇ ਰਸਮੀ (formal) ਆਚਾਰ-ਵਿਹਾਰ ਨਿਭਾਉਣ ਦੀ ਮਜਬੂਰੀ ਵਿਚ ਉਸ ਦੇ ਜ਼ਰੂਰੀ ਵਿਹਾਰ ਅਣਛੋਹੇ/ਅਣਕੀਤੇ ਹੀ ਰਹਿ ਜਾਣਗੇ। ਇਸ ਕਾਰਨ ਉਹ ਆਪਣੇ ਸਮਕਾਲੀ ਮਨੁੱਖ ਨੂੰ ਫ਼ਜ਼ੂਲ ਕੰਮਾਂ ਤੋਂ ਬਚਣ ਦੀ ਪ੍ਰੇਰਨਾ ਦਿੰਦਾ ਹੈ:

ਜੇ ਮੈਂ ਇਹ ਸਭ ਕੁਝ ਜੋ ਫ਼ਜ਼ੂਲ ਹੈ
ਇਸ ਨੂੰ ਯਾਦ ਰੱਖਦਾ ਹਾਂ
ਆਪਣੇ ਆਪ 'ਚ ਉਤਾਰਦਾ ਹਾਂ
ਤਾਂ ਇਸ ਫ਼ਜ਼ੂਲ ਦਾ ਸੱਚ, ਮੇਰੇ ਲਹੂ 'ਚ ਫੈਲੇਗਾ
ਮੇਰੀ ਨਸ ਨਸ ਵਿਚ ਵਿਚਰੇਗਾ
ਤਾਂ ਇਸ ਦੇ ਇਵਜ਼ ਵਿਚ
ਮੈਨੂੰ ਮੇਰਾ ਸੱਚ, ਮੇਰਾ ਆਪਾ ਵਿਸਰ ਜਾਏਗਾ

ਕਿਉਂਕਿ ਜੋ ਫ਼ਜ਼ੂਲ ਹੈ
ਮੇਰੇ ਸਿਰ ਤੋਂ ਪੈਰਾਂ ਤਕ ਪਸਰ ਜਾਏਗਾ।...

o

ਜੇ ਮੈਂ ਜਿਉਣਾ ਹੈ
ਤਾਂ ਇਹ ਜੋ ਫ਼ਜ਼ੂਲ ਹੈ, ਇਸ ਨੂੰ ਬਦਲਣਾ ਪਵੇਗਾ
ਇਸ ਦੀ ਥਾਂ 'ਤੇ ਜ਼ਰੂਰਤਮੰਦ
ਜਿਵੇਂ ਜੀਵਨ ਲਈ ਪ੍ਰਾਣ ਹੈ
ਅਗਤੀ ਲਈ ਗਤੀ ਹੈ
ਹਨੇਰ ਲਈ ਚਾਨਣ ਹੈ
ਚੁੱਪ ਲਈ ਬੋਲ, ਇਕਾਂਤ ਲਈ ਰੌਣਕ ਹੈ
ਇਹ ਸੱਚ, ਮੇਰੇ ਵਿਚਰਨ ਤੇ ਦੁਨੀਆਂ ਦੇ ਰੰਗ-ਮੰਚ 'ਤੇ
ਮੇਰੇ ਦੁਆਲੇ ਧਰਨਾ ਹੋਵੇਗਾ
ਨਹੀਂ ਤਾਂ ਰੁੱਖ ਨੂੰ ਬੀਜ 'ਚ ਹੀ ਮਰਨਾ ਪਵੇਗਾ
ਕਿਉਂਕਿ ਫ਼ਜ਼ੂਲ ਲਈ ਆਪਣਾ ਆਪ
ਸੂਲੀ ਚੜ੍ਹਾਇਆ ਜਾ ਨਹੀਂ ਸਕਦਾ
ਆਪਣਾ ਸੱਚ ਭੁਲਾਇਆ ਜਾ ਨਹੀਂ ਸਕਦਾ
ਅਮੁੱਲਾ ਜਨਮ ਗਵਾਇਆ ਜਾ ਨਹੀਂ ਸਕਦਾ। (ਫ਼ਜ਼ੂਲ)

ਚਰਨ ਸਿੰਘ ਕਈ ਵਾਰ ਭਾਰਤ ਦੇ ਲੋਕਾਂ, ਇਸ ਦੇ ਲੋਕਤੰਤਰ ਅਤੇ ਇਸ ਲੋਕਤੰਤਰ ਨੂੰ ਚਲਾਉਣ ਵਾਲੇ ਨੇਤਾਵਾਂ ਉਪਰ ਬਹੁਤ ਸਖ਼ਤ ਵਿਅੰਗ ਵੀ ਕਰਦਾ ਹੈ। ਉਹ ਇਸ ਗੱਲ ਉਪਰ ਕਾਫ਼ੀ ਪਰੇਸ਼ਾਨ ਹੈ ਕਿ ਕੁਦਰਤੀ ਅਤੇ ਮਾਨਵੀ ਸੰਸਾਧਨਾਂ ਨਾਲ ਭਰਪੂਰ ਭਾਰਤ ਦੇਸ਼ ਏਨਾ ਗ਼ਰੀਬ ਅਤੇ ਪੱਛੜਿਆ ਕਿਉਂ ਹੈ। ਉਹ ਇਸ ਤੱਥ ਨੂੰ ਭਾਰਤੀ ਲੋਕਾਂ ਦਾ 'ਗਧਾਪਣ' ਕਹਿੰਦਾ ਹੈ। ਭਾਰਤੀ ਲੋਕਤੰਤਰ ਕੁਝ ਗਧਿਆਂ ਦੇ ਹੱਥ ਵਿਚ ਆ ਗਿਆ ਹੈ, ਇਹੀ ਕਾਰਨ ਹੈ ਕਿ ਪ੍ਰਗਤੀ ਦੀ ਦੌੜ ਵਿਚ ਸਾਡਾ ਦੇਸ਼ ਨਿਰੰਤਰ ਪੱਛੜਦਾ ਜਾ ਰਿਹਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਗਧਾ ਸੰਸਦ ਵੱਲ ਮੂੰਹ ਕਰ ਕੇ ਹਿਣਕਦਾ ਹੈ
ਲੋਕਾਂ ਵੱਲ ਪਿੱਠ ਕਰ ਕੇ ਲਿੱਦ ਕਰਦਾ ਹੈ
ਜਦ ਔੜਾਂ ਦੀ ਮਾਰੀ ਧਰਤੀ ਤਰਸਦੀ ਹੈ
ਗਧਾ ਮੂਤਦਾ ਹੈ
ਹੜ੍ਹਾਂ 'ਚ ਸਾਰਾ ਭਾਰਤਵਰਸ਼ ਰੁੜ੍ਹ ਜਾਂਦਾ ਹੈ

o

ਗਧਾ ਸੰਸਦ ਦੇ ਸਾਰੇ ਮੈਂਬਰਾਂ ਦਾ ਨੇਤਾ ਹੈ
ਪਰਮਵੀਰ ਚੱਕਰ ਦਾ ਵਿਜੇਤਾ ਹੈ
'ਟਕੇ ਸੇਰ ਭਾਜੀ, ਟਕੇ ਸੇਰ ਖਾਜਾ' ਇਸ ਦਾ ਫ਼ੁਰਮਾਨ ਹੈ
ਰੋਟੀ ਦੇ ਚੰਦ ਟੁਕੜਿਆਂ ਲਈ ਤਰਸਦਾ
ਤੋਤਲਾ ਹਿੰਦੁਸਤਾਨ ਹੈ...

o

ਗਧਾ ਜਦ ਵੀ ਹਿਣਕਦਾ ਹੈ
ਅਨੁਸ਼ਾਸਨ, ਸ਼ਾਂਤੀ, ਦੇਸ਼ਭਗਤੀ, ਏਕਤਾ, ਗ਼ਰੀਬੀ ਹਟਾਓ
ਦਾ ਪ੍ਰਚਾਰ ਕਰਦਾ ਹੈ
ਫੱਕ ਦੀ ਥਾਂ ਛਿੱਲੇ ਬਦਾਮਾਂ ਦੀ ਫ਼ਸਲ ਚਰਦਾ ਹੈ...

o

ਗਧੇ ਦਾ ਪਰਚਮ ਝੂਲਦਾ ਹੈ
ਬੀਜਦਾ ਹੈ, ਹਿੰਦੁਸਤਾਨ ਦੇ ਲੋਕਾਂ ਦੀਆਂ ਅੱਖਾਂ 'ਚ ਹਨੇਰ
ਟੁੱਕਦਾ ਹੈ ਲੋਕਾਂ ਦੀਆਂ ਜੀਭਾਂ...

o

ਗਧਾ ਵੰਡ ਰਿਹਾ ਹੈ
ਲੋਕਾਂ 'ਚ ਗ਼ਰੀਬੀ, ਰਿਸ਼ਵਤਖ਼ੋਰੀ, ਬੇਰੁਜ਼ਗਾਰੀ
ਨਫ਼ਰਤ, ਗ਼ੁਲਾਮੀ ਤੇ ਬੀਮਾਰੀ
ਲੋਕਾਂ 'ਚ ਕਬਰਾਂ ਬੀਜਣ ਲਈ
ਗਧੇ ਨੇ ਆਪਣੀ ਸਾਰੀ ਸ਼ਕਤੀ ਹੈ ਲਾਈ
ਪੜ੍ਹ ਲਿਖ ਕੇ ਵੀ ਮੁਲਕ ਦੀ ਜਵਾਨੀ ਬੇਰੁਜ਼ਗਾਰ ਹੈ
ਬੇਰੁਜ਼ਗਾਰੀ ਸਦਕਾ ਹੀ ਜਵਾਨੀ ਨਸ਼ਿਆਂ ਦੇ ਹਾਲ ਹੈ
ਅੰਨਦਾਤਾ ਦੇਸ਼ ਦਾ ਖ਼ੁਦਕੁਸ਼ੀ ਹੈ ਕਰ ਰਿਹਾ
ਸਿਰ 'ਤੇ ਤਲਵਾਰ ਨਹੀਂ
ਤਲਵਾਰ 'ਤੇ ਹੈ ਸਿਰ ਧਰ ਰਿਹਾ। (ਗਧਾ)

## 18. ਪ੍ਰਛਾਵੇਂ

'ਪ੍ਰਛਾਵੇਂ' ਕਾਵਿ-ਸੰਗ੍ਰਹਿ ਦਾ ਆਗਾਜ਼ ਕਵੀ ਦੀ ਇਕ ਸ਼ਿੰਗਾਰ-ਰਸ ਭਰਪੂਰ ਪ੍ਰੇਮ ਕਵਿਤਾ ਦੁਆਰਾ ਹੋਇਆ ਹੈ। ਚਰਨ ਸਿੰਘ ਦੇ ਕਾਵਿ-ਲੋਕ ਵਿਚ ਇਸ ਪ੍ਰਕਾਰ ਦੀਆਂ ਰਚਨਾਵਾਂ ਘੱਟ ਗਿਣਤੀ ਵਿਚ ਹੀ ਮਿਲਦੀਆਂ ਹਨ। ਅਸਲ ਵਿਚ ਕਵੀ ਜੀਵਨ ਦੇ ਕੁਝ ਹੋਰ ਸਰੋਕਾਰਾਂ/ਜ਼ਿੰਮੇਵਾਰੀਆਂ ਵਿਚ ਇਸ ਕਦਰ ਰੁੱਝਾ ਰਿਹਾ ਹੈ ਕਿ ਉਸ ਨੂੰ ਇਸ ਪਾਸੇ ਝਾਕਣ ਦਾ ਵਕਤ ਹੀ ਨਹੀਂ ਮਿਲਿਆ ਪਰ ਫੇਰ ਵੀ ਕਦੇ-ਕਦੇ ਜੀਵਨ ਦੇ ਤਤਕਾਲੀ ਰੁਝੇਵਿਆਂ ਤੋਂ ਕੁਝ ਵਿਹਲ ਕੱਢ ਕੇ ਉਹ ਇਸ ਪ੍ਰਕਾਰ ਦੀਆਂ ਕਵਿਤਾਵਾਂ ਵੀ ਲਿਖ ਲੈਂਦਾ ਹੈ। ਵਿਚਾਰਾਧੀਨ ਕਵਿਤਾ ਵਿਚ ਅਨੁਭਵ ਦੀ ਮੌਲਿਕਤਾ, ਤਾਜ਼ਗੀ ਅਤੇ ਅਭਿਵਿਅਕਤੀ ਦੀ ਸਟੀਕਤਾ ਦੇ ਦਰਸ਼ਨ ਹੁੰਦੇ ਹਨ। ਦੇਖੋ:

ਨ੍ਹਾਤੀ ਧੋਤੀ, ਹਾਰ ਸ਼ਿੰਗਾਰ ਲਗਾਇਆ
ਰੂਪ ਦਾ ਰੂਪ ਬਣਾਇਆ
ਸ਼ੀਸ਼ੇ ਸਾਹਵੇਂ ਉੱਠਦੀ, ਬਹਿੰਦੀ
ਆਪਣੇ 'ਤੇ ਹੀ ਡੁੱਲ੍ਹ ਡੁੱਲ੍ਹ ਪੈਂਦੀ
ਪਰ ਨਾ ਸੱਜਣ ਆਇਆ
ਨਾ ਸੱਜਣ ਨੇ ਝਾਤ ਹੀ ਪਾਈ
ਨਾ ਹੀ ਰੂਪ ਹੰਢਾਇਆ...

o

ਸ਼ੀਸ਼ੇ ਸਾਹਵੇਂ ਆਣ ਖਲੋਤੀ
ਡਰਦੇ ਸ਼ੀਸ਼ੇ ਨੇ ਸਮਝਾਇਆ
ਆਪਣਾ ਆਪ ਸੰਵਾਰਿਆ ਬਾਹਰੋਂ
ਨਾ ਦਿਲ ਵਿਚ ਪੋਚਾ ਲਾਇਆ
ਦਿਲ ਦੇ ਅੰਦਰ
ਸੱਜਣਾਂ ਦਾ ਨਾ ਕੋਈ ਦੀਪ ਜਲਾਇਆ
ਤੇਰਾ ਸੱਜਣ ਸੀਰਤ ਦਾ ਭੁੱਖਾ

ਬਾਹਰਲੇ ਰੰਗ ਰੂਪ ਦਾ ਨਾ ਭਰਮਾਇਆ।

o

ਬਾਹਰਲਾ ਹਾਰ ਸ਼ਿੰਗਾਰ ਸਦਾ
ਨੈਣਾਂ ਤਕ ਰਹਿ ਜਾਂਦਾ
ਦਿਲ ਦਾ ਰੰਗ ਰੂਪ ਨਿਖਰਿਆ
ਹੈ ਦਿਲ ਵਿਚ ਉਤਰ ਜਾਂਦਾ
ਆਪਣਾ ਅੰਦਰ ਉਜਲਾ ਕਰ ਲੈ
ਸੂਰਜ, ਚੰਨ, ਸਿਤਾਰਿਆਂ ਦੀ ਥਾਂ
ਅੰਦਰਲੀ ਸੁੰਦਰਤਾ ਦੇ ਵਿਹੜੇ
ਬੇਸ਼ੱਕ ਤੂੰ ਮਿੱਟੀ ਦੇ ਦੀਵੇ ਧਰ ਲੈ
ਸੱਜਣ ਤੇਰੇ ਰੀਝਣਗੇ...। (ਸੀਰਤ)

ਇਸ ਸੰਗ੍ਰਹਿ ਦੀ ਇਕ ਕਵਿਤਾ ਵਿਚ ਕਵੀ ਨੇ ਮਨੁੱਖੀ ਜੀਵਨ ਦੀ ਵਿਸੰਗਤੀ ਦਾ ਚਿੱਤਰ ਪੇਸ਼ ਕੀਤਾ ਹੈ। ਇਹ ਡੂੰਘੇ ਅਰਥਾਂ ਵਾਲੀ ਇਕ ਉੱਚ-ਆਦਰਸ਼ ਨੂੰ ਪੇਸ਼ ਕਰਨ ਵਾਲੀ ਰਚਨਾ ਹੈ ਅਤੇ ਪਾਠਕ ਦੇ ਸਨਮੁਖ ਜੀਵਨ ਦੇ ਨਵੇਂ ਰਹੱਸ ਖੋਲ੍ਹਦੀ ਹੈ। ਇਸ ਕਵਿਤਾ ਵਿਚ ਉਹ ਲਿਖਦਾ ਹੈ ਕਿ ਮਨੁੱਖ ਆਪਣੇ ਜੀਵਨ ਦਾ ਬਹੁਤਾ ਸਮਾਂ ਫ਼ਜ਼ੂਲ ਕਿਸਮ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਵਿਚ ਖ਼ਰਚ ਕਰ ਬੈਠਦਾ ਹੈ। ਜੀਵਨ ਦਾ ਪਹਿਲਾ ਪੜਾਅ ਉਹ ਦੁਨੀਆਂ ਦੇ ਵਿਭਿੰਨ ਪ੍ਰਕਾਰ ਦੇ ਝਮੇਲਿਆਂ ਅਤੇ ਕਾਰੋਬਾਰਾਂ ਨੂੰ ਨਜਿੱਠਣ ਵਿਚ ਲੰਘਾ ਬੈਠਦਾ ਹੈ। ਦੂਜਾ ਪੜਾਅ ਨੀਂਦ ਵਿਚ ਖ਼ਤਮ ਹੋ ਜਾਂਦਾ ਹੈ। ਤੀਜਾ ਪੜਾਅ ਵਿਸ਼ੈ-ਵਿਕਾਰਾਂ ਦੀ ਪੂਰਤੀ ਵਿਚ ਲੱਗ ਜਾਂਦਾ ਹੈ ਅਤੇ ਚੌਥਾ ਪੜਾਅ ਬੁਢੇਪੇ ਦੀ ਅਵਸਥਾ ਨਾਲ ਸੰਬੰਧਿਤ ਹੈ। ਇਸ ਪੜਾਅ ਵਿਚ ਸਰੀਰ ਜਰਜਰਾ ਹੋ ਜਾਂਦਾ ਹੈ ਅਤੇ ਬੁੱਧ ਬਲ ਖੀਣ ਹੋ ਜਾਂਦਾ ਹੈ। ਆਖ਼ਰ ਮਨੁੱਖ ਗੁਜ਼ਰ ਜਾਂਦਾ ਹੈ। ਉਹ ਆਪਣੇ ਜੀਵਨ ਦੇ ਮਕਸਦ ਨੂੰ ਹਾਸਲ ਨਹੀਂ ਕਰ ਪਾਉਂਦਾ। ਮਨੁੱਖ ਦੀ ਇਸ ਕਮਜ਼ੋਰੀ ਤੇ ਨਿਕਟਦਰਸ਼ਿਤਾ ਨੂੰ ਬਿਆਨ ਕਰਦਾ ਹੋਇਆ ਕਵੀ ਉੱਤਮ-ਪੁਰਖੀ ਅੰਦਾਜ਼ ਵਿਚ ਲਿਖਦਾ ਹੈ:

ਮੈਂ ਆਇਆ ਤਾਂ ਸਾਂ
ਜੀਵਨ 'ਚ ਕੁਝ ਖੱਟਣ-ਕਮਾਉਣ ਲਈ
ਆਪਣੇ ਬੀਜ, ਆਪਣੀਆਂ ਜੜ੍ਹਾਂ
ਨੂੰ ਧਿਆਉਣ ਲਈ
ਤਾਂ ਕਿ ਆਪਣੇ ਅੰਤਮ ਸਫ਼ਰ ਲਈ
ਕੁਝ ਜਮ੍ਹਾਂ ਕਰ ਸਕਦਾ

ਅੰਤਿਮ ਸਫ਼ਰ ਦੀ ਮੰਜ਼ਲ ਦੇ
ਕੁਝ ਭੇਟ ਕਰ ਸਕਦਾ।

o

ਹੁਣ ਸਭ ਕੁਝ ਗਵਾ ਕੇ
ਖ਼ਾਲੀ ਹੱਥੀਂ ਇਸ ਦਰਗਾਹ 'ਚ ਆਇਆ ਹਾਂ
ਵੇਖਿਆ ਹੈ: ਪੁੱਤ ਕਪੁੱਤ ਹੋ ਸਕਦੇ ਹਨ
ਜਨਮਹਾਰੇ ਨਹੀਂ
ਮੇਰੇ ਜਨਮਹਾਰੇ ਨੇ ਮੈਨੂੰ ਔਗੁਣਹਾਰੇ ਨੂੰ
ਆਪਣੀ ਗੋਦ 'ਚ ਬਿਠਾਇਆ ਹੈ
ਮੇਰੇ ਸਭ ਗੁਨਾਹ ਮੁਆਫ਼ ਕਰ ਕੇ
ਮੈਨੂੰ ਗਲ ਨਾਲ ਲਾਇਆ ਹੈ
ਮੈਨੂੰ ਸਮਝਾਇਆ ਹੈ:
ਮੈਂ ਬਾਪ ਹਾਂ ਤੇਰਾ
ਤੂੰ ਚੰਗਾ ਹੈਂ ਜਾਂ ਮਾੜਾ
ਮੇਰਾ ਲਹੂ ਹੈ, ਮੇਰਾ ਅੰਸ਼ ਹੈਂ, ਮੇਰਾ ਵੰਸ਼ ਹੈਂ
ਮੈਂ ਤੈਨੂੰ ਡਿੱਗਦੇ ਢਹਿੰਦੇ ਨੂੰ ਉਠਾਉਂਦਾ ਰਹਾਂਗਾ
ਤੂੰ ਬੇਸ਼ੱਕ ਆਪਣਾ ਫ਼ਰਜ਼ ਭੁੱਲ ਜਾਵੇਂ
ਮੈਂ ਆਪਣਾ ਫ਼ਰਜ਼ ਨਿਭਾਉਂਦਾ ਹੀ ਰਹਾਂਗਾ
ਕਿਉਂਕਿ ਮੈਂ ਬਾਪ ਹਾਂ ਤੇਰਾ
ਤੇਰਾ ਆਪਾ ਹੀ ਆਪਣਾ ਆਪ ਹੈ ਮੇਰਾ
ਮੈਂ ਬਾਪ ਹਾਂ ਤੇਰਾ
ਤੇਰਾ ਆਪਾ ਹੀ ਆਪਣਾ ਆਪ ਹੈ ਮੇਰਾ। (ਬਾਪ ਪੁੱਤਰ)

ਚਰਨ ਸਿੰਘ ਨੂੰ ਜੀਵਨ ਦੀ ਨਾਸ਼ਮਾਨਤਾ ਦਾ ਤੀਖਣ ਬੋਧ ਹੈ। ਉਹ ਜਾਣਦਾ ਹੈ ਕਿ ਇਕ ਵਾਰ ਮਰ ਜਾਣ ਤੋਂ ਪਿੱਛੋਂ ਵਿਅਕਤੀ ਦਾ ਸਭ ਕੁਝ ਖ਼ਤਮ ਹੋ ਜਾਂਦਾ ਹੈ। ਹੌਲੀ-ਹੌਲੀ ਉਹ ਸਭ ਦੇ ਚੇਤਿਆਂ ਵਿਚੋਂ ਵਿਸਰ ਜਾਂਦਾ ਹੈ। ਉਸ ਦੁਆਰਾ ਖ਼ਾਲੀ ਕੀਤੀ ਥਾਂ (ਸਪੇਸ) ਬੜੀ ਛੇਤੀ ਭਰ ਜਾਂਦੀ ਹੈ। ਆਦਮੀ ਚਾਹੇ ਲੱਖ ਦਾਅਵੇ ਪਿਆ ਕਰੇ, ਮੌਤ ਪਿੱਛੋਂ ਉਸ ਦਾ ਕੁਝ ਨਹੀਂ ਬਚਦਾ, ਕੁਝ ਨਹੀਂ ਰਹਿੰਦਾ। ਏਨੀ ਤਲਖ਼ ਹਕੀਕਤ ਦੀ ਜਾਣਕਾਰੀ ਹੋਣ ਦੇ ਬਾਵਜੂਦ ਬੰਦਾ ਆਪਣੇ ਪਿੱਛੇ ਕੁਝ ਯਾਦਾਂ, ਕੁਝ ਨਿਸ਼ਾਨ ਛੱਡ ਜਾਣ ਲਈ ਬੜੇ ਜੱਫ਼ਰ ਜਾਲਦਾ ਹੈ। ਵੱਡੇ-ਵੱਡੇ ਮਹਿਲ ਉਸਾਰ ਲੈਂਦਾ ਹੈ, ਬੈਂਕ-ਬੈਲੇਂਸ ਬਣਾ ਲੈਂਦਾ ਹੈ, ਨੀਂਹ-ਪੱਥਰ ਲਾਉਂਦਾ ਫਿਰਦਾ ਹੈ ਅਤੇ ਕਈ ਵਾਰ ਕਿਸੇ ਹੋਰ ਦੇ ਲਾਏ ਹੋਏ ਨੀਂਹ-ਪੱਥਰਾਂ

ਨੂੰ ਉਖਾੜ ਕੇ ਉਥੇ ਆਪਣੇ ਪੱਥਰ ਜੜਾ ਲੈਂਦਾ ਹੈ। ਉਹ ਕਦੇ ਇਹ ਨਹੀਂ ਸੋਚਦਾ ਕਿ ਜਿਵੇਂ ਉਸ ਨੇ ਕਿਸੇ ਹੋਰ ਦੇ ਪੱਥਰ ਉਖਾੜ ਦਿੱਤੇ ਹਨ, ਉਸ ਦੇ ਮਗਰੋਂ ਆਉਣ ਵਾਲੇ ਲੋਕ ਵੀ ਇਸੇ ਪ੍ਰਕਾਰ ਕਰਨਗੇ। ਕਵੀ ਨੇ ਜੀਵਨ ਦੇ ਇਸ ਵਿਸੰਗਤ (absurd) ਵਰਤਾਰੇ ਨੂੰ ਆਪਣੀ ਇਕ ਕਵਿਤਾ ਵਿਚ ਬੜੀ ਸਫ਼ਲਤਾ ਨਾਲ ਪਕੜਿਆ ਅਤੇ ਪੇਸ਼ ਕੀਤਾ ਹੈ। ਦੇਖੋ:

ਕਿਸ ਲਈ ਪਿੱਛੇ ਛੱਡ ਰਿਹਾ ਹੈਂ
ਸਿਰਨਾਵਿਆਂ ਨੂੰ ਤੂੰ
ਤੇਰਾ ਨਾ ਘਰ ਆਪਣਾ ਹੈ
ਨਾ ਸਾਜ਼ੋ-ਸਾਮਾਨ ਆਪਣਾ ਹੈ
ਤੇਰਾ ਤਾਂ ਕੁਝ ਵੀ ਨਹੀਂ ਆਪਣਾ
ਨਾ ਦੁਨੀਆਂ, ਨਾ ਜਹਾਨ ਆਪਣਾ ਹੈ
ਖ਼ਾਲੀ ਘਰਾਂ ਦੇ ਦਰਾਂ 'ਤੇ ਕੌਣ ਦਸਤਕ ਦਿੰਦਾ ਹੈ।
ਕੌਣ ਅੱਥਰੂ ਕੇਰਦਾ ਹੈ
ਘਰਾਂ, ਕੰਧਾਂ ਦੀ ਉਦਾਸੀ ਜਾਣ ਕੇ
ਕੌਣ ਵੱਸਦਾ ਹੈ ਉੱਜੜੇ ਘਰਾਂ 'ਚ ਆਣ ਕੇ
ਗੁਜ਼ਾਰੀ ਸਾਰੀ ਹਯਾਤੀ ਇਕੱਠੀ ਕਰਦਿਆਂ
ਕੁਝ ਵੀ ਤੇਰਾ ਨਹੀਂ ਸੀ
ਹੁਣ ਯਾਦ ਕਰ ਕੇ ਕੀ ਕਰੇਂਗਾ ਤੂੰ
ਆਪਣਾ ਲਿਖਿਆ ਕਿੰਝ ਪੜ੍ਹੇਂਗਾ ਤੂੰ!

o

ਅੰਤ ਉਦਾਸੀ ਹੀ ਉਦਾਸੀ ਹੈ ਤੇਰੇ ਜਾਣ ਤੋਂ ਪਿੱਛੋਂ
ਤੇਰੇ ਆਉਣ ਤੋਂ ਪਹਿਲਾਂ, ਤੇਰਾ ਜੋ ਕੁਝ ਵੀ ਸੀ
ਉਦਾਸੀ ਦਾ ਸੰਸਾਰ ਸੀ
ਉਦਾਸੀ ਹੀ ਤੇਰੇ ਘਰ ਦੀ ਰੌਣਕ
ਵਿਹੜੇ ਦੀ ਬਹਾਰ ਸੀ
ਜਿਉਂਦੇ ਜੀਅ ਭਾਲਦਾ ਰੌਣਕਾਂ ਰਿਹਾ
ਮਰ ਕੇ, ਉਦਾਸੀ ਯਾਦ ਕਰ ਕੇ
ਕੀ ਕਰੇਂਗਾ ਤੂੰ ?
ਆਪਣਾ ਲਿਖਿਆ, ਆਪ ਹੀ
ਕਿੰਝ ਪੜ੍ਹੇਂਗਾ ਤੂੰ! (ਕਿੰਝ ਪੜ੍ਹੇਂਗਾ)

'ਭਰਮ ਸੀ ਸ਼ਹਿਰ', 'ਤੁਰਦਾ ਰਾਹ', 'ਕੁਝ ਨਹੀਂ', 'ਅੱਥਰੂ ਦੀ ਮੌਤ', 'ਮਿੱਟੀ ਤੇ ਸ਼ਮ੍ਹਾ', 'ਤਕਸੀਮ', 'ਦਰਪਣ ਤੇ ਚਿਹਰਾ' ਇਸ ਕਾਵਿ-ਸੰਗ੍ਰਹਿ ਦੀਆਂ ਕੁਝ ਹੋਰ ਮਹੱਤਵਪੂਰਨ ਕਵਿਤਾਵਾਂ ਹਨ। ਕਵੀ ਨੇ ਇਹਨਾਂ ਰਚਨਾਵਾਂ ਵਿਚ ਆਧੁਨਿਕ ਜੀਵਨ ਵਿਚੋਂ ਪ੍ਰਾਪਤ ਹੋਏ ਬੋਧ ਦੇ ਵਿਭਿੰਨ ਧਰਾਤਲਾਂ ਨੂੰ ਬੜੀ ਪ੍ਰਮਾਣਿਕਤਾ ਸਹਿਤ ਪਕੜਿਆ ਤੇ ਚਿਤਰਿਆ ਹੈ।

# 19. ਤ੍ਰੈਕਾਲ (2012)

'ਤ੍ਰੈਕਾਲ' ਵਿਚ ਕਵੀ ਦੀਆਂ 30 ਕਵਿਤਾਵਾਂ ਸੰਗ੍ਰਹਿਤ ਹਨ। ਇਸ ਸੰਗ੍ਰਹਿ ਦੀ ਪਹਿਲੀ ਕਵਿਤਾ ਵਿਚ ਕਵੀ ਆਪਣੇ ਰੂਪਾਂਤਰਣ ਦੀ ਪ੍ਰਕਿਰਿਆ ਨੂੰ ਬਿਆਨ ਕਰਦਾ ਹੈ। ਉਸ ਅਨੁਸਾਰ ਕਿਸੇ ਅਦਿੱਖ ਸ਼ਕਤੀ (ਪਰਮਾਤਮਾ) ਨੇ ਉਸ ਦੇ ਅੰਤਹਕਰਣ ਨੂੰ ਧੋ-ਸੰਵਾਰ ਕੇ ਵਿਕਾਰਾਂ ਦੀ ਮਲੀਨਤਾ ਤੋਂ ਮੁਕਤ ਕਰ ਦਿੱਤਾ ਹੈ। ਉਹ ਅਦਿੱਖ ਸ਼ਕਤੀ ਚਿੱਕੜ ਵਿਚੋਂ ਕੰਵਲ ਉਗਾ ਸਕਦੀ ਹੈ ਅਤੇ ਪੱਥਰ ਦੇ ਬੇਡੌਲ ਟੁਕੜਿਆਂ ਨੂੰ ਕਲਾ ਦੇ ਸੁੰਦਰ ਮੁਜੱਸਮਿਆਂ ਵਿਚ ਤਬਦੀਲ ਕਰ ਸਕਦੀ ਹੈ। ਉਸ ਦੀ ਅਦਭੁੱਤ ਲੀਲ੍ਹਾ ਦਾ ਵਰਣਨ ਕਰਦਾ ਹੋਇਆ ਕਵੀ ਲਿਖਦਾ ਹੈ:

ਉਹ ਕਦੀ ਮੈਨੂੰ ਤਾਰਿਆਂ ਦੀ ਛਾਂ ਹੇਠ ਲੈ ਜਾਂਦਾ
ਕਦੀ ਸੂਰਜ ਦੇ ਸ਼ੀਸ਼ੇ 'ਚ ਸੇਕਦਾ
ਜਿਉਂ-ਜਿਉਂ ਉਹ ਮੈਨੂੰ ਤਪਾਉਂਦਾ ਉਬਾਲਦਾ
ਮੇਰੇ 'ਚੋਂ ਮੇਰਾ ਮੈਲਾ ਉਤਾਰਦਾ
ਉਹ ਸੁਹਾਗਾ ਸੋਨੇ ਨੂੰ ਨਿਖਾਰਦਾ

o

ਉਹ ਮੈਨੂੰ ਦੇਹ ਦੀ ਸਮੱਗਰੀ, ਵਸਤੂ ਸੰਸਾਰ
ਤੇ ਮੈਨੂੰ ਆਪਣੇ ਆਪ ਤੋਂ ਦੂਰ ਕਰਦਾ ਗਿਆ
ਤੇ ਮੇਰੇ ਆਪੇ 'ਚ ਮਿੱਟੀ ਦੀ ਤਾਸੀਰ ਜ਼ਮੀਰ
ਤੇ ਸੁਗੰਧ ਧਰਦਾ ਗਿਆ
ਦੇਹ, ਲਹੂ, ਚਿਹਰੇ ਦੀ ਕਸ਼ਿਸ਼, ਸਾਹਾਂ ਦੀ ਤ੍ਰਿਸ਼ਨਾ
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ
ਪਟਕਾ ਪਟਕਾ ਕੇ ਪੱਥਰ 'ਤੇ
ਮੇਰੀ ਚੇਤਨਾ 'ਚੋਂ ਮਨਫ਼ੀ ਕਰਦਾ ਗਿਆ।

o

ਮੈਂ ਜਦੋਂ, ਦੇਹ ਤੇ ਪ੍ਰਾਣ ਬਿਨਾਂ ਨੂਰ ਹੋ ਗਿਆ
ਉਹ ਮੈਨੂੰ ਬੋਲਿਆ: ਹੁਣ ਤੂੰ ਸ਼ੁੱਧ ਹੈਂ

ਦੁਨੀਆਂ ਦੇ ਮੋਹ ਮਾਇਆ ਤੋਂ ਦੂਰ ਹੈਂ
ਮੈਂ ਆਪਣਾ ਹਿਰਦਾ ਤੇਰੇ ਲਈ ਖੋਲ੍ਹ ਸਕਦਾ ਹਾਂ
ਤੇਰੇ 'ਚ ਰਹਿ, ਤੁਰ ਤੇ ਬੋਲ ਸਕਦਾ ਹਾਂ। (ਨੂਰ ਦਾ ਸਾਗਰ)

'ਪਿੰਜਰਾ' ਨਾਮ ਦੀ ਕਵਿਤਾ ਵਿਚ ਕਵੀ ਨੇ ਮਨੁੱਖੀ ਸਭਿਆਚਾਰ ਨੂੰ ਇਕ ਅਜਿਹੇ ਪਿੰਜਰੇ ਦੇ ਰੂਪਕ ਦੁਆਰਾ ਪੇਸ਼ ਕੀਤਾ ਹੈ ਜਿਸ ਵਿਚੋਂ ਮਨੁੱਖ ਆਪਣੀ ਮਨੁੱਖਤਾ ਹਾਸਲ ਕਰਦਾ ਹੈ। ਕਵੀ ਦਾ ਵਿਚਾਰ ਹੈ ਕਿ ਜੇ ਇਹ ਪਿੰਜਰਾ ਨਾ ਹੋਵੇ ਤਾਂ ਮਨੁੱਖ ਇਕ ਅਸੱਭਯ ਅਤੇ ਜੰਗਲੀ ਪਸ਼ੂ ਬਣ ਜਾਵੇ। ਮਨੁੱਖੀ ਜੀਵਨ ਇਕ ਪਿੰਜਰੇ ਤੋਂ ਅਗਲੇ ਪਿੰਜਰੇ ਤਕ ਦਾ ਸਫ਼ਰ ਹੈ। ਮਨੁੱਖੀ ਦੇਹੀ ਉਸ ਦੀ ਆਤਮਾ ਦਾ ਇਕ ਪਿੰਜਰਾ ਹੈ। ਜੇ ਇਹ ਪਿੰਜਰਾ ਨਾ ਹੋਵੇ ਤਾਂ ਆਤਮਾ ਫ਼ਿਜ਼ਾਵਾਂ ਵਿਚ ਵਿਲੀਨ ਹੋ ਜਾਵੇ ਅਤੇ ਮਨੁੱਖ ਦਾ ਜੀਵਨ ਖ਼ਤਮ ਹੋ ਜਾਵੇ। ਕਵੀ ਅਨੁਸਾਰ ਬੀਜ ਦਾ ਫ਼ਲ, ਹਵਾ ਦਾ ਵੇਗ, ਅਗਨੀ ਦਾ ਤੇਜ ਅਤੇ ਮੌਸਮਾਂ ਦੇ ਗੁਲਜ਼ਾਰ ਆਦਿ ਸਭ ਸ਼ਕਤੀਆਂ ਕਿਸੇ ਨਾ ਕਿਸੇ ਪਿੰਜਰੇ ਵਿਚ ਹੀ ਸਥਿਤ ਰਹਿੰਦੀਆਂ ਹਨ ਅਤੇ ਜੇ ਇਹਨਾਂ ਸ਼ਕਤੀਆਂ ਦੇ ਆਲੇ-ਦੁਆਲੇ ਪਿੰਜਰੇ ਨਾ ਹੋਣ ਤਾਂ ਇਹ ਸਭ ਇਧਰ-ਉਧਰ ਡੁੱਲ੍ਹ ਜਾਣ। ਕਵੀ ਜੀਵਨ ਦੇ ਵਿਭਿੰਨ ਪਿੰਜਰਿਆਂ ਦੀ ਹਕੀਕਤ ਨੂੰ ਬਿਆਨ ਕਰਦਾ ਹੋਇਆ ਲਿਖਦਾ ਹੈ:

ਪਿੰਜਰੇ 'ਚ ਅਦਬ ਹੈ
ਆਜ਼ਾਦੀ ਦਾ ਅਰਥ ਹੈ
ਆਗ਼ਾਜ਼ ਹੈ, ਹਸ਼ਰ ਹੈ
ਪਿੰਜਰੇ 'ਚ ਹੀ ਜੰਗਲ ਸ਼ਹਿਰ ਦਾ ਰੂਪ ਧਾਰਦਾ ਹੈ
ਸਭਿਅ ਅਨੁਸ਼ਾਸਨ ਸਿਰਜਦਾ ਹੈ, ਉਸਾਰਦਾ ਹੈ
ਪਿੰਜਰੇ 'ਚ ਹਰ ਸ਼ੈਅ ਭੈਅ 'ਚ ਵਗਦੀ ਹੈ
ਪਿੰਜਰਾ ਸਭਿਆਚਾਰ, ਸਭਿਅਤਾ, ਸੰਸਕ੍ਰਿਤੀ ਦੀ ਕੁੱਖ ਹੈ
ਪਿੰਜਰਾ ਕਿਰਦਾਰ ਦਾ ਸੋਮਾ ਹੈ
ਜੰਗਲੀ ਪੌਣ ਜਦ ਪਿੰਜਰੇ 'ਚ ਪੈਂਦੀ ਹੈ
ਤਾਂ ਸਭਿਅਕ ਵੇਗ ਲੱਗਦੀ ਹੈ
ਜਾਨਵਰ ਪਿੰਜਰੇ 'ਚ ਹੀ ਮਨੁੱਖੀ ਭਾਸ਼ਾ ਬੋਲਦਾ ਹੈ
ਪਿੰਜਰਾ ਨਿਰੀ ਕੈਦ ਹੀ ਨਹੀਂ
ਜੀਵਨ 'ਚ ਸੁਖ, ਸ਼ਾਂਤੀ, ਅਮਨ ਬਹਾਲੀ ਦਾ ਸੋਮਾ ਹੈ...
ਪਿੰਜਰਾ ਸੁਤੰਤਰਤਾ ਜਨਮਦਾ ਹੈ
ਸੁਤੰਤਰਤਾ ਦੇ ਅਰਥ ਸਿਖਾਉਂਦਾ ਹੈ।

o

ਜੇ ਜ਼ਿੰਦਗੀ 'ਚੋਂ ਪਿੰਜਰਾ ਮਨਫ਼ੀ ਹੋ ਜਾਏ
ਜ਼ਿੰਦਗੀ, ਆਵਾਰਗੀ, ਦਰਿੰਦਗੀ
ਜੰਗਲੀਪਣ ਦਾ ਰੂਪ ਬਣ ਜਾਏ
ਹਰ ਆਦਮੀ ਵਹਿਸ਼ੀ ਹੈਵਾਨ ਬਣ ਜਾਏ
ਅਮਨ, ਸ਼ਾਂਤੀ, ਸੁਖ ਤੇ ਆਰਾਮ
ਜ਼ਿੰਦਗੀ ਦਾ ਬੇਆਰਾਮ ਹੋ ਜਾਏ
ਜ਼ਿੰਦਗੀ ਨਰਕ ਹੋ ਜਾਏ,
ਕਬਰਸਤਾਨ ਹੋ ਜਾਏ। (ਪਿੰਜਰਾ)

ਆਧੁਨਿਕ ਵਿਅਕਤੀ ਲਈ ਪਹਿਚਾਣ (identity) ਦਾ ਸੰਕਲਪ ਵਿਸ਼ੇਸ਼ ਮਹੱਤਵ ਰੱਖਦਾ ਹੈ। ਉਹ ਤਮਾਮ ਉਪਰ ਆਪਣੀ ਵਿਲੱਖਣ ਪਹਿਚਾਣ ਬਣਾਉਣ ਲਈ ਪ੍ਰਯਤਨਸ਼ੀਲ ਰਹਿੰਦਾ ਹੈ। ਕੋਈ ਕਾਰਜ-ਵਿਸ਼ੇਸ਼ ਕਰਨ ਨਾਲ ਜੇ ਕਿਸੇ ਵਿਅਕਤੀ ਦੀ ਪਹਿਚਾਣ ਬਣ ਜਾਂਦੀ ਹੈ ਤਾਂ ਉਹ ਅਤਿਅੰਤ ਪ੍ਰਸੰਨ ਅਤੇ ਮੁਤਮਈਨ ਹੋ ਜਾਂਦਾ ਹੈ। ਪਰ ਹਰ ਮਨੁੱਖ ਨੂੰ ਕੋਈ ਕਾਰਜ-ਵਿਸ਼ੇਸ਼ ਕਰਨ ਦਾ ਸੁਅਵਸਰ ਨਹੀਂ ਮਿਲਦਾ। ਸੋ ਉਹ ਅਣਗੌਲਿਆ ਅਤੇ ਬੇਪਹਿਚਾਣਿਆ ਬਣਿਆ ਰਹਿ ਜਾਂਦਾ ਹੈ। ਇਸ ਸਥਿਤੀ ਵਿਚ ਉਹ ਕਾਫ਼ੀ ਫ਼ਿਕਰਮੰਦ (anxious) ਹੋ ਜਾਂਦਾ ਹੈ। ਪਹਿਚਾਣ ਦੇ ਨਾਲ ਫ਼ਿਕਰ (anxiety) ਵੀ ਜੁੜੀ ਰਹਿੰਦੀ ਹੈ। ਬਹੁਤ ਸਾਰੇ ਲੋਕ ਆਪਣੀ ਪਹਿਚਾਣ ਸਥਾਪਿਤ ਕਰਨ ਲਈ ਅਨੁਭਵ ਨੂੰ ਵਿਸ਼ਾਲ ਕਰਨ ਦੀ ਕੋਸ਼ਿਸ਼ ਵਿਚ ਰੁੱਝੇ ਰਹਿੰਦੇ ਹਨ। ਅਨੁਭਵ ਵਿਚ ਵਿਸ਼ਾਲਤਾ ਲਿਆਉਣ ਲਈ ਕੁਝ ਲੋਕ ਭ੍ਰਮਣ ਕਰਦੇ ਹਨ। ਬੇਸ਼ੱਕ ਭ੍ਰਮਣ ਦੁਆਰਾ ਅਨੁਭਵ ਵਿਸ਼ਾਲ ਹੋ ਜਾਂਦਾ ਹੈ ਪਰ ਜ਼ਰੂਰੀ ਨਹੀਂ ਕਿ ਇਸ ਨਾਲ ਤੁਹਾਡੀ ਵਿਲੱਖਣ ਪਹਿਚਾਣ ਵੀ ਬਣ ਜਾਏ। ਇਸ ਸਮੱਸਿਆ ਦੇ ਰੂਬਰੂ ਹੁੰਦਾ ਹੋਇਆ ਕਵੀ ਲਿਖਦਾ ਹੈ:

ਮੇਰੇ ਭ੍ਰਮਣ 'ਚ ਜੋ ਕੁਝ ਵੀ ਆਇਆ ਹੈ
ਨਾ ਮੈਂ ਉਸ ਦੀ ਪਹਿਚਾਣ ਹੋਇਆ ਹਾਂ
ਨਾ ਉਹ ਮੇਰੀ ਪਹਿਚਾਣ ਹੋਇਆ ਹੈ
ਇਕ ਓਹਲਾ, ਇਕ ਕੰਧ
ਮੇਰੇ ਤੇ ਉਹਦੇ ਵਿਚਾਲੇ ਰਹੀ ਹੈ।...

o

ਦੁਨੀਆਂ ਭ੍ਰਮਣ ਪਿੱਛੋਂ ਜਦੋਂ ਮੈਂ ਆਪਣੇ ਘਰ ਪਰਤਿਆ
ਆਪਣੇ ਘਰ ਨੂੰ ਨੁਹਾਇਆ
ਧੋਇਆ, ਸੀਤਾ, ਪੂੰਝਿਆ, ਸਵਾਰਿਆ
ਤੇ ਵਿਹੜੇ 'ਚ ਇਕ ਮਘਦਾ ਸੂਰਜ ਉਤਾਰ੍ਹਿਆ
ਘਰ ਦੇ ਬੂਹੇ 'ਚੋਂ ਮੈਨੂੰ ਆਪਣਾ ਚਿਹਰਾ ਨਜ਼ਰ ਆਇਆ

ਘਰ ਦੀਆਂ ਕੰਧਾਂ 'ਤੇ ਮੇਰੇ ਨਕਸ਼ ਮੇਰੇ ਅੰਗ ਚਿਪਕੇ ਸਨ
ਘਰ ਦੇ ਫ਼ਰਸ਼ 'ਤੇ ਮੇਰੇ ਪੈਰ ਝਾਕਦੇ ਸਨ
ਘਰ ਦੇ ਬੂਹੇ ਬਾਰੀਆਂ ਮੇਰੀ ਬੋਲ ਬਾਣੀ ਉਚਾਰਦੇ ਸਨ
ਘਰ ਦੀ ਛੱਤ 'ਚੋਂ ਮੇਰਾ ਸੀਸ ਦਿਸਦਾ ਸੀ
ਘਰ ਦਾ ਵਿਹੜਾ ਮੇਰੇ ਖਿੱਲਰੇ ਅੰਗਾਂ ਤੇ ਨਕਸ਼
ਇਕੱਠੇ ਕਰ, ਮੇਰਾ ਪੂਰਾ ਵਜੂਦ ਸਿਰਜਦਾ ਸੀ।
ਮੇਰੀਆਂ ਅੱਖਾਂ 'ਚ ਉਤਾਰਦਾ ਸੀ
ਘਰ 'ਚੋਂ ਮੇਰੀ ਪਹਿਚਾਣ ਝਾਕਦੀ ਸੀ
ਮੇਰੀ ਪਹਿਚਾਣ 'ਚੋਂ ਘਰ ਝਾਕਦਾ ਸੀ। (ਪਹਿਚਾਣ)

ਇਉਂ ਕਵੀ ਦੱਸਦਾ ਹੈ ਕਿ ਹਰ ਵਿਅਕਤੀ ਦੀ ਪਹਿਚਾਣ ਉਸ ਦੇ ਆਪਣੇ ਘਰ ਨਾਲ ਜੁੜੀ ਰਹਿੰਦੀ ਹੈ। ਜਨਮ ਤੋਂ ਲੈ ਕੇ ਵੱਡਾ ਹੋਣ ਤਕ ਵਿਅਕਤੀ ਦੀਆਂ ਅਨੇਕ ਯਾਦਾਂ ਉਸ ਦੇ ਘਰ ਨਾਲ ਜੁੜਦੀਆਂ ਜਾਂਦੀਆਂ ਹਨ। ਇਹ ਯਾਦਾਂ ਹੀ ਉਸ ਦੀ ਪਹਿਚਾਣ ਦਾ ਮੂਲ ਆਧਾਰ ਬਣਦੀਆ ਹਨ। ਬੇਘਰੇ ਹੋਣ ਦਾ ਅਹਿਸਾਸ ਵਿਅਕਤੀ ਨੂੰ ਬੇਪਹਿਚਾਣ ਵੀ ਬਣਾ ਦਿੰਦਾ ਹੈ। ਜਿਹੜੇ ਲੋਕਾਂ ਨੂੰ ਪਰਵਾਸ ਹੰਢਾਉਣ ਲਈ ਜਾਂ ਕਿਸੇ ਹੋਰ ਮਜਬੂਰੀ ਦੇ ਕਾਰਨ ਆਪਣੇ ਘਰ ਤਿਆਗਣੇ ਪੈਂਦੇ ਹਨ, ਉਹਨਾਂ ਦੀ ਪਹਿਚਾਣ ਗੁੰਮ ਹੋ ਜਾਂਦੀ ਹੈ। ਪਰਵਾਸੀ ਲੋਕਾਂ ਵਿਚ ਪਹਿਚਾਣ ਦਾ ਸੰਕਟ ਇਸੇ ਕਾਰਨ ਪੈਦਾ ਹੁੰਦਾ ਹੈ।

ਇਸ ਸੰਗ੍ਰਹਿ ਦੀ ਇਕ ਹੋਰ ਪ੍ਰਭਾਵਸ਼ਾਲੀ ਕਵਿਤਾ ਉਹਨਾਂ ਬੱਚਿਆਂ ਦੇ ਦੁਖਾਂਤ ਨਾਲ ਸੰਬੰਧਿਤ ਹੈ ਜਿਹੜੇ ਨਾਜਾਇਜ਼ ਰਿਸ਼ਤਿਆਂ ਵਿਚੋਂ ਜਨਮਦੇ ਅਤੇ ਹਰਾਮੀ ਹੋਣ ਦੇ ਸੰਤਾਪ ਨੂੰ ਝੇਲਣ ਲਈ ਬੇਬੱਸ ਹੁੰਦੇ ਹਨ। ਕਵੀ ਇਹਨਾਂ ਬੱਚਿਆਂ ਦੇ ਦਰਦ ਨੂੰ ਬਿਆਨ ਕਰਦਾ ਹੈ। ਦੇਖੋ:

ਸ਼ਹਿਰ 'ਚ ਅੱਜ ਵੀ ਉਹਨਾਂ ਲੋਕਾਂ ਦੇ ਬੁੱਤ
ਚੌਂਕਾਂ 'ਚ ਲੱਗੇ ਹਨ
ਜਿਨ੍ਹਾਂ ਦੇ ਵੀਰਯ ਤੇ ਕੁੱਖ ਦਾ ਵਜੂਦ ਸੀ ਉਹ
ਜਿਨ੍ਹਾਂ ਦੇ ਲਹੂ ਤੇ ਸਾਹਾਂ 'ਚ ਮੌਜੂਦ ਸੀ ਉਹ
ਇਹ ਸਮਾਜ ਸੁਧਾਰਕ ਕਲਿਆਣਕਾਰੀ ਲੋਕ ਸਨ
ਜੋ ਸੜਕ ਨੇ ਆਪ ਵੇਖੇ ਸਨ
ਇਸ ਗੁਨਾਹ ਨੂੰ ਜਨਮ ਕੇ
ਉਹ ਆਪਣਾ ਚਿਹਰਾ ਦੁਨੀਆਂ ਤੋਂ ਛੁਪਾ ਸਕਦੇ ਸਨ
ਪਰ ਸੜਕ ਦੇ ਦਰਪਣ ਤੋਂ
ਆਪਣਾ ਅਕਸ ਮਿਟਾ ਨਹੀਂ ਸਨ ਸਕਦੇ। (ਸੜਕ ਦਾ ਜਾਇਆ)

# 20. ਤ੍ਰਿਵੇਣੀ (2012)

'ਤ੍ਰਿਵੇਣੀ' ਕਾਵਿ-ਸੰਗ੍ਰਹਿ ਵਿਚ ਕਵੀ ਦੀਆਂ 23 ਕਵਿਤਾਵਾਂ ਸੰਕਲਿਤ ਹਨ। 'ਪ੍ਰੇਮ ਖੇਲਣ ਕਾ ਚਾਉ' ਵਿਚ ਕਵੀ ਗੁਰੂ ਨਾਨਕ ਦੇਵ ਜੀ ਦੇ ਇਕ ਕਾਵਿ-ਕਥਨ ਨੂੰ ਉਧਰਿਤ ਕਰ ਕੇ ਲਿਖਦਾ ਹੈ ਕਿ ਪ੍ਰੇਮ ਕਰਨ ਵਾਲੇ ਵਿਅਕਤੀ ਨੂੰ ਆਪਣਾ ਸਿਰ ਤਲੀ ਉੱਤੇ ਧਰ ਕੇ ਮਹਿਬੂਬ ਦੀ ਗਲੀ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਦੁਨੀਆਂ ਨੂੰ ਪ੍ਰੇਮ ਕਰਨ ਵਾਲੇ ਦੀਵਾਨਿਆਂ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਪ੍ਰੇਮੀ ਲੋਕ ਸਮਾਜ ਅਤੇ ਸਭਿਆਚਾਰ ਦੀਆਂ ਸਥਾਪਿਤ ਕੀਮਤਾਂ ਨੂੰ ਵੰਗਾਰਨ ਲਈ ਉਤਾਰੂ ਰਹਿੰਦੇ ਹਨ। ਚਾਹੇ ਕੋਈ ਅਧਿਆਤਮਕ ਪ੍ਰੇਮੀ ਹੋਵੇ ਅਤੇ ਚਾਹੇ ਭੌਤਿਕ ਪ੍ਰੇਮੀ ਹੋਵੇ, ਉਹ ਆਪਣੀ ਜਾਨ ਦੀ ਪ੍ਰਵਾਹ ਨਹੀਂ ਕਰਦਾ ਬਲਕਿ ਹਰ ਸਮੇਂ ਜ਼ਿੰਦਗੀ ਨੂੰ ਨਿਛਾਵਰ ਕਰਨ ਲਈ ਤਤਪਰ ਰਹਿੰਦਾ ਹੈ। ਸਮਾਜ ਅਤੇ ਰਾਜਨੀਤਕ ਵਿਵਸਥਾ ਨੂੰ ਅਜਿਹੇ ਸਿਰਲੱਥ ਯੋਧਿਆਂ ਦੀ ਜ਼ਰੂਰਤ ਨਹੀਂ ਹੁੰਦੀ। ਇਹਨਾਂ ਸੰਸਥਾਵਾਂ ਨੂੰ ਆਗਿਆਕਾਰ, ਸਿਰ ਝੁਕਾ ਕੇ ਚੱਲਣ ਵਾਲੇ ਅਤੇ ਕਿਸੇ ਵੀ ਖੇਤਰ ਵਿਚ ਪਹਿਲ-ਕਦਮੀ ਨਾ ਕਰਨ ਵਾਲੇ ਕਾਇਰ ਅਤੇ ਸਮਝੌਤਾਵਾਦੀ ਵਿਅਕਤੀ ਚਾਹੀਦੇ ਹੁੰਦੇ ਹਨ। ਪਰ ਚਰਨ ਸਿੰਘ ਆਪਣੇ ਸਮਾਜ ਅਤੇ ਦੇਸ਼ ਵਿਚ ਜੁਰਅੱਤਮੰਦ ਅਤੇ ਨਾਬਰ ਵਿਅਕਤੀ ਦੇਖਣੇ ਚਾਹੁੰਦਾ ਹੈ। ਇਸੇ ਕਾਰਨ ਉਹ ਲਿਖਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥
ਉਹ ਕਬੀਰ ਦੇ ਬੋਲਾਂ ਦਾ ਸੱਚ ਪ੍ਰਗਟਾ ਗਿਆ
ਆਪਣੇ ਵਜੂਦ ਵਿਚਲੇ ਅੰਸ਼ ਦਾ ਸੱਚ ਪਾ ਗਿਆ।

(ਪ੍ਰੇਮ ਖੇਲਣ ਕਾ ਚਾਉ)

**ਨੋਟ:** ਉਕਤ ਸਲੋਕ ਕਬੀਰ ਦਾ ਨਹੀਂ, ਗੁਰੂ ਨਾਨਕ ਦੇਵ ਜੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰ. 1412 ਉਪਰ ਸੁਭਾਇਮਾਨ ਹੈ, ਭੁੱਲ ਲਈ ਖਿਮਾ!

ਬ੍ਰਹਿਮੰਡ ਦੇ ਰਹੱਸ ਨੂੰ ਬਿਆਨ ਕਰਦਾ ਹੋਇਆ ਕਵੀ ਲਿਖਦਾ ਹੈ ਕਿ ਸਿਰਜਣਾ 'ਤੇ ਬਿਨਸਣਾ ਸਾਡੇ ਜਗਤ ਦੇ ਬੁਨਿਆਦੀ/ਅਨਾਦਿ ਸਿਧਾਂਤ ਹਨ। ਜੀਵਨ-ਲੀਲ੍ਹਾ ਸਿਰਜਣਾ ਤੋਂ ਬਿਨਸਣ ਵੱਲ ਤੁਰਦੀ ਹੈ ਅਤੇ ਬਾਅਦ ਵਿਚ ਇਹੀ ਲੀਲ੍ਹਾ ਬਿਨਸਣ ਤੋਂ ਸਿਰਜਣ ਵੱਲ ਗਤੀਸ਼ੀਲ ਹੋ ਜਾਂਦੀ ਹੈ। ਅਸਲ ਵਿਚ ਮਨੁੱਖੀ ਜੀਵਨ ਦਾ ਮਾਡਲ ਵਿਕਾਸ਼ੀਲ (evolutionary) ਹੈ। ਇਸ ਉੱਤੇ ਚਾਹੇ ਜਿਤਨੀ ਮਰਜ਼ੀ ਬਦ-ਸ਼ਕਤੀਆਂ ਕਾਬਜ਼ ਹੋ ਜਾਣ, ਇਸ ਦੀ ਪ੍ਰਗਤੀ ਨੂੰ ਰੋਕਿਆ ਜਾਂ ਪਿੱਛੇ ਵੱਲ ਨਹੀਂ ਮੋੜਿਆ ਜਾ ਸਕਦਾ। ਸਮੇਂ-ਸਮੇਂ ਸਾਡੇ ਇਸ ਜਗਤ ਵਿਚ ਅਨੇਕ ਮਹਿਖਾਸੁਰ, ਸੁੰਭ-ਨਿਸ਼ੁੰਭ, ਰਾਵਣ, ਹਿਰਣਕਸ਼ਯਪ ਅਤੇ ਦੁਰਯੋਜਨ ਵਰਗੇ ਬਦ-ਸ਼ਕਤੀਆਂ ਦੇ ਪ੍ਰਤੀਕ ਪੈਦਾ ਹੋਏ ਪਰ ਉਹ ਇਸ ਜਗਤ ਨੂੰ ਮਲੀਆਮੇਟ ਨਹੀਂ ਕਰ ਸਕੇ। ਵਿਰੋਧ ਵਿਚੋਂ ਵਿਕਾਸ ਦਾ ਅਮਲ ਬਲਕਿ ਵਧੇਰੇ ਤਿੱਖੀ ਗਤੀ ਪਕੜ ਲੈਂਦਾ ਹੈ। ਇਸ ਪ੍ਰਸੰਗ ਵਿਚ ਕਵੀ ਦਾ ਇਕ ਅੰਦਾਜ਼ ਦੇਖੋ:

ਕੁਦਰਤ ਦਾ ਸਿਰਜਣਾ ਤੇ ਬਿਨਸਣਾ
ਸਿਧਾਂਤ ਹੈ
ਕਦੀ ਇਹ ਸਿਰਜਣਾ ਬਿਨਸਣ 'ਚੋਂ ਹੁੰਦੀ ਹੈ
ਕਦੀ ਇਹ ਬਿਨਸਣਾ ਸਿਰਜਣਾ 'ਚੋਂ ਹੁੰਦੀ ਹੈ
ਪਰ ਸੱਚ
ਸਿਰਜਣਾ ਤੋਂ ਬਿਨਸਣਾ ਵੱਲ ਤੁਰਦਾ ਵੀ ਸੱਚ ਹੈ
ਬਿਨਸਣਾ ਤੋਂ ਸਿਰਜਣਾ ਵੱਲ ਤੁਰਦਾ ਵੀ ਸੱਚ ਹੈ
ਸੱਚ ਨਾ ਬਿਨਸਣਾ ਹੈ ਨਾ ਸਿਰਜਣਾ ਹੈ
ਬਿਨਸਣਾ ਤੇ ਸਿਰਜਣਾ ਸਿਰਫ਼ ਵਜੂਦ ਦਾ ਸੱਚ ਹੈ
ਸੱਚ ਦਾ ਸੱਚ ਨਹੀਂ। **(ਸਿਰਜਣਾ ਤੇ ਬਿਨਸਣਾ)**

ਇਸ ਸੰਗ੍ਰਹਿ ਦੀ ਇਕ ਹੋਰ ਕਵਿਤਾ ਵਿਚ ਕਵੀ ਨੇ ਅਜਨਬੀਅਤ ਦੇ ਅਹਿਸਾਸ ਨੂੰ ਨਵੇਂ ਸੰਦਰਭ ਵਿਚ ਰੱਖ ਕੇ ਵੇਖਿਆ ਹੈ। ਇਹ ਠੀਕ ਹੈ ਕਿ ਅਜਨਬੀਅਤ ਕਿਸੇ ਸੰਵੇਦਨਸ਼ੀਲ ਮਨੁੱਖ ਦੇ ਮਨ ਵਿਚ ਵਿਆਕੁਲਤਾ ਭਰ ਦਿੰਦੀ ਹੈ। ਉਸ ਦੇ ਮਨ ਦੀ ਸ਼ਾਂਤੀ ਅਤੇ ਸਕੂਨ ਨੂੰ ਹਰ ਲੈਂਦੀ ਹੈ ਪਰ ਜੇ ਮਨੁੱਖ ਦੇ ਮਨ ਵਿਚ ਇਹ ਅਹਿਸਾਸ ਪੈਦਾ ਹੀ ਨਾ ਹੋਵੇ ਤਾਂ ਉਹ ਜੜ੍ਹਤਾ ਅਤੇ ਖੜੋਤ ਦਾ ਸ਼ਿਕਾਰ ਹੋ ਜਾਂਦਾ ਹੈ। ਅਜਨਬੀਅਤ ਮਨੁੱਖ ਨੂੰ ਕੁਝ ਨਵਾਂ ਕਰਨ ਦੀ ਪ੍ਰੇਰਨਾ ਦਿੰਦੀ ਹੈ। ਉਸ ਅੰਦਰ ਪਈਆਂ ਲੁਪਤ ਸੰਭਾਵਨਾਵਾਂ ਨੂੰ ਉਜਾਗਰ ਕਰਦੀ ਹੈ। ਕਵੀ ਲਿਖਦਾ ਹੈ:

ਹੁਣ ਨਵੀਆਂ ਦਿਸ਼ਾਵਾਂ, ਮੰਜ਼ਿਲਾਂ ਲਈ
ਭਟਕਦਾ ਹੈ ਮਨ

ਨਵੀਆਂ ਪੌਣਾਂ, ਨਵੀਆਂ ਖ਼ੁਸ਼ਬੂਆਂ
ਲਈ ਤਰਸਦਾ ਹੈ ਮਨ
ਛੱਡ ਪੁਰਾਣੇ ਰਿਸ਼ਤਿਆਂ ਦਾ ਮੋਹ
ਤਿਆਗ ਪੁਰਾਣੇ ਚਿਹਰਿਆਂ ਦਾ ਖੋਲ
ਨਵੇਂ ਪੁੰਗਰਦੇ ਰਿਸ਼ਤਿਆਂ ਵੱਲ ਚੱਲ
ਤਬਦੀਲੀ ਦੀ ਲੋੜ ਹੈ
ਜੀਵਨ 'ਚ ਨਵੀਨਤਾ ਦਾ ਦੌਰ ਹੈ।

o

ਨਵੀਆਂ ਨਜ਼ਰਾਂ ਨਾਲ
ਨਵੀਆਂ ਨਦੀਆਂ ਤਰੇਂਗਾ ਤੂੰ
ਨਜ਼ਰਾਂ ਦੇ ਰਾਹੀਂ ਨਦੀਆਂ ਦੇ ਦਿਲ 'ਚ
ਉਤਰੇਂਗਾ ਤੂੰ
ਨਵੀਆਂ ਮੁਸਕਾਨਾਂ ਬੁੱਲ੍ਹਾਂ 'ਚ ਉਗਾ
ਨਵੀਆਂ ਪੀੜਾਂ, ਨਵਾਂ ਦਰਦ ਹੰਢਾਅ
ਕੁਝ ਪਲਾਂ ਲਈ ਅਜਨਬੀ ਦਾ ਅਜਨਬੀ
ਰਹੇਂਗਾ ਤੂੰ
ਇਕ ਦੂਜੇ ਦੇ ਸਾਹ ਹੋ ਜਾਏਂਗਾ ਤੂੰ। (ਅਜਨਬੀ)

ਚਰਨ ਸਿੰਘ ਚਾਹੁੰਦਾ ਹੈ ਕਿ ਪੂੰਜੀਵਾਦੀ ਯੁਗ ਦੇ ਲੋਕ ਆਪਣੇ ਆਪ ਵਿਚ ਸਿਮਟੇ ਅਤੇ ਇਕ-ਦੂਜੇ ਤੋਂ ਤਕਸੀਮੇ ਨਾ ਰਹਿਣ ਬਲਕਿ ਇਕ-ਦੂਜੇ ਦੇ ਦੁੱਖ-ਸੁਖ ਦੇ ਭਾਈਵਾਲ ਬਣਨ। ਉਹ ਇਸ ਨੂੰ ਘਰਾਂ ਦੀ ਅੰਤਰ-ਕਿਰਿਆ ਦਾ ਨਾਮ ਦਿੰਦਾ ਹੈ। ਮੱਧਕਾਲੀਨ ਸਮਾਜ ਵਿਚ ਪਿੰਡ ਦੇ ਸਾਰੇ ਘਰ ਇਕ-ਦੂਜੇ ਨਾਲ ਜੁੜੇ ਹੁੰਦੇ ਸਨ। ਹਰ ਕੋਈ ਵੰਡ ਕੇ ਛਕਣ ਦਾ ਆਦੀ ਹੁੰਦਾ ਸੀ। ਦੁੱਧ, ਘਿਉ, ਲੱਸੀ, ਸਬਜ਼ੀਆਂ, ਮੰਜੇ, ਬਿਸਤਰੇ ਅਤੇ ਇਥੋਂ ਤਕ ਕਿ ਕੱਪੜੇ-ਲੀੜੇ ਵੀ ਸਭ ਦੇ ਸਾਂਝੇ ਹੁੰਦੇ ਸਨ। ਜਿਨ੍ਹਾਂ ਦੇ ਘਰਾਂ ਵਿਚ ਦੁੱਧ-ਘਿਉ ਨਹੀਂ ਸੀ ਹੁੰਦਾ, ਉਹ ਆਪਣੇ ਹਮਸਾਇਆਂ ਤੋਂ ਮੰਗ ਲੈਂਦੇ ਸਨ। ਕਿਸੇ ਦੇ ਘਰ ਅਚਾਨਕ ਮਹਿਮਾਨ ਆ ਜਾਣ ਤਾਂ ਗੁਜ਼ਾਰੇ ਜੋਗੇ ਮੰਜੇ-ਬਿਸਤਰੇ ਉਸ ਨੂੰ ਆਪਣੇ ਗੁਆਂਢੀਆਂ ਤੋਂ ਮਿਲ ਜਾਂਦੇ ਸਨ। ਵਿਆਹ-ਸ਼ਾਦੀ 'ਤੇ ਜਾਣ ਲਈ ਲੋਕ ਪਗੜੀਆਂ, ਕੋਟ, ਕਮੀਜ਼ਾਂ, ਪਜਾਮੇ ਇਧਰੋਂ-ਉਧਰੋਂ ਮੰਗ ਲੈਂਦੇ ਸਨ। ਪਰ ਪੂੰਜੀਵਾਦੀ ਯੁਗ ਵਿਚ ਨਾ ਤਾਂ ਕੋਈ ਸ਼ਖ਼ਸ ਕਿਸੇ ਤੋਂ ਕੁਝ ਮੰਗਦਾ ਹੈ ਅਤੇ ਨਾ ਹੀ ਕੋਈ ਦਿੰਦਾ ਹੈ। ਇਸ ਸੂਰਤ ਵਿਚ ਲੋਕਾਂ ਨੇ ਆਪਣੇ-ਆਪਣੇ ਘਰਾਂ ਵਿਚ ਚੀਜ਼ਾਂ-ਵਸਤਾਂ ਦੇ ਅੰਬਾਰ ਇਕੱਠੇ ਕਰ ਲਏ ਹਨ। ਹਰ ਇਕ ਘਰ ਬੇਲੋੜੇ ਸਾਮਾਨ ਨਾਲ ਅੱਟਿਆ ਪਿਆ ਹੈ ਅਤੇ ਘਰ ਵਾਲਿਆਂ ਨੂੰ ਰਹਿਣ ਲਈ ਕੋਈ ਥਾਂ ਨਹੀਂ ਲੱਭਦੀ। ਇਸ

ਮੰਜ਼ਿਰ ਨੂੰ ਬਿਆਨ ਕਰਦਾ ਹੋਇਆ ਕਵੀ ਲਿਖਦਾ ਹੈ:

ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹੋ
ਤੇ ਦੂਜਾਂ ਘਰਾਂ ਨੂੰ ਅੰਦਰ ਆਉਣ ਦਿਉ
ਆਪਣੇ ਘਰਾਂ ਦੀਆਂ ਕੰਧਾਂ ਨੂੰ ਤੁਰਨ ਦਿਉ
ਬਾਹਰ ਨਿਕਲਣ ਦਿਉ
ਦੂਜਿਆਂ ਘਰਾਂ ਦੀਆਂ ਕੰਧਾਂ ਨੂੰ
ਆਪਣੇ ਘਰਾਂ ਦੇ ਅੰਦਰ ਆਉਣ ਦਿਉ
ਵਿਹੜਿਆਂ ਨੂੰ ਵਿਹੜਿਆਂ ਨਾਲ
ਛੱਤਾਂ ਨੂੰ ਛੱਤਾਂ ਨਾਲ
ਆਪਣੇ ਆਪ ਨੂੰ ਦੂਜਿਆਂ ਨਾਲ ਬਦਲੋ
ਆਪਣਾ ਆਪ ਸਮਝੋਗੇ
ਜੀਵਨ ਧਰਾਤਲ ਤੇ ਜੀਵਨ ਦਾ ਸੱਚ ਜਾਣੋਗੇ।...

o

ਜੇ ਤੁਸੀਂ ਇੱਟ ਦਾ ਜਵਾਬ ਪੱਥਰ ਨਾਲ ਦਿੰਦੇ ਹੋ
ਤਾਂ ਭੁੱਲ ਜਾਉ ਤੁਸੀਂ ਦੂਜਿਆਂ ਲਈ
ਮਹਿਕਾਂ, ਰੰਗ ਜਾਂ ਸੁਖ ਬੀਜਦੇ ਹੋ
ਜੀਵਨ ਦਾ ਸੱਚ ਜਾਂ ਪ੍ਰਯੋਜਨ ਸਮਝਦੇ ਹੋ।

o

ਬਰਸਾਤਾਂ 'ਚ ਤੁਹਾਡੀ ਛੱਤ ਚੋਏਗੀ
ਜਾਂ ਕਈ ਦਿਨ ਚੁੱਲ੍ਹਾ ਨਹੀਂ ਬਲੇਗਾ
ਤੁਹਾਡੇ ਪੀਪੇ 'ਚ ਆਟਾ ਨਹੀਂ ਹੋਵੇਗਾ
ਸਕੂਲ ਦੀ ਫ਼ੀਸ ਬਿਨ
ਤੁਹਾਡੇ ਬੱਚੇ ਘਰ ਬੈਠੇ ਹੋਣਗੇ
ਲਹਿਣੇਦਾਰ ਤੁਹਾਡਾ ਦਰਵਾਜ਼ਾ ਖੜਕਾਏਗਾ
ਤਾਂ ਤੁਹਾਨੂੰ ਗੁਆਂਢੀ ਜੀਵਨ ਦਾ ਅਹਿਸਾਸ ਹੋਵੇਗਾ
ਦੀਵੇ ਦੀ ਰੌਸ਼ਨੀ ਦੇ ਬਲਬ ਦਾ ਪਾਸ ਹੋਵੇਗਾ।...

o

ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹੋ
ਕਿਸੇ ਦੇ ਜਾਣ ਦਾ ਕਿਸੇ ਦੇ ਆਉਣ ਦਾ
ਅਹਿਸਾਸ ਹੋਵੇਗਾ
ਜੀਵਨ ਦਾ ਪ੍ਰਕਾਸ਼ ਹੋਵੇਗਾ। (ਘਰ)

# 21. ਆਗਮਨ (2012)

'ਆਗਮਨ' ਵਿਚ ਕਵੀ ਦੀਆਂ 28 ਕਵਿਤਾਵਾਂ ਸੰਗ੍ਰਹਿਤ ਹਨ। ਪਹਿਲੀ ਕਵਿਤਾ ਵਿਚ ਕਵੀ ਅਜਨਬੀਪਣ ਦੀ ਪ੍ਰਕਿਰਿਆ ਨੂੰ ਰੂਪਮਾਨ ਕਰਦਾ ਹੈ। ਪੂੰਜੀਵਾਦੀ ਸਭਿਆਚਾਰ ਵਿਚ ਮਨੁੱਖ ਦੇ ਸਾਰੇ ਰਿਸ਼ਤੇ ਪਰਸਪਰ ਗ਼ਰਜ਼ਾਂ ਦੀ ਪੂਰਤੀ ਨਾਲ ਜੁੜੇ ਹੋਏ ਹਨ। ਜੇ ਕਿਸੇ ਰਿਸ਼ਤੇ ਤੋਂ ਨਿੱਜੀ ਗ਼ਰਜ਼ ਦੀ ਪੂਰਤੀ ਹੁੰਦੀ ਹੈ ਤਾਂ ਉਸ ਨੂੰ ਸਵੀਕ੍ਰਿਤੀ ਦੇ ਦਿੱਤੀ ਜਾਂਦੀ ਹੈ, ਨਹੀਂ ਤਾਂ ਰਿਸ਼ਤੇ ਤੋਂ ਮੂੰਹ ਫੇਰ ਲਿਆ ਜਾਂਦਾ ਹੈ। ਮਨੁੱਖ ਦੀ ਪਹਿਚਾਣ ਉਸ ਦੇ ਵਾਕਿਫ਼ਕਾਰਾਂ, ਰਿਸ਼ਤੇਦਾਰਾਂ ਅਤੇ ਘਰ-ਬਾਰ ਨਾਲ ਜੁੜੀ ਹੁੰਦੀ ਹੈ। ਜਦੋਂ ਉਹ ਇਹਨਾਂ ਤੋਂ ਦੂਰ ਹੋ ਜਾਂਦਾ ਹੈ ਤਾਂ ਉਸ ਦੇ ਮਨ ਵਿਚ ਅਜਨਬੀਪਣ ਦਾ ਅਹਿਸਾਸ ਪੈਦਾ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ ਕਵੀ ਲਿਖਦਾ ਹੈ:

ਉਸ ਨੇ ਆਪਣੇ ਆਲੇ-ਦੁਆਲੇ ਤੋਂ ਨਜ਼ਰ ਕੀ ਫੇਰੀ
ਕਿ ਉਸ ਵਿਚਲੇ ਬ੍ਰਹਿਮੰਡ
ਉਸ ਵਿਚਲੇ ਨਦੀਆਂ, ਦਰਿਆ, ਸਾਗਰ
ਪਹਾੜ, ਜੰਗਲ
ਸਭ ਉਸ ਨੂੰ ਤਿਆਗ ਗਏ
ਦੁਨੀਆਂ ਤੇ ਲਹੂ ਦੇ ਰਿਸ਼ਤਿਆਂ
ਉਸ ਤੋਂ ਮੂੰਹ ਫੇਰਿਆ
ਮਿੱਤਰਾਂ, ਰਿਸ਼ਤੇਦਾਰਾਂ, ਆਂਢ-ਗੁਆਂਢ, ਉਸ ਦੇ ਜਾਣਕਾਰ
ਸਭਨਾਂ ਲਈ ਉਹ ਅਜਨਬੀ ਹੋ ਗਿਆ
ਉਹ ਆਪਣੇ ਆਪ 'ਚ ਏਨਾ ਪਰੇਸ਼ਾਨ ਹੋ ਗਿਆ
ਕਿ ਆਪਣੇ ਆਲੇ-ਦੁਆਲੇ ਤੋਂ ਅਣਜਾਣ ਹੋ ਗਿਆ। (ਦੀਵਾਰ)

ਉਕਤ ਕਿਸਮ ਦਾ ਅਜਨਬੀਅਤ ਦਾ ਅਹਿਸਾਸ ਉਸ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਰੂਪਮਾਨ ਹੋਇਆ ਹੈ। ਕਵੀ ਲੋਕ ਸੁਹਿਰਦ, ਸੰਵੇਦਨਸ਼ੀਲ ਅਤੇ ਅੰਦਰੋਂ-ਬਾਹਰੋਂ ਇਕ ਹੁੰਦੇ ਹਨ। ਦੰਭੀ ਕਿਸਮ ਦੇ ਵਿਅਕਤੀ ਸਾਹਿਤ ਦੇ ਕਿਸੇ ਹੋਰ ਰੂਪ ਵਿਚ ਤਾਂ ਬੇਸ਼ੱਕ ਸਫ਼ਲਤਾ ਪ੍ਰਾਪਤ ਕਰ ਲੈਣ, ਇਕ ਕਵੀ ਦੇ ਰੂਪ ਵਿਚ ਉਹ ਆਪਣਾ ਵਿਸ਼ੇਸ਼ ਮੁਕਾਮ ਹਾਸਲ ਨਹੀਂ ਕਰ ਸਕਦੇ।

ਪਰ ਸਮੱਸਿਆ ਇਹ ਹੈ ਕਿ ਪੂੰਜੀਵਾਦੀ ਵਿਵਸਥਾ ਨੇ ਪੂਰੇ ਦੇ ਪੂਰੇ ਪੰਜਾਬ ਨੂੰ ਪ੍ਰਦੂਸ਼ਿਤ ਅਤੇ ਭ੍ਰਸ਼ਟ ਕਰ ਦਿੱਤਾ ਹੈ। ਇਸ ਸੂਰਤ ਵਿਚ ਇਕ ਕਵੀ ਆਪਣੇ ਆਲੇ-ਦੁਆਲੇ ਨਾਲ ਇਕਸੁਰ ਨਹੀਂ ਹੋ ਪਾਉਂਦਾ ਬਲਕਿ ਇਸ ਤੋਂ ਅਲੱਗ-ਥਲੱਗ ਹੋ ਜਾਂਦਾ ਹੈ। ਇਸ ਸਥਿਤੀ ਦਾ ਨਿਰੂਪਣ ਕਰਦਾ ਹੋਇਆ ਕਵੀ ਲਿਖਦਾ ਹੈ:

ਮੇਰੇ ਆਸੇ ਪਾਸੇ ਸੜਕਾਂ ਹਨ
ਬਜ਼ਾਰ ਹਨ, ਗਲੀਆਂ, ਚੌਂਕ, ਚੌਰਾਹੇ ਹਨ
ਲੋਕਾਂ ਦੀ ਭੀੜ ਹੈ
ਜਿਸ 'ਚੋਂ ਮੈਂ ਇਕੱਲਾ ਗੁਜ਼ਰ ਰਿਹਾ ਹਾਂ।

o

ਦੁਆਲੇ ਸ਼ੋਰ ਹੈ, ਚੀਕ-ਚਿਹਾੜਾ ਹੈ, ਹੱਲਾ-ਗੁੱਲਾ ਹੈ
ਮੈਂ ਚੁੱਪ ਹਾਂ
ਮੇਰੀ ਚੁੱਪ ਮੇਰੇ ਨਾਲ
ਮੈਂ ਆਪਣੀ ਚੁੱਪ ਨਾਲ ਤੁਰ ਰਿਹਾ ਹਾਂ
ਦੁਆਲੇ 'ਚ ਮੇਰਾ ਕੁਝ ਨਹੀਂ
ਦੁਆਲਾ ਮੇਰੇ ਤੋਂ ਅਲੱਗ ਹੈ
ਮੈਂ ਦੁਆਲੇ ਤੋਂ ਅਲੱਗ ਹਾਂ। (ਅਸੀਂ ਅਲੱਗ ਹਾਂ)

ਚਰਨ ਸਿੰਘ ਦੀਆਂ ਕਵਿਤਾਵਾਂ ਦਾ ਇਕ ਪੈਰਾਡਾਈਮ ਆਧੁਨਿਕ ਵਿਅਕਤੀ ਦੀ ਖੰਡਿਤ ਹੋਂਦ ਨਾਲ ਜੁੜਿਆ ਹੋਇਆ ਹੈ। ਪਿਛਲੇ ਕੁਝ ਦਹਾਕਿਆਂ ਤੋਂ ਆਧੁਨਿਕ ਮਨੁੱਖ ਬਹੁਤ ਸਾਰੇ ਪ੍ਰੋਗਰਾਮਾਂ ਵਿਚ ਵੰਡਿਆ ਗਿਆ ਹੈ ਅਤੇ ਉਹ ਆਪਣੀ ਪ੍ਰਚੰਡ ਹਉਮੈ ਦੇ ਕਾਰਨ ਹਰ ਇਕ ਪ੍ਰੋਗਰਾਮ ਵਿਚ ਨਿਪੁੰਨ/ਦਕਸ਼ ਹੋਣ ਦੀ ਕੋਸ਼ਿਸ਼ ਵਿਚ ਰੁੱਝਾ ਹੋਇਆ ਹੈ। ਮੱਧਕਾਲੀਨ ਮਨੁੱਖ ਵਿਚ ਇਸ ਪ੍ਰਕਾਰ ਦੀ ਹਉਮੈ ਨਹੀਂ ਸੀ ਹੁੰਦੀ। ਉਹ ਆਪਣੇ ਆਲੇ-ਦੁਆਲੇ ਵਿਚਰਦੇ, ਆਪਣੇ ਖੇਤਰ ਵਿਚ ਨਿਪੁੰਨ ਲੋਕਾਂ ਦੀ ਸਹਾਇਤਾ ਲੈਣ ਤੋਂ ਗੁਰੇਜ਼ ਨਹੀਂ ਸੀ ਕਰਦਾ। ਉਹ ਆਪਣੇ ਹੀ ਕਾਰਜ-ਖੇਤਰ ਉਪਰ ਪਹਿਰਾ ਦਿੰਦਾ ਸੀ। ਕਿਸਾਨ, ਕਾਮੇ, ਅਧਿਆਪਕ, ਖੇਤ-ਮਜ਼ਦੂਰ ਅਤੇ ਹੋਰ ਸਰਕਾਰੀ ਅਧਿਕਾਰੀ-ਕਰਮਚਾਰੀ ਆਪਣੇ-ਆਪਣੇ ਕੰਮ ਨਾਲ ਵਾਸਤਾ ਰੱਖਦੇ ਸਨ। ਇਸ ਪ੍ਰਕਾਰ ਮਨੁੱਖ ਦੀ ਹੋਂਦ ਅਖੰਡ-ਅਵੰਡ ਬਣੀ ਰਹਿੰਦੀ ਸੀ ਪਰ ਆਧੁਨਿਕ ਦੌਰ ਵਿਚ ਇਹ ਸੰਭਵ ਨਹੀਂ ਰਿਹਾ। ਇਸੇ ਕਾਰਨ ਮਨੁੱਖ ਨੂੰ ਖੰਡਿਤ ਹੋ ਜਾਣ ਦਾ ਅਹਿਸਾਸ ਹਰ ਸਮੇਂ ਪਰੇਸ਼ਾਨ ਕਰਦਾ ਰਹਿੰਦਾ ਹੈ। ਦੇਖੋ:

ਉਹ ਆਪਣੇ ਅੰਦਰੋਂ ਵੱਖ ਵੱਖ
ਰਾਹਾਂ 'ਤੇ ਨਿਕਲਿਆ

ਉਸ ਦਾ ਵਜੂਦ ਰਾਹਾਂ 'ਚ ਪਾਟ ਗਿਆ
ਰਾਹ ਪਾਟੇ ਵਜੂਦ ਸੰਗ
ਜਦ ਆਪਣੇ ਅੰਤ 'ਤੇ ਅੱਪੜੇ
ਤਾਂ ਉਸ ਦੇ ਅੰਗ, ਨਕਸ਼, ਸਿਰ, ਧੜ, ਲੱਤਾਂ, ਬਾਹਾਂ,
ਸਭ ਖਿੱਲਰੀਆਂ ਪਈਆਂ ਸਨ
ਉਸ ਦਾ ਸਾਲਮ ਵਜੂਦ
ਰਾਹਾਂ ਦੀ ਵਿਲੱਖਣਤਾ ਨੇ ਖਾ ਲਿਆ ਸੀ
ਉਸ ਆਪਣੇ ਵਜੂਦ ਦਾ ਸੱਚ
ਗੁਆ ਲਿਆ ਸੀ। (ਇਕੋ ਰਾਹ)

ਚਰਨ ਸਿੰਘ ਦੀ ਇਕ ਹੋਰ ਕਵਿਤਾ ਸ਼ਹਿਰ ਵਿਚ ਜੰਗਲ ਉੱਤਰ ਆਉਣ ਦੇ ਬਾਰੇ ਵਿਚ ਹੈ। ਕਵੀ ਨੂੰ ਇਸ ਗੱਲ ਦੀ ਬੜੀ ਜਾਇਜ਼ ਚਿੰਤਾ ਹੈ ਕਿ ਸਭਿਅਤਾ ਅਤੇ ਸੰਸਕ੍ਰਿਤੀ ਦੀਆਂ ਅਨੇਕ ਪੌੜੀਆਂ ਚੜ੍ਹ ਜਾਣ ਦੇ ਬਾਵਜੂਦ ਮਨੁੱਖ ਅਜੇ ਤਕ ਆਪਣੇ ਅੰਦਰ ਵੱਸਦੇ ਜਾਨਵਰ ਨੂੰ ਪੂਰੀ ਤਰ੍ਹਾਂ ਨਾਲ ਸਾਧ-ਸੋਧ ਨਹੀਂ ਸਕਿਆ। ਅਜੇ ਵੀ ਅਨੇਕ ਵਾਰ ਵਿਭਿੰਨ ਦਬਾਵਾਂ ਦੇ ਕਾਰਨ ਉਸ ਦੇ ਅੰਦਰ ਸੁੱਤਾ ਪਿਆ ਇਹ ਜੰਗਲੀ ਜਾਨਵਰ ਜਾਗ ਪੈਂਦਾ ਹੈ ਅਤੇ ਬਹੁਤ ਸਾਰੇ ਉਪਦ੍ਰਵ ਮਚਾ ਦਿੰਦਾ ਹੈ। ਇਸ ਮੰਤਵ ਲਈ ਰਾਜਨੀਤਕ ਵਿਵਸਥਾ ਵੀ ਕਾਫ਼ੀ ਹੱਦ ਤਕ ਜ਼ਿੰਮੇਵਾਰ ਹੈ। ਸਾਡਾ ਲੋਕਤੰਤਰ ਅਜੇ ਤਕ ਏਨਾ ਜ਼ਿੰਮੇਵਾਰ ਨਹੀਂ ਹੋਇਆ ਕਿ ਉਹ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨਾ ਛੱਡ ਦੇਵੇ ਬਲਕਿ ਇਹ ਚੰਦ ਵੋਟ ਪ੍ਰਾਪਤ ਕਰਨ ਦੀ ਖ਼ਾਤਰ ਆਪਣੇ ਵੋਟਰਾਂ ਦੇ ਭਾਵਾਂ ਨੂੰ ਭੜਕਾਉਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਸਿੱਟੇ ਵਜੋਂ ਚਾਰੇ ਪਾਸੇ ਹਿੰਸਾ ਅਤੇ ਨਫ਼ਰਤ ਦਾ ਆਲਮ ਪਸਰ ਜਾਂਦਾ ਹੈ। ਦੇਖੋ:

ਦਿਨ ਚੜ੍ਹਿਆ ਹੈ
ਜੰਗਲੀ ਜਾਨਵਰ ਜੰਗਲ ਵੱਲ ਪਰਤ ਗਏ ਹਨ
ਸ਼ਹਿਰ ਦੀਆਂ ਸੜਕਾਂ, ਗਲੀਆਂ, ਬਜ਼ਾਰਾਂ
ਚੌਂਕਾਂ, ਚੁਰਾਹਿਆਂ 'ਚ ਸ਼ਹਿਰ ਦੇ
ਅੰਗ ਨਕਸ਼ ਤੇ ਚਿਹਰੇ ਖਿੱਲਰੇ ਪਏ ਹਨ
ਕੰਧਾਂ 'ਤੇ ਲਹੂ ਦੇ ਛਿੱਟੇ
ਸ਼ਹਿਰ ਦੀਆਂ ਤਲੀਆਂ 'ਤੇ ਪੈਰਾਂ ਦੇ ਨਿਸ਼ਾਨ
ਸ਼ਹਿਰ ਦਾ ਵਲੂੰਧਰਿਆ ਚਿਹਰਾ ਦੱਸ ਰਿਹਾ ਹੈ
ਜੰਗਲ 'ਚ ਸ਼ਹਿਰ ਤਾਂ ਉੱਗ ਆਇਆ ਹੈ
ਪਰ ਮਾਨਵ ਅਜੇ ਮਾਨਵ ਨਹੀਂ ਬਣਿਆ

ਮਾਨਵ ਤੋਂ ਅਜੇ ਜੰਗਲੀ ਜਾਨਵਰ ਨਹੀਂ ਮਰਿਆ

o

ਮਨੁੱਖ ਜਦ ਤਕ ਅੰਦਰਲਾ ਜਾਨਵਰ ਮਾਰ ਨਹੀਂ ਦਿੰਦਾ
ਸ਼ਹਿਰ ਜਦ ਤਕ ਜੰਗਲੀ ਜਾਨਵਰ ਨੂੰ ਵਿਸਾਰ ਨਹੀਂ ਦਿੰਦਾ
ਤਦ ਤਕ ਸ਼ਹਿਰ
ਸਭਿਅਕ ਸ਼ਹਿਰ ਦਾ ਰੁਤਬਾ
ਪਾ ਨਹੀਂ ਸਕਦਾ
ਮਨੁੱਖ ਮਨੁੱਖ ਅਖਵਾ ਨਹੀਂ ਸਕਦਾ। (ਜੰਗਲੀ ਸ਼ਹਿਰ)

ਚਰਨ ਸਿੰਘ ਇਕ ਮਾਨਵਤਾਵਾਦੀ ਕਵੀ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਮਾਨਵਤਾ ਦਾ ਪਰਚਮ ਬੁਲੰਦ ਕਰਦਾ ਹੈ। ਮਾਨਵਤਾ ਦੇ ਇਤਿਹਾਸ ਦਾ ਸਰਵੇਖਣ ਕਰਦਿਆਂ ਹੋਇਆਂ ਉਸ ਨੇ ਵੇਖਿਆ ਹੈ ਕਿ ਵਿਗਿਆਨਕ ਪ੍ਰਗਤੀ ਕਰਨ ਦੇ ਬਾਵਜੂਦ ਮਨੁੱਖ ਨੇ ਪੂੰਜੀਵਾਦੀ ਵਿਵਸਥਾ ਵਿਚ ਪਹੁੰਚ ਕੇ ਆਪਣੀ ਮਾਨਵਤਾ ਖੋ ਦਿੱਤੀ ਹੈ। ਮਨੁੱਖਤਾ ਦੇ ਵਿਭਿੰਨ ਦੌਰਾਂ ਵਿਚ ਇਕ ਦੌਰ ਅਜਿਹਾ ਵੀ ਆਇਆ ਜਦੋਂ ਉਸ ਨੇ ਕਾਲ ਨੂੰ ਆਪਣੇ ਪਾਵੇ ਨਾਲ ਬੰਨ੍ਹ ਲਿਆ ਸੀ। ਫਿਰ ਉਸ ਨੇ ਯੁੱਧ ਦੇ ਅਨੇਕ ਮਾਰੂ ਹਥਿਆਰਾਂ ਦਾ ਆਵਿਸ਼ਕਾਰ ਕਰ ਲਿਆ। ਆਪਣੇ ਤੀਜੇ ਦੌਰ ਵਿਚ ਉਹ ਪ੍ਰਕਿਰਤੀ ਦੇ ਸਾਰੇ ਵੱਡੇ ਖਜ਼ਾਨਿਆਂ ਦਾ ਸੁਆਮੀ ਬਣ ਗਿਆ ਪਰ ਪ੍ਰਗਤੀ ਦੀ ਇਸ ਦੌੜ ਵਿਚ ਉਸ ਦੇ ਅੰਦਰ ਦੀ ਇਨਸਾਨੀਅਤ ਮਰਦੀ ਗਈ ਅਤੇ ਅੱਜ ਉਸ ਦੀ ਸਥਿਤੀ ਇਹ ਹੋ ਗਈ ਹੈ:

ਉਸ ਵੇਖਿਆ ਉਹ ਕੱਖਾਂ ਤੋਂ ਹੌਲਾ ਸੀ
ਉਸ ਲਈ ਜੋ ਸੱਚ ਸੀ, ਉਸ ਦਾ ਭਰਮ ਸੀ, ਰੌਲਾ ਸੀ
ਉਹ ਆਪਣੇ ਆਪ 'ਚ ਤਕਸੀਮਿਆ ਪਿਆ ਸੀ
ਉਸ ਦਾ ਹਰ ਅੰਗ
ਧਰਤੀ 'ਤੇ ਰੀਂਗਦੇ ਕੀੜੇ ਵਾਂਗ
ਮੂੰਹ 'ਚ ਸੀ
ਉਹ ਹਸਤੀਹੀਣ ਜ਼ੱਰੇ ਤੋਂ ਵੀ ਬਦਤਰ ਸੀ
ਜੋ ਕੁਝ ਵੀ ਉਸ ਨੇ ਆਪਣੇ ਤਿੰਨਾਂ
ਰੂਪਾਂ ਵਿਚ ਵੇਖਿਆ ਸੀ
ਉਹ ਤਾਂ ਸਭ ਕੁਝ ਉਥੇ ਹੀ ਸੀ
ਪਰ ਉਹਨਾਂ 'ਚ ਉਹ ਨਹੀਂ ਸੀ। (ਇਨਸਾਨ)

ਸਾਡੇ ਦੇਸ਼ ਵਿਚ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੇ ਲਾਲਚ ਵਿਚ

ਭ੍ਰਿਸ਼ਟਾਚਾਰ ਬਹੁਤ ਵਧ ਗਿਆ ਹੈ। ਇਹ ਭ੍ਰਿਸ਼ਟਾਚਾਰ ਜੀਵਨ ਦੇ ਹਰ ਖੇਤਰ ਵਿਚ ਪਸਰਿਆ ਹੋਇਆ ਹੈ। ਬੇਸ਼ੱਕ ਚਰਨ ਸਿੰਘ ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਦਾ ਨਿਵਾਸੀ ਹੈ ਪਰ ਇਸ ਦੇ ਬਾਵਜੂਦ ਉਸ ਨੂੰ ਭਾਰਤ ਬਾਰੇ ਚਿੰਤਾ ਹੈ। ਇਹੀ ਕਾਰਣ ਹੈ ਕਿ ਉਸ ਦੀਆਂ ਕਵਿਤਾਵਾਂ ਵਿਚ ਭਾਰਤੀ ਲੋਕਾਂ ਦੇ ਭ੍ਰਿਸ਼ਟਾਚਾਰੀ ਚਰਿੱਤਰ ਉਪਰ ਵਿਅੰਗ ਕੀਤੇ ਗਏ ਹਨ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਆਟੇ 'ਚ ਰੇਤ, ਚੌਲਾਂ 'ਚ ਕੰਕਰ
ਦਾਲਾਂ 'ਚ ਪੱਥਰ ਤੇ ਸਬਜ਼ੀਆਂ ਨੂੰ ਜ਼ਹਿਰ
ਦੀ ਪਿਉਂਦ ਲਾ
ਗਲੀਆਂ, ਮਹੱਲਿਆਂ, ਸੜਕਾਂ, ਬਜ਼ਾਰਾਂ ਤੇ ਮੰਡੀਆਂ
'ਚ ਵੇਚ ਰਿਹਾ ਹੈ
ਪਾਣੀ ਦੁੱਧ ਦੇ ਭਾਅ ਵਿਕ ਰਿਹਾ ਹੈ
ਕਣਕ ਦੀ ਥਾਂ ਚੱਕੀਆਂ 'ਤੇ ਪੱਥਰ ਪਿਸ ਰਿਹਾ ਹੈ
ਮਿੱਟੀ ਘੱਟਾ ਵਿਕ ਰਿਹਾ ਹੈ
ਕੁਝ ਵੀ ਖ਼ਾਲਸ ਨਹੀਂ
ਕਿੱਲੋ-ਕਿੱਲੋ ਜ਼ਹਿਰ ਖਾ ਕੇ ਵੀ
ਲੋਕ ਜਿਉਂਦੇ ਹਨ।

o

ਸ਼ਹਿਰ ਦੇ ਹਰ ਬਸ਼ਰ ਦਾ ਰੋਜ਼ਾਨਾ ਦਾ ਸਫ਼ਰ
ਇਸ ਢੋਲ ਤੋਂ ਸ਼ੁਰੂ ਹੋ ਕੇ ਇਸ ਢੋਲ 'ਤੇ ਮੁੱਕਦਾ ਹੈ
ਇਸ ਢੋਲ ਦੇ ਦੋਹਾਂ ਪਾਸਿਆਂ 'ਤੇ ਤਰੰਗਾ
ਤੇ ਵਿਚਕਾਰ ਰਾਸ਼ਟਰ-ਪਿਤਾ
ਬੈਠਾ ਹੱਸ ਰਿਹਾ ਹੈ
ਦੱਸ ਰਿਹਾ ਹੈ
ਕਿ ਸ਼ਹਿਰ ਉੱਨਤੀ ਦੇ ਰਾਹ 'ਤੇ ਹੈ
ਇਹ ਰਾਹ ਢੋਲ 'ਚੋਂ ਨਿਕਲਦਾ ਹੈ
ਢੋਲ 'ਤੇ ਖ਼ਤਮ ਹੁੰਦਾ ਹੈ। (ਨਗਰ ਪਾਲਿਕਾ)

# 22. ਪ੍ਰਵਾਜ਼ (2012)

'ਪ੍ਰਵਾਜ਼' ਕਾਵਿ-ਸੰਗ੍ਰਹਿ ਵਿਚ ਚਰਨ ਸਿੰਘ ਦੀਆਂ 29 ਕਵਿਤਾਵਾਂ ਸੰਗ੍ਰਹਿਤ ਹਨ। ਇਸ ਸੰਗ੍ਰਹਿ ਦਾ ਆਰੰਭ ਕਵੀ ਨੇ 'ਕਵਿਤਾ ਦੇ ਆਗਮਨ' ਦੁਆਰਾ ਕੀਤਾ ਹੈ। ਇਸ ਕਵਿਤਾ ਵਿਚ ਉਸ਼ ਨੇ ਆਪਣੇ ਕਵਿਤਾ ਦੇ ਜਨਮ, ਸਿਰਜਣ-ਪ੍ਰਕਿਰਿਆ ਅਤੇ ਕਾਵਿ ਦੀ ਪ੍ਰਕਿਰਤੀ ਬਾਰੇ ਚਰਚਾ ਕੀਤੀ ਹੈ। ਕਵੀ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਦੁਆਰਾ ਆਮ ਆਦਮੀ ਦੇ ਦੁੱਖਾਂ ਦਰਦਾਂ ਨੂੰ ਜ਼ਬਾਨ ਦਿੰਦਾ ਹੈ ਅਤੇ ਉਸ ਦੇ ਸੰਘਰਸ਼ ਵਿਚ ਇਕ ਧਿਰ ਬਣ ਕੇ ਉਸ ਦੇ ਨਾਲ ਖੜ੍ਹੋਂਦਾ ਹੈ। ਕਵਿਤਾ ਬਾਰੇ ਚਿਤਰੇ ਉਸ ਦੇ ਦੋ ਬਿੰਬ ਦੇਖੋ:

ਕਵਿਤਾ ਉਸ ਨੂੰ ਉਂਗਲੀ ਲਾ ਕੇ
ਇਕ ਬਸਤੀ 'ਚ ਲੈ ਆਈ
ਠੰਡਿਆਂ ਚੁੱਲ੍ਹਿਆਂ 'ਚਂ ਰਿੱਝਦੀ ਭੁੱਖ ਉਸ ਨੂੰ
ਕਵਿਤਾ ਨੇ ਵਿਖਾਈ
ਚੌਂਕੇ 'ਚ ਬਰਤਨ ਨੰਗ ਧੜੰਗੇ
ਘੜਵੰਜੀ 'ਤੇ ਪਿਆਸਾ ਘੜਾ
ਖ਼ਾਲੀ ਪੀਪਾ, ਉਡੀਕਦਾ ਆਟਾ
ਘਰ ਦੀ ਤਰੀਮਤ ਦੇ ਫਟੇ ਝੱਗੇ 'ਚੋਂ
ਅੰਗ ਝਾਕਦੇ ਦਿਸੇ
ਘਰ ਦਾ ਮਾਲਕ ਮੰਜੇ 'ਤੇ ਬੈਠਾ
ਵੱਟ ਸੀ ਵੰਾਣ ਰਿਹਾ
ਗਰਮੀ ਦੇ ਹੁੰਮ 'ਚ ਸਾਰਾ ਘਰ ਸੀ ਉੱਬਲ ਰਿਹਾ
ਕਵਿਤਾ ਨੇ ਆਖਿਆ ਉਸ ਨੂੰ
ਇਹ ਮੇਰਾ ਆਦਿ ਹੈ।

o

ਕਵਿਤਾ ਉਸ ਨੂੰ ਉਂਗਲੀ ਲਾ
ਆਦਿ ਤੋਂ ਅੰਤ ਵੱਲ ਲੈ ਤੁਰੀ
ਹਰਿਆਂ ਰੁੱਖਾਂ ਦੇ ਝੁੰਡ 'ਚ ਵੱਸਦੇ

ਇਕ ਪਿੰਡ 'ਚ ਆਣ ਵੜੀ
ਖ਼ੁਸ਼ੀਆਂ ਖੇੜਿਆਂ ਦਾ ਉਸ ਪਿੰਡ 'ਚ ਡੇਰਾ ਸੀ
ਹਰ ਘਰ ਦਾ ਚੁੱਲ੍ਹਾ ਮਘਦਾ ਸੀ
ਹਰ ਘਰ ਦੀ ਹਾਂਡੀ ਪੱਕਦੀ ਸੀ।

o

ਕਵਿਤਾ ਬੋਲੀ:
ਇਹ ਮੇਰੇ ਖ਼ੁਆਬ ਦੀ ਹਕੀਕਤ ਹੈ
ਮੇਰੇ ਆਦਿ ਤੋਂ ਅੰਤ ਤਕ ਦੀ ਕੀਮਤ ਹੈ
ਜਿਸ ਦਾ ਸਫ਼ਰ ਤੂੰ ਮੇਰੇ ਨਾਲ
ਮੈਂ ਤੇਰੇ ਨਾਲ ਤੈਅ ਕਰਨਾ ਹੈ
ਇਹ ਸਵਰਗ ਜੋ ਤੈਨੂੰ ਮੈਂ ਵਿਖਾਇਆ ਹੈ
ਇਹ ਸਵਰਗ
ਮੇਰੇ ਆਦਿ ਦੀ ਬਸਤੀ 'ਚ ਧਰਨਾ ਹੈ
ਤੇਰੇ ਘਰ 'ਚ ਮੇਰਾ ਜਨਮਣਾ
ਤਾਂ ਸਫ਼ਲ ਹੋਵੇਗਾ
ਜੇ ਨਰਕ ਦੀ ਥਾਂ
ਧਰਤ 'ਤੇ ਸਵਰਗ ਹੋਵੇਗਾ। (ਕਵਿਤਾ ਦਾ ਆਗਮਨ)

ਆਧੁਨਿਕ ਵਿਅਕਤੀ ਆਪਣੇ ਅਨੁਭਵ ਪ੍ਰਤੀ ਸੁਹਿਰਦ ਨਹੀਂ ਰਿਹਾ। ਜਿਹੜੇ ਵੇਰਵੇ ਜਾਂ ਜਿਹੜੇ ਤੱਥ ਉਸ ਦੇ ਜ਼ੇਹਨ ਵਿਚ ਆਉਂਦੇ ਹਨ, ਉਹਨਾਂ ਨੂੰ ਉਹ ਰਾਜਨੀਤਕ/ਸਭਿਆਚਾਰਕ ਵਿਵਸਥਾ ਦੇ ਡਰ ਕਾਰਨ ਵਿਅਕਤ ਨਹੀਂ ਕਰ ਪਾਉਂਦਾ। ਅਸਲ ਵਿਚ ਅਜੋਕੇ ਮਨੁੱਖ ਦਾ ਸਾਰਾ ਆਚਾਰ-ਵਿਹਾਰ ਰਸਮੀ ਹੋ ਗਿਆ ਹੈ। ਉਹ ਇਸ ਰਸਮੀ ਆਚਾਰ-ਵਿਹਾਰ ਨੂੰ ਹੀ ਵਿਅਕਤ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਸਿੱਟੇ ਵਜੋਂ ਉਹ ਜੋ ਬੋਲਦਾ ਹੈ, ਜੋ ਲਿਖਦਾ ਹੈ, ਉਸ ਸਭ ਕੁਝ ਅਪ੍ਰਮਾਣਿਕ ਹੁੰਦਾ ਹੈ। ਬਹੁਤੇ ਕਵੀ ਜਨ ਅਤੇ ਉਪਦੇਸ਼ਕ ਲੋਕ ਕੇਵਲ ਉਹਨਾਂ ਤੱਥਾਂ ਨੂੰ ਹੀ ਜ਼ੁਬਾਨ 'ਤੇ ਲਿਆਉਂਦੇ ਹਨ ਜੋ ਵਿਵਸਥਾ ਨੂੰ ਚੰਗੇ ਲੱਗਦੇ ਹੋਣ। ਵਿਵਸਥਾ ਦੀ ਹਾਂ ਵਿਚ ਹਾਂ ਮਿਲਾਉਂਦੇ ਹੋਣ। ਇਸ ਸੂਰਤ ਵਿਚ ਕੋਈ ਕ੍ਰਾਂਤੀਕਾਰੀ ਜਾਂ ਪ੍ਰਗਤੀਸ਼ੀਲ ਲੇਖਣ-ਕਾਰਜ ਹੋ ਹੀ ਨਹੀਂ ਰਿਹਾ। ਇਸ ਸਥਿਤੀ ਦੇ ਪ੍ਰਥਾਇ ਕਵੀ ਲਿਖਦਾ ਹੈ:

ਹਰ ਕੋਈ ਉਧਾਰੀ ਨਜ਼ਰ
ਉਧਾਰੀ ਜੀਭਾ, ਉਧਾਰੇ ਕੰਨ
ਉਧਾਰੀ ਸੋਚ, ਉਧਾਰੇ ਅਨੁਭਵ

ਦੀ ਖਿੜਕੀ 'ਚੋਂ ਵੇਖ ਰਿਹਾ ਹੈ
ਉਧਾਰ ਦੀ ਸਾਮੱਗਰੀ 'ਤੇ ਇਤਬਾਰ ਕਰ ਰਿਹਾ ਹੈ
ਆਪਣਾ ਸੱਚ ਭਰਮ ਦੀ ਸੂਲੀ ਭੇਂਟ ਕਰ ਰਿਹਾ ਹੈ
o
ਇਨਸਾਨ ਦਾ ਨਾ ਆਪਣਾ ਚਿਹਰਾ
ਨਾ ਆਪਣਾ ਦਰਪਣ ਹੈ
ਇਨਸਾਨ ਨਾ ਆਪਣੇ ਆਪ ਦੀ ਭੇਂਟ ਚੜ੍ਹਿਆ ਹੈ
ਸਭ ਕੁਝ ਆਪਣੇ ਸਾਏ ਦੇ ਸਿਰ ਧਰਿਆ ਹੈ
ਇਹ ਜਾਣਦੇ ਹੋਏ ਵੀ
ਸਾਇਆ ਦੇਹ ਦਾ ਸੱਚ ਨਹੀਂ
ਸਾਏ ਦਾ ਸੱਚ ਦੇਹ ਹੈ। (ਉਧਾਰਾ ਸੱਚ)

ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ ਵਿਚ ਪਰਵਾਸ ਨਾਲ ਸੰਬੰਧਿਤ ਵੇਰਵੇ ਵੀ ਪੇਸ਼ ਹੋਏ ਹਨ। ਕਵੀ ਨੇ ਪਰਵਾਸੀ ਜੀਵਨ ਨੂੰ ਆਧਾਰ ਬਣਾ ਕੇ ਬਹੁਤੀਆਂ ਕਵਿਤਾਵਾਂ ਨਹੀਂ ਲਿਖੀਆਂ। ਅਸਲ ਵਿਚ ਉਹ ਭਾਰਤ ਨਾਲੋਂ ਕਦੇ ਟੁੱਟਿਆ ਹੀ ਨਹੀਂ। ਇਕ ਬ੍ਰਹਿਮੰਡਕ ਕਵੀ ਹੋਣ ਦੀ ਸੂਰਤ ਵਿਚ ਉਸ ਲਈ ਕੈਨੇਡਾ ਵੀ ਇਕ ਧਰਤੀ ਹੈ ਅਤੇ ਭਾਰਤ ਵੀ ਪਰੰਤੂ ਭਾਰਤ ਨਾਲ ਉਸ ਦਾ ਲਗਾਉ ਬਹੁਤਾ ਅਤੇ ਸੁਹਿਰਦ ਹੈ। ਇਸ ਕਾਰਨ ਉਸ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਜਾਂ ਤਾਂ ਭਾਰਤ ਬੋਲਦਾ ਹੈ ਅਤੇ ਜਾਂ ਸਮੁੱਚਾ ਬ੍ਰਹਿਮੰਡ। ਫਿਰ ਵੀ ਕਦੇ-ਕਦਾਈਂ ਉਸ ਦੀਆਂ ਕਵਿਤਾਵਾਂ ਵਿਚ ਪਰਵਾਸ ਹੰਢਾਉਣ ਕਾਰਨ ਦੇਸ਼ਵਾਸੀਆਂ ਦੀ ਨਜ਼ਰ ਵਿਚ ਆਪਣੇ ਲਈ ਬੇਗਾਨਗੀ ਦੇ ਕੁਝ ਵੇਰਵੇ ਦ੍ਰਿਸ਼ਟੀਗੋਚਰ ਹੋ ਹੀ ਜਾਂਦੇ ਹਨ। ਦੇਖੋ :

ਉਹ ਸ਼ਹਿਰ 'ਚ ਜਨਮਿਆ
ਸ਼ਹਿਰ ਦੀਆਂ ਗਲੀਆਂ 'ਚ
ਖੇਡਿਆ, ਮੱਲਿਆ ਤੇ ਜਵਾਨ ਹੋਇਆ।
o
ਸ਼ਹਿਰ ਦੀਆਂ ਸੜਕਾਂ ਉਸ ਨੂੰ
ਉਸ ਦੇ ਪੈਰਾਂ ਦੀ ਆਹਟ ਤੋਂ ਪਛਾਣਦੀਆਂ
ਸ਼ਹਿਰ ਦੀਆਂ ਗਲੀਆਂ, ਮੁਹੱਲੇ ਤੇ ਘਰ
ਉਸ ਨੂੰ ਉਸ ਦੀ ਆਵਾਜ਼ ਤੋਂ ਸਿਆਣਦੇ
ਸ਼ਹਿਰ ਦੇ ਬਜ਼ਾਰ ਉਸ ਦੀ ਸ਼ਨਾਖ਼ਤ
ਉਸ ਦੀ ਖ਼ੁਸ਼ਬੂ ਤੋਂ ਕਰਦੇ।...
o

ਉਹ ਜਵਾਨ ਹੋਇਆ
ਤਾਂ ਰੁਜ਼ਗਾਰ ਲਈ ਪ੍ਰਦੇਸ ਜਾ ਵੱਸਿਆ
ਕਈ ਵਰ੍ਹੇ ਸ਼ਹਿਰ 'ਚ ਵਾਪਸ ਨਾ ਪਰਤਿਆ।

o

ਜਦ ਉਹ ਸ਼ਹਿਰ ਵਾਪਸ ਆਇਆ
ਸ਼ਹਿਰ ਦੇ ਲੋਕ, ਉਹ ਨਹੀਂ ਸਨ
ਗਲੀਆਂ, ਮੁਹੱਲੇ, ਘਰ, ਸੜਕਾਂ, ਬਜ਼ਾਰ,
ਉਹ ਨਹੀਂ ਸਨ ਜੋ ਉਸ ਨੂੰ
ਆਪਣੇ ਸਾਹਾਂ 'ਚ ਜਿਉਂਦੇ ਸਨ
ਉਹਨਾਂ ਉਸ ਨੂੰ ਨਾ ਪਹਿਚਾਣਿਆ। (ਵਾਪਸੀ)

ਇਸ ਸੰਗ੍ਰਹਿ ਵਿਚ ਕਵੀ ਨੇ ਪ੍ਰੇਮ ਦੇ ਅਹਿਸਾਸ ਨਾਲ ਸੰਬੰਧਿਤ ਕੁਝ ਕਵਿਤਾਵਾਂ ਨੂੰ ਵੀ ਸ਼ਾਮਲ ਕੀਤਾ ਹੈ। ਕਵੀ ਅਨੁਸਾਰ ਮਹਿਬੂਬ ਜਦ ਕੋਲ ਹੋਵੇ ਤਾਂ ਸਾਰੀ ਦੁਨੀਆਂ, ਸਾਰੀ ਕਾਇਨਾਤ ਆਪਣੀ ਲੱਗਦੀ ਹੈ ਪਰ ਜਦ ਉਹ ਕੁਝ ਪਲ ਲਈ ਨਜ਼ਰਾਂ ਤੋਂ ਓਝਲ ਹੋ ਜਾਵੇ ਤਾਂ ਸਾਰੀ ਦੁਨੀਆਂ ਬੇਗਾਨੀ ਅਤੇ ਅਜਨਬੀ ਪ੍ਰਤੀਤ ਹੁੰਦੀ ਹੈ। ਪ੍ਰੇਮ ਦੇ ਇਸ ਰੋਮਾਂਟਿਕ ਅਹਿਸਾਸ ਨੂੰ ਕਵੀ ਨੇ ਬੜੇ ਸੁੰਦਰ ਬਿੰਬਾਂ ਦੁਆਰਾ ਪਕੜਿਆ ਹੈ:

ਜਦ ਉਹ ਕੋਲ ਸੀ
ਤਾਂ ਸੂਰਜ, ਚੰਨ, ਸਿਤਾਰੇ ਨਿਗ੍ਹਾ 'ਚ ਸਨ
ਸਾਰੀ ਕਾਇਨਾਤ ਬਾਹਾਂ 'ਚ ਸੀ
ਸਾਰੀ ਦੁਨੀਆਂ ਵੱਸਦੀ ਸਾਹਾਂ 'ਚ ਸੀ।

o

ਉਹ ਜਦ ਕੋਲ ਨਹੀਂ ਸੀ
ਮੇਰੇ ਵਜੂਦ 'ਚੋਂ ਸਭ ਕੁਝ ਨੁੱਚੜ ਗਿਆ
ਇਕ ਕਲਬੂਤ ਲਟਕਦਾ ਹਵਾ 'ਚ ਰਹਿ ਗਿਆ
ਕਬਰਾਂ ਦੀ ਚੁੱਪ ਦੁਆਲੇ ਫੈਲ ਗਈ
ਜ਼ਿੰਦਗੀ ਦੀ ਨਜ਼ਰ 'ਚ ਮੌਤ ਤੈਰ ਗਈ
ਹਵਾ ਠਹਿਰ ਗਈ, ਅਗਨ ਤੇਜਹੀਣ ਹੋ ਗਈ
ਜਲ ਦੇ ਪਿੰਡੇ 'ਚੋਂ ਸਹਿਰਾ ਜਨਮਿਆ
ਅੰਬਰ ਦਾ ਚਿਹਰਾ ਤਿੜਕਿਆ
ਧਰਤੀ ਪੋਟਾ-ਪੋਟਾ ਹੋ ਤਕਸੀਮੀ ਗਈ। (ਉਹ ਕੋਲ ਸੀ)

ਇਸ ਸੰਗ੍ਰਹਿ ਦੀ ਇਕ ਹੋਰ ਕਵਿਤਾ ਵਿਚ ਉਹ ਲਿਖਦਾ ਹੈ ਕਿ ਵਕਤ

ਨੂੰ ਸ਼ਹੀਦਾਂ, ਯੋਧਿਆਂ ਅਤੇ ਗੁਰੂਆਂ-ਪੀਰਾਂ ਦੀ ਸਦਾ ਜ਼ਰੂਰਤ ਰਹਿੰਦੀ ਹੈ। ਵਿਵਸਥਾ, ਵਕਤ ਦੇ ਨੱਕ ਵਿਚ ਨਕੇਲ ਪਾ ਕੇ ਉਸ ਨੂੰ ਆਪਣੇ ਇਸ਼ਾਰਿਆਂ ਉੱਤੇ ਨੱਚਣ ਲਈ ਮਜਬੂਰ ਕਰ ਦਿੰਦੀ ਹੈ। ਜਦ ਵਕਤ, ਵਿਵਸਥਾ ਦਾ ਗ਼ੁਲਾਮ ਬਣ ਜਾਂਦਾ ਹੈ ਤਾਂ ਲੋਕਾਂ ਦੀ ਜ਼ਿੰਦਗੀ ਦੁੱਭਰ ਹੋ ਜਾਂਦੀ ਹੈ। ਉਹ ਵਿਵਸਥਾ ਦੇ ਚੱਕਰਵਿਊਹ ਵਿਚ ਪਿਸਣ ਲੱਗ ਪੈਂਦੇ ਹਨ। ਅਜਿਹੇ ਵਕਤ ਕੋਈ ਈਸਾ ਜਾਂ ਕੋਈ ਗੁਰੂ ਅਰਜਨ ਅੱਗੇ ਆਉਂਦਾ ਹੈ ਅਤੇ ਆਪਣੇ ਜੀਵਨ ਦੀ ਆਹੂਤੀ ਦੇ ਕੇ ਵਕਤ ਨੂੰ ਵਿਵਸਥਾ ਦੇ ਚੁੰਗਲ ਵਿਚੋਂ ਆਜ਼ਾਦ ਕਰਵਾ ਲੈਂਦਾ ਹੈ। ਕਵੀ ਅਜਿਹੇ ਮਹਾਂਨਾਇਕਾਂ ਦਾ ਗੁਣਗਾਨ ਕਰਦਾ ਹੋਇਆ ਲਿਖਦਾ ਹੈ:

ਕਿਸੇ ਈਸਾ, ਕਿਸੇ ਗੁਰੂ ਅਰਜਨ ਦੀ ਬਲੀ
ਸਮਾਂ ਮੰਗਦਾ ਹੈ
ਆਪਣੇ ਕਿਸੇ ਲਾਡਲੇ ਦਾ ਸਿਰ
ਸੂਲੀ ਦੀ ਭੇਟ ਕਰਦਾ ਹੈ
ਕਿਉਂਕਿ ਧਰਤੀ ਜ਼ਿੰਦਗੀ ਦਾ ਤਰਾਨਾ
ਗਾ ਨਹੀਂ ਸਕਦੀ
ਇਸ ਵਧ ਗਏ ਭਾਰ
ਦਾ ਬੋਝ ਉਠਾ ਨਹੀਂ ਸਕਦੀ। (ਵਕਤ)

'ਫ਼ਤਹਿ', 'ਬੁਝਿਆ ਦੀਵਾ', 'ਜਲ ਵਿਚਲਾ ਜਲ', 'ਕੌਣ ਹੈ', 'ਦੂਨੀਆਂ', 'ਖੋਜ' ਅਤੇ 'ਵਾਦੀਆਂ ਦੀ ਆਵਾਜ਼' ਇਸ ਸੰਗ੍ਰਹਿ ਦੀਆਂ ਕੁਝ ਹੋਰ ਉਲੇਖਯੋਗ ਕਵਿਤਾਵਾਂ ਹਨ, ਜਿਨ੍ਹਾਂ ਵਿਚ ਕਵੀ ਆਪਣੇ ਅਨੁਭਵ ਦੇ ਨਵੇਕਲੇ ਧਰਾਤਲਾਂ ਅਤੇ ਅਭਿਵਿਅਕਤੀ ਦੀਆਂ ਕੁਝ ਮੌਲਿਕ ਜੁਗਤਾਂ ਦਾ ਪ੍ਰਕਾਸ਼ ਕਰਦਾ ਹੈ। ਆਪਣੇ ਕਾਵਿ-ਕਰਮ ਦੇ ਨਵੇਕਲੇਪਣ ਦਾ ਪਰਿਚਯ ਕਰਵਾਉਂਦਾ ਹੋਇਆ ਉਹ ਲਿਖ ਜਾਂਦਾ ਹੈ:

ਇਹਨਾਂ ਪਹਾੜੀਆਂ 'ਚ ਗੂੰਜਦੀ
ਜੋ ਮੇਰੀ ਆਵਾਜ਼ ਹੈ
ਮੇਰਾ ਸੱਚ ਹੈ, ਮੇਰੀ ਪਹਿਚਾਣ ਹੈ
ਜੋ ਪਹਾੜ 'ਚੋਂ ਹੋ ਕੇ ਆਉਂਦੀ
ਮੇਰੀ ਦੇਹ ਦੇ ਮੰਦਰ ਦੀ ਘੰਟੀ ਵਜਾਉਂਦੀ!
ਮੈਂ ਤੇਰੀ ਹਾਂ, ਤੇਰੇ ਕੋਲ ਪਰਤ ਆਈ ਹਾਂ
ਕਿਉਂਕਿ ਮੈਂ ਤੇਰਾ ਸਚ ਹਾਂ, ਤੇਰੀ ਸਚਾਈ ਹਾਂ।
(ਵਾਦੀਆਂ ਦੀ ਆਵਾਜ਼)

# 23. ਕੋਰਾ ਕਾਗ਼ਜ਼ (2012)

ਇਸ ਸੰਗ੍ਰਹਿ ਦੀ ਸ਼ੀਰਸ਼ਕ ਕਵਿਤਾ 'ਕੋਰਾ ਕਾਗ਼ਜ਼' ਵਿਚ ਕਵੀ ਆਪਣੇ ਕਾਵਿ-ਕਰਮ ਬਾਰੇ ਆਪਣੇ ਮਨ ਨਾਲ ਕੁਝ ਨਵੇਂ ਅਹਿਦ ਕਰਦਾ ਹੈ, ਕੁਝ ਨਵੇਂ ਫ਼ੈਸਲੇ ਲੈਂਦਾ ਹੈ। ਸੂਝਵਾਨ, ਵਚਨਬੱਧ ਅਤੇ ਸੰਵੇਦਨਸ਼ੀਲ ਕਵੀ ਨਿਰੰਤਰ ਇਹ ਸੋਚਦੇ ਰਹਿੰਦੇ ਹਨ ਕਿ ਕੀ ਲਿਖਿਆ ਜਾਵੇ ਅਤੇ ਕੀ ਨਾ ਲਿਖਿਆ ਜਾਵੇ। ਵਕਤ ਦੇ ਬੇਰਹਿਮ ਅਤੇ ਸਵਾਰਥੀ ਹਾਕਮ ਆਪਣੇ ਮਾਰੂ ਹਥਿਆਰਾਂ ਅਤੇ ਸਾਜ਼ਿਸ਼ਾਂ ਨਾਲ ਜ਼ਿੰਦਗੀ ਦੇ ਸੁੰਦਰ ਚਿਹਰੇ ਉੱਤੇ ਝਰੀਟਾਂ ਪਾਉਂਦੇ ਰਹਿੰਦੇ ਹਨ। ਕਵੀ ਇਹਨਾਂ ਝਰੀਟਾਂ ਦੀ ਹਿਰਦੇਵੇਧਕ ਦਾਸਤਾਨ ਨੂੰ ਲੋਕ-ਮਨਾਂ ਤਕ ਪਹੁੰਚਾਉਣਾ ਚਾਹੁੰਦਾ ਹੈ ਤਾਂ ਜੋ ਇਹਨਾਂ ਸਵਾਰਥੀ ਹਾਕਮਾਂ ਦੇ ਨੱਕ ਵਿਚ ਨਕੇਲ ਪਾਈ ਜਾ ਸਕੇ। ਪਰ ਫਿਰ ਉਹ ਸੋਚਦਾ ਹੈ ਕਿ ਜੇ ਉਹ ਜੀਵਨ ਦੇ ਕੋਝੇ ਅਤੇ ਘਿਨਾਉਣੇ ਪੱਖਾਂ ਦੀ ਬਜਾਇ ਇਸ ਦੇ ਸੁੰਦਰ ਅਤੇ ਕਲਿਆਣਕਾਰੀ ਸਰੂਪ ਨੂੰ ਅੰਕਿਤ ਕਰੇ ਤਾਂ ਅਜਿਹੀ ਲੇਖਣੀ ਮਾਨਵਤਾ ਲਈ ਵਧੇਰੇ ਉਪਯੋਗੀ ਅਤੇ ਸਾਰਥਿਕ ਸਿੱਧ ਹੋਵੇਗੀ। ਇਸੇ ਲਈ ਉਹ ਸੱਚ, ਸੁੰਦਰਤਾ ਅਤੇ ਸ਼ਿਵਮ (ਕਲਿਆਣਕਾਰਤਾ) ਬਾਰੇ ਲਿਖਣ ਦਾ ਸੰਕਲਪ ਕਰ ਲੈਂਦਾ ਹੈ। ਦੇਖੋ:

ਜ਼ਿੰਦਗੀ ਦੇ ਚਿਹਰੇ 'ਤੇ
ਜੇ ਕਿਸੇ ਨੇ ਜ਼ਖ਼ਮ ਲਾਏ ਹਨ
ਜ਼ਿੰਦਗੀ ਦੇ ਜਿਸਮ 'ਤੇ ਛਾਲੇ ਉਗਾਏ ਹਨ
ਜ਼ਿੰਦਗੀ ਨੂੰ ਕੋਹੜ ਤੇ ਕਰੂਪਤਾ ਨਾਲ ਭਰਿਆ ਹੈ
ਉਹ ਇਨਸਾਨ ਸੀ
ਜੋ ਜ਼ਿੰਦਗੀ ਦੇ ਕੋਰੇ ਸੱਚ ਤੋਂ ਅਣਜਾਣ ਸੀ
ਜ਼ਿੰਦਗੀ ਨੇ ਉਸ ਅਣਜਾਣ ਮਨੁੱਖ ਨੂੰ
ਮੁਆਫ਼ ਕਰ ਦਿੱਤਾ।...

o

ਤੂੰ ਜ਼ਿੰਦਗੀ ਦੇ ਕੋਰੇ ਕਾਗ਼ਜ਼ ਨੂੰ
ਮੈਲਾ ਨਾ ਕਰ
ਜੇ ਇਸ 'ਤੇ ਕੁਝ ਲਿਖ਼ਣ ਹੈ, ਧਰਨਾ ਹੈ

ਤਾਂ ਸੱਚ, ਸੁੰਦਰਤਾ, ਕਲਿਆਣ ਧਰ
ਨਾਨਕ, ਬੁੱਧ, ਰਾਮ, ਕ੍ਰਿਸ਼ਨ, ਈਸਾ,
ਅਰਜਨ, ਗੋਬਿੰਦ ਲਿਖ
ਜ਼ਾਲਮ ਜਾਬਰਾਂ ਨੂੰ ਕਦ ਕੋਈ ਯਾਦ ਕਰਦਾ ਹੈ
ਸੱਚ, ਸੁੰਦਰਤਾ, ਕਲਿਆਣ ਦੀਆਂ
ਸੂਰਤਾਂ ਦੇ ਦਰਾਂ 'ਤੇ ਹੀ
ਮਨੁੱਖ ਬਾਲ ਕੇ ਸੁਗੰਧਾਂ ਦੇ
ਚਿਰਾਗ਼ ਧਰਦਾ ਹੈ। (ਕੋਰਾ ਕਾਗ਼ਜ਼)

'ਕਰਮ ਫ਼ਲ' ਇਸ ਸੰਗ੍ਰਹਿ ਦੀ ਇਕ ਹੋਰ ਉਲੇਖਯੋਗ ਕਵਿਤਾ ਹੈ। ਇਸ ਵਿਚ ਕਵੀ ਇਕ ਸੱਚੇ ਅਤੇ ਧਰਮੀ ਪੁਰਖ ਦੇ ਜੀਵਨ-ਬਿਰਤਾਂਤ ਦੀ ਪੇਸ਼ਕਾਰੀ ਕਰਦਾ ਹੈ। ਕਵੀ ਅਨੁਸਾਰ ਅਜੋਕੇ ਪੂੰਜੀਵਾਦੀ ਨਿਜ਼ਾਮ ਵਿਚ ਕਿਸੇ ਸੱਚੇ ਅਤੇ ਧਰਮੀ ਪੁਰਖ ਦੀ ਕੋਈ ਪੁੱਛ-ਪ੍ਰਤੀਤ ਨਹੀਂ ਹੈ। ਕਈ ਵਾਰ ਸੱਚ ਅਤੇ ਧਰਮ ਦੇ ਮਾਰਗ ਉਪਰ ਚੱਲਦਿਆਂ ਹੋਇਆਂ ਹੌਲੀ-ਹੌਲੀ ਅਜਿਹੇ ਮਨੁੱਖ ਦਾ ਸਭ ਕੁਝ ਗਵਾਚ ਜਾਂਦਾ ਹੈ। ਦੇਖੋ:

ਵਸਤੂ ਸੰਸਾਰ ਨੇ ਉਸ ਨੂੰ ਐਸਾ ਘੇਰਿਆ
ਉਸ ਨੂੰ ਪਰਤ-ਦਰ-ਪਰਤ ਉਧੇੜਿਆ
ਉਹ ਆਪਣਾ ਘਰ-ਸੰਸਾਰ
ਆਪਣਾ ਪਰਿਵਾਰ, ਆਪਣੇ ਰਿਸ਼ਤੇਦਾਰ
ਦੋਸਤ-ਮਿੱਤਰ ਸਭ ਕੁਝ ਗਵਾ ਬੈਠਾ
ਸਭ ਕੁਝ ਹਾਰ
ਨੰਗਾ, ਭੁੱਖਾ, ਕੌਡੀ-ਕੌਡੀ ਦਾ ਮੁਹਤਾਜ
ਇਕ ਚੌਰਾਹੇ 'ਚ ਆ ਬੈਠਾ। (ਕਰਮ ਫ਼ਲ)

ਪਰ ਇਹ ਪਰਾਜਯ ਮਨੁੱਖ ਨੂੰ ਹੋਰ ਤਕੜਾ ਅਤੇ ਸ੍ਵੈ-ਸਮਰੱਥ ਬਣਾਉਣ ਵਿਚ ਮਦਦਗਾਰ ਸਿੱਧ ਹੁੰਦੀ ਹੈ। ਕਵੀ ਦਾ ਵਿਸ਼ਵਾਸ ਹੈ ਕਿ ਮਨੁੱਖ ਨੂੰ ਸਚਾਈ ਅਤੇ ਨੇਕੀ ਦੀ ਅੰਤਿਮ ਫ਼ਤਹਿ ਬਾਰੇ ਆਪਣੇ ਵਿਸ਼ਵਾਸ ਨੂੰ ਡੋਲਣ ਨਹੀਂ ਦੇਣਾ ਚਾਹੀਦਾ। ਪ੍ਰਕਿਰਤੀ/ਪ੍ਰਭੂ ਨੇ ਮਨੁੱਖੀ ਹੋਣੀ ਦਾ ਨਿਰਮਾਣ ਕੁਝ ਇਸ ਤਰ੍ਹਾਂ ਨਾਲ ਕੀਤਾ ਹੈ ਕਿ ਉਹ ਡਿੱਗ-ਡਿੱਗ ਕੇ ਸਵਾਰ ਹੁੰਦਾ ਹੈ। ਥਿੜਕਦਾ, ਡੋਲਦਾ ਅਤੇ ਨਿਰਾਸ਼ ਹੋ ਜਾਂਦਾ ਹੈ ਪਰ ਥੋੜ੍ਹੇ ਸਮੇਂ ਬਾਅਦ ਸੰਭਲ ਕੇ ਸਥਿਰ ਹੋ ਜਾਂਦਾ ਹੈ। ਮਨੁੱਖ ਨੂੰ ਚੜ੍ਹਦੀ ਕਲਾ ਵਿਚ ਰਹਿਣਾ ਚਾਹੀਦਾ ਹੈ ਕਿਉਂਕਿ ਅੰਤਿਮ ਜਿੱਤ ਮਨੁੱਖਤਾ ਅਤੇ ਸਚਾਈ ਦੀ ਹੀ ਹੁੰਦੀ ਹੈ। ਦੇਖੋ:

ਉਸ ਨੂੰ ਗਿਆਨ ਹੋਇਆ
ਮਰਨ ਤੋਂ ਪਿੱਛੋਂ ਕੋਈ ਸਵਰਗ ਨਹੀਂ
ਸਚਾਈ, ਈਮਾਨਦਾਰੀ, ਹੱਕ-ਹਲਾਲ ਹੀ
ਮਨੁੱਖ ਦਾ ਕਰਮ ਹੈ, ਧਰਮ ਹੈ
ਮਰਨ ਤੋਂ ਪਿੱਛੋਂ ਸਵਰਗ ਦਾ ਲਾਰਾ ਤਾਂ ਭਰਮ ਹੈ
ਇਸ ਭਰਮ ਅਧੀਨ
ਸੱਚ, ਈਮਾਨਦਾਰੀ, ਹੱਕ-ਹਲਾਲ, ਧਰਮੀ ਜੀਵਨ ਜਿਉਣਾ ਗ਼ਲਤ ਹੈ
ਸੱਚਾ ਸੁੱਚਾ ਤੇ ਜਿਉਂਦਾ ਜੀਵਨ ਜਿਊਣ ਦੀ
ਇਹ ਪਹਿਲੀ ਸ਼ਰਤ ਹੈ
ਕਿ ਕਰਮ ਕਰੋ, ਫ਼ਲ ਦੀ ਆਸ ਨਾ ਰੱਖੋ
ਕਰਮ-ਫ਼ਲ ਦੇ ਲਾਲਚ ਦਾ ਮਨ ਵਿਚ ਵਾਸ ਨਾ ਰੱਖੋ।

(ਕਰਮ ਫਲ)

ਚਰਨ ਸਿੰਘ ਦੀਆਂ ਹੋਰ ਵੀ ਕਈ ਕਵਿਤਾਵਾਂ ਵਿਚ ਉਕਤ ਪ੍ਰਕਾਰ ਦਾ ਸ੍ਵੈ- ਸੰਵਾਦ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹੀਆਂ ਕਵਿਤਾਵਾਂ ਵਿਚ ਕਈ ਵਾਰ ਕਾਵਿਕਤਵ ਘਟਣ ਲੱਗਦਾ ਹੈ। ਪਰ ਕਵੀ ਨੇ ਕਈ ਥਾਵਾਂ ਉਪਰ ਖ਼ੁਦ ਹੀ ਇਸ ਤੱਥ ਦਾ ਪ੍ਰਗਟਾਵਾ ਕੀਤਾ ਹੈ ਕਿ ਕਵਿਤਾ ਉਸ ਲਈ ਨਿਪਟ ਮਨੋਰੰਜਨ ਜਾਂ ਵਕਤ-ਕਟੀ ਦਾ ਸਾਧਨ ਨਹੀਂ ਹੈ ਬਲਕਿ ਇਕ ਗੰਭੀਰ ਪ੍ਰਾਜੈਕਟ ਹੈ। ਇਸ ਪ੍ਰਾਜੈਕਟ ਦੀ ਮਾਅਰਫ਼ਤ ਉਹ ਮਨੁੱਖੀ ਜੀਵਨ ਦੇ ਕੁਝ ਨਵੇਂ ਮਾਡਲ, ਕੁਝ ਨਵੇਂ ਨਕਸ਼ੇ ਘੜ ਰਿਹਾ ਹੈ। ਅਜੋਕੇ ਯੁਗ ਵਿਚ ਕੋਈ ਪੀਰ-ਪੈਗ਼ੰਬਰ ਨਹੀਂ ਰਹੇ ਜਿਹੜੇ ਲੋਕਾਂ ਨੂੰ ਸਹੀ ਜੀਵਨ-ਜਾਚ ਸਮਝਾਉਣ। ਇਸ ਸੂਰਤ ਵਿਚ ਕਵੀਆਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਆਤਮ-ਚਿੰਤਨ ਅਤੇ ਆਤਮ-ਨਿਰੀਖਣ ਦੁਆਰਾ ਜਿਹੜੇ ਵੇਰਵੇ ਉਹਨਾਂ ਦੇ ਹੱਥ ਆਉਂਦੇ ਹਨ, ਉਹਨਾਂ ਨੂੰ ਆਪਣੇ ਪਾਠਕਾਂ ਨਾਲ ਸਾਂਝੇ ਕਰ ਕੇ ਸੁਹਿਰਦ ਕਵੀ ਆਪਣੇ ਕਰਤੱਵ ਦੀ ਪਾਲਣਾ ਕਰਦੇ ਹਨ। ਚਰਨ ਸਿੰਘ ਵੀ ਇਸੇ ਕਰਤੱਵ-ਪਾਲਣਾ ਦੇ ਕਾਰਨ ਹੀ ਉਪਦੇਸ਼ਾਤਮਕ (didactic) ਪ੍ਰਤੀਤ ਹੋਣ ਵਾਲ਼ੀਆਂ ਕਾਵਿ-ਟੁਕੜੀਆਂ ਦੀ ਸਿਰਜਣਾ ਕਰ ਜਾਂਦਾ ਹੈ।

ਇਕ ਹੋਰ ਕਵਿਤਾ ਵਿਚ ਚਰਨ ਸਿੰਘ ਜਿੱਤ ਅਤੇ ਹਾਰ ਦੇ ਸੰਕਲਪਾਂ ਨੂੰ ਪੁਨਰ-ਪਰਿਭਾਸ਼ਿਤ ਕਰਦਾ ਹੋਇਆ ਲਿਖਦਾ ਹੈ ਕਿ ਜੇਤੂ ਅਤੇ ਹਾਰੂ ਧਿਰ ਵਿਚ ਕੋਈ ਬਹੁਤਾ ਅੰਤਰ ਨਹੀਂ ਹੁੰਦਾ, ਮਾਨਸਿਕਤਾ ਦੇ ਪੱਖੋਂ ਦੋਵੇਂ ਇਕੋ ਜਿਹੀਆਂ ਹੁੰਦੀਆਂ ਹਨ। ਪੋਰਸ ਅਤੇ ਸਿਕੰਦਰ ਦੀ ਯੁੱਧ ਤੋਂ ਬਾਅਦ ਹੋਈ ਮਿਲਣੀ ਦੇ

ਇਤਿਹਾਸਕ ਬਿਰਤਾਂਤ ਨੂੰ ਪਿੱਠ-ਭੂਮੀ ਵਿਚ ਰੱਖਦਾ ਹੋਇਆ ਕਵੀ ਲਿਖਦਾ ਹੈ:

ਉਸ ਮੈਨੂੰ ਪੁੱਛਿਆ:
ਦੱਸ! ਤੇਰੇ ਨਾਲ ਕੀ ਸਲੂਕ ਕੀਤਾ ਜਾਏ?
ਮੈਂ ਬੋਲਿਆ:
ਮੇਰੀ ਸ਼ਿਕਸਤ 'ਚੋਂ ਮੈਨੂੰ ਮਨਫ਼ੀ ਕਰ ਦੇ,
ਬਾਕੀ ਮੇਰਾ ਸਵੈ ਹੈ
ਆਪਣੀ ਵਿਜੈ 'ਚੋਂ ਆਪਣਾ ਆਪ ਮਨਫ਼ੀ ਕਰ ਦੇ
ਬਾਕੀ ਤੇਰਾ ਸਵੈ ਹੈ
ਸਵੈ ਦੀ ਹੀ ਸ਼ਿਕਸਤ ਹੈ
ਸਵੈ ਦੀ ਹੀ ਵਿਜੈ ਹੈ
ਮੇਰੇ ਸਵੈ 'ਚੋਂ ਮੈਨੂੰ
ਆਪਣੇ ਸਵੈ 'ਚੋਂ ਆਪਣੇ ਆਪ ਨੂੰ
ਮਨਫ਼ੀ ਕਰ ਦੇ—ਬਾਕੀ ਸਿਰਫ਼ ਸਵੈ ਹੈ
ਫਿਰ ਦੱਸ ਕਿਸ ਦੀ ਹਾਰ ਹੈ
ਕਿਸ ਦੀ ਜਿੱਤ ਹੈ?
ਫਿਰ ਜੋ ਚਾਹੇ ਸਲੂਕ ਕਰ
ਮੇਰੇ ਸਿਰ 'ਤੇ ਆਪਣੀ ਤਲਵਾਰ
ਜਾਂ ਮੇਰੀ ਤਲਵਾਰ 'ਤੇ ਆਪਣਾ ਸਿਰ ਧਰ। **(ਸ਼ਿਕਸਤ ਤੇ ਵਿਜੈ)**

ਚਰਨ ਸਿੰਘ ਮਨੁੱਖੀ ਸ਼ਖ਼ਸੀਅਤ ਉਪਰ ਪੈਣ ਵਾਲੇ ਕਾਲ (time) ਦੇ ਪ੍ਰਭਾਵਾਂ ਬਾਰੇ ਵੀ ਅਤਿ-ਚੇਤੰਨ ਰਹਿੰਦਾ ਹੈ। ਉਸ ਦਾ ਵਿਚਾਰ ਹੈ ਕਿ ਮਨੁੱਖ ਨੇ ਇਤਿਹਾਸ ਅਤੇ ਆਪਣੇ ਜੀਵਨ ਨੂੰ ਸਮਝਣ ਲਈ ਕਾਲ ਨੂੰ ਤਿੰਨ ਭਾਗਾਂ ਵਿਚ ਵਿਭਾਜਿਤ ਕਰ ਲਿਆ ਹੈ: ਭੂਤ, ਵਰਤਮਾਨ ਅਤੇ ਭਵਿੱਖ। ਪਰੰਤੂ ਇਹ ਵਿਭਾਜਨ ਮਕਾਨਕੀ ਹੈ। ਅਸਲ ਵਿਚ ਕਾਲ ਅਖੰਡ/ਅਵੰਡ ਹੈ। ਕਿਸੇ ਵੀ ਮਨੁੱਖ ਦੇ ਜੀਵਨ ਵਿਚ ਜਿਤਨੀ ਦੇਰ ਤਕ ਇਹ ਤਿੰਨੇ ਭਾਗ ਨਿਰੰਤਰ ਗਤੀਸ਼ੀਲ ਰਹਿੰਦੇ ਹਨ, ਉਸ ਦਾ ਜੀਵਨ ਸ਼ਾਂਤ ਅਤੇ ਸਹਿਜ ਬਣਿਆ ਰਹਿੰਦਾ ਹੈ ਪਰ ਜਿਵੇਂ ਹੀ ਕਿਸੇ ਕਾਰਨ (ਆਮ ਤੌਰ 'ਤੇ ਮਨੁੱਖ ਦੇ ਅਕਰਮਕ (passive) ਹੋ ਜਾਣ ਕਰਕੇ) ਇਹਨਾਂ ਵਿਚ ਕਿਸੇ ਪ੍ਰਕਾਰ ਦਾ ਕੋਈ ਗਤੀਰੋਧ ਪੈਦਾ ਹੋ ਜਾਂਦਾ ਹੈ ਤਾਂ ਮਨੁੱਖ ਦਾ ਜੀਵਨ ਵੀ ਉਖੜ ਜਾਂਦਾ ਹੈ। ਕਾਲ ਦੀ ਨਿਰੰਤਰਤਾ ਦਾ ਮਨੁੱਖੀ ਜੀਵਨ ਦੇ ਸੰਦਰਭ ਵਿਚ ਉਲੇਖ ਕਰਦਾ ਹੋਇਆ ਉਹ ਲਿਖਦਾ ਹੈ:

ਮੇਰੇ ਅਤੀਤ ਤੇ ਭਵਿੱਖ 'ਚ
ਮੇਰਾ ਵਰਤਮਾਨ ਠਹਿਰ ਗਿਆ ਹੈ

ਚੁੱਪ ਉਦਾਸੀਆਂ ਤੇ ਵੀਰਾਨੀਆਂ 'ਚ ਘਿਰ ਗਿਆ ਹੈ।...

o

ਵਰਤਮਾਨ 'ਚੋਂ ਜਨਮਿਆ ਭਵਿੱਖ
ਆਪਣੇ ਆਪ 'ਚ ਏਨਾ ਅੱਗੇ ਨਿਕਲ ਗਿਆ ਹੈ
ਕਿ ਵਰਤਮਾਨ ਦੇ ਅੰਗ ਤੇ ਨਕਸ਼
ਤੇ ਚਿਹਰਾ ਭੁੱਲ ਗਿਆ ਹੈ।...

o

ਭੂਤ ਮੇਰੇ ਵਰਤਮਾਨ ਨੂੰ ਕੰਡ ਦੇ ਕੇ
ਏਨਾ ਦੂਰ ਤੁਰ ਗਿਆ ਹੈ
ਕਿ ਵਰਤਮਾਨ 'ਚ ਪਰਤਣਾ ਭੁੱਲ ਗਿਆ ਹੈ।...

o

ਵਰਤਮਾਨ ਨੂੰ ਨਾ ਭਵਿੱਖ ਦੇ ਪਰਤਣ ਦੀ ਆਸ ਹੈ
ਨਾ ਭੂਤ ਦੇ ਮੁੜਨ ਦਾ ਖ਼ਿਆਲ ਹੈ
ਵਰਤਮਾਨ ਇਕੱਲਾ ਹੈ, ਉਦਾਸ ਹੈ
ਵਰਤਮਾਨ ਦੇ ਬੁਢਾਪੇ 'ਚ
ਨਾ ਭਵਿੱਖ ਨਾ ਭੂਤ ਹੀ
ਵਰਤਮਾਨ ਦੇ ਪਾਸ ਹੈ। (ਮੈਂ ਤੇ ਮੇਰਾ ਵਰਤਮਾਨ)

ਚਰਨ ਸਿੰਘ ਦੀਆਂ ਇਹਨਾਂ ਕਵਿਤਾਵਾਂ ਵਿਚ ਮਨੁੱਖੀ ਜੀਵਨ ਦੀ ਅਵਾਜ਼ਾਰੀ ਦੇ ਵੀ ਬਹੁਤ ਸਾਰੇ ਬਿਰਤਾਂਤ ਦ੍ਰਿਸ਼ਟੀਗੋਚਰ ਹੁੰਦੇ ਹਨ। ਪੂੰਜੀਵਾਦੀ ਯੁਗ ਵਿਚ ਮਨੁੱਖ ਉਪਰ ਅਨੇਕ ਪ੍ਰਕਾਰ ਦੇ ਦਬਾਉ ਪੈ ਰਹੇ ਹਨ। ਪ੍ਰਕਿਰਤੀ ਨੇ ਮਨੁੱਖ ਦੀ ਸੰਰਚਨਾ ਕੁਝ ਇਸ ਪ੍ਰਕਾਰ ਕੀਤੀ ਹੈ ਕਿ ਉਹ ਇਕ ਜਾਂ ਦੋ ਪ੍ਰਕਾਰ ਦੇ ਦਬਾਵਾਂ ਨੂੰ ਤਾਂ ਸਹਿਨ ਕਰ ਜਾਂਦਾ ਹੈ, ਇਸ ਤੋਂ ਬਹੁਤੇ ਦਬਾਵਾਂ ਅਧੀਨ ਉਹ ਅਵਾਜ਼ਾਰ ਹੋ ਜਾਂਦਾ ਹੈ। ਬਜ਼ਾਰ ਜਾਂ ਭੀੜ ਵਿਚ ਵਿਚਰਦਾ ਹੋਇਆ ਮਨੁੱਖ ਅਕਸਰ ਹੀ ਤਣਾਉ-ਗ੍ਰਸਤ ਹੋ ਜਾਂਦਾ ਹੈ। ਘਰ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਹੀ ਕੁਝ ਸਹਿਜ ਅਤੇ ਤਣਾਉ-ਮੁਕਤ ਹੁੰਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਉਹ ਜਦ ਆਪਣੇ ਘਰ ਪਰਤਿਆ
ਤਾਂ ਉਸ ਜਾਣਿਆ ਮੁੱਦਤਾਂ ਬਾਅਦ ਉਹ ਆਪ
ਆਪਣੇ ਘਰ ਆਇਆ ਹੈ
ਨਾ ਉਹ ਘਰ ਲਈ ਪਰਾਇਆ ਸੀ
ਨਾ ਉਸ ਲਈ ਘਰ ਪਰਾਇਆ ਸੀ

ਉਹ ਘਰ 'ਚ ਸਮਾਇਆ ਸੀ
ਘਰ ਉਸ 'ਚ ਸਮਾਇਆ ਸੀ
ਉਹ ਆਪਣੇ ਵਿਚਲਾ ਅਵਾਜ਼ਾਰ ਮਨੁੱਖ
ਫੂਕ ਆਇਆ ਸੀ, ਸਾੜ ਆਇਆ ਸੀ
ਬਜ਼ਾਰਾਂ, ਭੀੜਾਂ, ਗਲੀਆਂ, ਚੌਂਕਾਂ
ਚੌਰਾਹਿਆਂ 'ਚ ਪ੍ਰਵਾਹ ਆਇਆ ਸੀ। (ਅਵਾਜ਼ਾਰ ਮਨੁੱਖ)

ਚਰਨ ਸਿੰਘ ਨੂੰ ਭਾਰਤੀ ਮਿਥਿਹਾਸ ਵਿਚ ਵਿਸ਼ੇਸ਼ ਦਿਲਚਸਪੀ ਰਹੀ ਹੈ। ਉਹ ਮਿਥਿਹਾਸਕ ਵੇਰਵਿਆਂ ਨੂੰ ਆਧੁਨਿਕ ਜੀਵਨ ਦੇ ਰੂਪਕ/ਪ੍ਰਤੀਕ ਬਣਾ ਕੇ ਪੇਸ਼ ਕਰਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ 'ਕੱਟਿਆ ਸਿਰ' ਮਹਾਂਭਾਰਤ ਦੇ ਕਈ ਯੋਧਿਆਂ ਵਿਸ਼ੇਸ਼ ਕਰ 'ਵਰਵਰੀਕ' ਦੇ ਕਿਰਦਾਰ ਨੂੰ ਨਵੇਂ ਅਰਥ ਪ੍ਰਦਾਨ ਕਰਦੀ ਹੈ। ਇਸ ਕਵਿਤਾ ਦਾ ਇਕ ਅੰਸ਼ ਦੇਖੋ:

ਮੇਰਾ ਕੱਟਿਆ ਸਿਰ
ਮੇਰੇ ਬਿੰਦੂ ਨੇ ਤਲੀ 'ਤੇ ਉਠਾ ਲਿਆ
ਜੰਗ ਜਾਰੀ ਰਿਹਾ
ਮੇਰੇ ਬਿੰਦੂ ਨੇ ਆਪਣੀ ਹੋਂਦ ਦਾ ਸੱਚ ਪਾਉਣ ਲਈ
ਮੇਰੇ ਧੜ ਵਾਂਗ
ਸਿਰ ਦੇ ਕੱਟ ਜਾਣ ਦਾ ਸੱਚ ਅਪਣਾ ਲਿਆ
ਬਿੰਦੂ ਮੇਰਾ ਸਿਰ ਆਪਣੀ ਤਲੀ 'ਤੇ ਧਰ
ਓਨੀ ਦੇਰ ਤਕ ਲੜਦਾ ਰਿਹਾ
ਜਦ ਤਕ ਮੇਰੀ ਹੋਂਦ ਦਾ
ਉਸ ਸੱਚ ਨਾ ਪਾ ਲਿਆ
ਬਿੰਦੂ ਨੇ ਨਾ ਸੂਰਜ ਵਿਖਾਲਿਆ। (ਕੱਟਿਆ ਸਿਰ)

## 24. ਸ਼ਬਦਾਂ ਦਾ ਸਫ਼ਰ (2012)

ਇਸ ਪੁਸਤਕ ਵਿਚ ਕਵੀ ਦੀਆਂ 28 ਕਵਿਤਾਵਾਂ ਸੰਗ੍ਰਹਿਤ ਹਨ। ਕਵੀ ਨੇ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਜੀਵਨ-ਸਫ਼ਰ ਨਾਲ ਸੰਬੰਧਿਤ ਬਿਰਤਾਂਤ ਪੇਸ਼ ਕੀਤੇ ਹਨ। ਇਸ ਸੰਗ੍ਰਹਿ ਦੀ ਕੇਂਦਰੀ ਕਵਿਤਾ ਵਿਚ ਕਵੀ ਸਪੱਸ਼ਟ ਕਰਦਾ ਹੈ ਕਿ ਸ਼ਬਦ ਅਤੇ ਅਰਥ ਦਾ ਆਪੋ ਵਿਚਲਾ ਰਿਸ਼ਤਾ ਸਥਾਈ ਜਾਂ ਸੁਭਾਵਿਕ ਨਹੀਂ ਹੈ। ਮਨੁੱਖ ਨੇ ਆਪਣੇ ਅੰਦਰਲੇ ਜਗਤ ਨੂੰ ਵਿਅਕਤ ਕਰਨ ਲਈ ਅਤੇ ਬਾਹਰਲੇ ਜਗਤ ਨੂੰ ਕਲਾਤਮਕ/ਕਾਵਿਕ ਸ਼ਨਾਖ਼ਤ ਪ੍ਰਦਾਨ ਕਰਨ ਲਈ ਅਨੇਕ ਸ਼ਬਦਾਂ ਦਾ ਨਿਰਮਾਣ ਕਰ ਲਿਆ ਹੈ। ਦੁਨੀਆਂ ਵਿਚ ਹਜ਼ਾਰਾਂ ਭਾਸ਼ਾਵਾਂ ਹਨ ਅਤੇ ਹਰ ਭਾਸ਼ਾ ਵਿਚ ਸ਼ਬਦਾਂ ਦੀ ਗਿਣਤੀ ਲੱਖਾਂ ਤਕ ਪਹੁੰਚ ਗਈ ਹੈ। ਪਰ ਇਸ ਦੇ ਬਾਵਜੂਦ ਹਰ ਮਨੁੱਖ ਪਾਸ ਬਹੁਤ ਕੁਝ ਅਜਿਹਾ ਹੀ ਹੁੰਦਾ ਹੈ ਜੋ ਅਣਕਿਹਾ ਹੀ ਰਹਿ ਜਾਂਦਾ ਹੈ। ਮਨੁੱਖ ਆਪਣੀ ਤਮਾਮ ਉਮਰ ਵਿਚ ਉਸ ਨੂੰ ਵਿਅਕਤ ਨਹੀਂ ਕਰ ਪਾਉਂਦਾ। ਅਸਲ ਵਿਚ ਹਰ ਸ਼ਬਦ, ਅਵਿਅਕਤ ਭਾਵਾਂ/ਵਸਤਾਂ ਨੂੰ ਬਿਆਨ ਕਰਨ ਲਈ ਇਕ ਅਧੂਰਾ ਜਿਹਾ ਮਾਧਿਅਮ ਹੀ ਹੁੰਦਾ ਹੈ। ਇਹ ਜਟਿਲ ਅਨੁਭਵ ਨੂੰ ਸੁੱਚੇ-ਸੁੱਚੇ ਰੂਪ ਵਿਚ ਮੂਰਤੀਮਾਨ ਨਹੀਂ ਕਰ ਪਾਉਂਦਾ। ਉੱਤਰ-ਆਧੁਨਿਕਤਾਵਾਦੀ/ਵਿਰਚਨਾਵਾਦੀ ਚਿੰਤਕ ਵੀ ਭਾਸ਼ਾ ਦੀ ਇਸ ਅਸਮਰੱਥਾ ਵੱਲ ਬਾਰ-ਬਾਰ ਸੰਕੇਤ ਕਰਦੇ ਰਹਿੰਦੇ ਹਨ। ਚਰਨ ਸਿੰਘ ਨੂੰ ਵੀ ਭਾਸ਼ਾ ਦੀ ਅਸਮਰੱਥਾ ਦਾ ਤੀਖਣ ਬੋਧ ਹੈ। ਇਸੇ ਕਾਰਨ ਉਹ ਲਿਖਦਾ ਹੈ:

ਮੈਂ ਸ਼ਬਦ ਆਪਣੇ ਅਰਥ
ਤੇ ਮਨੁੱਖੀ ਕਤਰੇ 'ਚੋਂ
ਜਦ ਬਾਹਰ ਆਉਂਦਾ ਹਾ
ਤਾਂ ਨਾ ਮਨੁੱਖ 'ਚੋਂ ਆਪਣਾ ਅਰਥ
ਨਾ ਅਰਥ 'ਚੋਂ ਮਨੁੱਖ ਬੋਲਦਾ ਪਾਉਂਦਾ ਹਾਂ
ਮੈਂ ਉਦਾਸ ਹੋ ਜਾਂਦਾ ਹਾਂ।

o

ਇਸ ਯਤਨ 'ਚ ਜੁੜਦਾ ਹਾਂ
ਕਿ ਮੇਰਾ ਅਰਥ ਮਨੁੱਖ ਤਕ ਅੱਪੜੇ

ਤੇ ਮਨੁੱਖ ਮੇਰੇ ਅਰਥ ਤਕ ਅੱਪੜੇ
ਨਾ ਮਨੁੱਖ ਅਰਥ 'ਚ ਅੱਪੜਦਾ ਹੈ
ਨਾ ਅਰਥ ਮਨੁੱਖ 'ਚ ਅੱਪੜਦਾ ਹੈ
ਨਾ ਹੀ ਮੇਰਾ ਯਤਨ ਮੁੱਕਦਾ ਹੈ।

o

ਮੈਂ ਸ਼ਬਦ ਹਾਂ
ਹਰ ਵਾਰ ਆਪਣਾ ਅਰਥ ਉਸਾਰਦਾ ਹਾਂ
ਮਨੁੱਖ 'ਚ ਅਰਥ, ਅਰਥ 'ਚ ਮੰਨੁੱਖ ਉਤਾਰਦਾ ਹਾਂ
ਪਰ ਜਦ ਆਪਣੇ ਆਪ 'ਚ
ਵਾਪਸ ਪਰਤਦਾ ਹਾਂ
ਆਪਣੇ ਯਤਨ 'ਚ ਆਪਣੇ ਆਪ ਨੂੰ ਅਸਫ਼ਲ
ਪਾਉਂਦਾ ਹਾਂ। **(ਸ਼ਬਦ ਦਾ ਸਫ਼ਰ)**

'ਰੁੱਖ ਸ਼ਬਦ ਦਾ ਸਫ਼ਰ', 'ਪਹਾੜ ਸ਼ਬਦ ਦਾ ਸਫ਼ਰ', 'ਸਮੁੰਦਰ ਸ਼ਬਦ ਦਾ ਸਫ਼ਰ' ਅਤੇ 'ਸ਼ਬਦ ਤੋਂ ਅਰਥ : ਅਰਥ ਤੋਂ ਸ਼ਬਦ ਦਾ ਸਫ਼ਰ' ਇਸੇ ਵੰਨਗੀ ਦੀਆਂ ਕੁਝ ਹੋਰ ਕਵਿਤਾਵਾਂ ਹਨ। ਇਹਨਾਂ ਵਿਚੋਂ ਆਖ਼ਰੀ ਕਵਿਤਾ ਸ਼ਬਦ ਦੇ ਅਰਥ ਵਿਚਲੇ ਫ਼ਾਸਲੇ ਨੂੰ ਮੇਟਣ ਦੇ ਕਾਵਿਕ ਪ੍ਰਯਾਸ ਨਾਲ ਸੰਬੰਧਿਤ ਹੈ। ਜਦੋਂ ਕਿ ਪਹਿਲੀਆਂ ਤਿੰਨ ਕਵਿਤਾਵਾਂ ਬਿੰਬਵਾਦੀ ਕਾਵਿ (imagist poetry) ਦੇ ਬੜੇ ਪ੍ਰਮਾਣਿਕ ਨਮੂਨੇ ਪੇਸ਼ ਕਰਦੀਆਂ ਹਨ। ਕਵੀ ਨੇ ਰੁੱਖ, ਪਹਾੜ ਅਤੇ ਸਮੁੰਦਰ ਆਦਿਕ ਕਾਵਿ-ਬਿੰਬਾਂ ਨੂੰ ਕਵਿਤਾਵਾਂ ਦੇ ਕੇਂਦਰ ਵਿਚ ਰੱਖ ਕੇ ਉਹਨਾਂ ਬਾਰੇ ਆਪਣੇ ਭਾਵਾਂ ਦਾ ਸੁੰਦਰ ਇਜ਼ਹਾਰ ਕੀਤਾ ਹੈ। ਦੇਖੋ :

ਮੈਂ 'ਰੁੱਖ' ਸ਼ਬਦ ਹਾਂ
ਮੈਂ ਚਾਹੁੰਦਾ ਹਾਂ ਆਪਣੀ ਛਾਂ
ਹਰ ਮਨੁੱਖ ਦੀ ਸਰਦਲ 'ਤੇ ਧਰ ਆਵਾਂ
ਆਪਣਾ ਫ਼ਲ ਹਰ ਮਨੁੱਖ ਦੇ ਮੂੰਹ ਨੂੰ ਲਾਵਾਂ...
ਤੇ ਹਰ ਮਨੁੱਖ ਦੇ ਚਿਹਰੇ 'ਚੋਂ
'ਮੈਂ-ਰੁੱਖ' ਜੋ ਸ਼ਬਦ ਹਾਂ, ਨਜ਼ਰ ਆਵਾਂ। **(ਰੁੱਖ ਸ਼ਬਦ ਦਾ ਸਫ਼ਰ)**

ਮੈਂ 'ਪਹਾੜ' ਸ਼ਬਦ ਹਾਂ
ਮੈਂ ਚਾਹੁੰਦਾ ਹਾਂ ਆਪਣਾ ਆਪਾ
ਆਪਣੀ ਸਥਿਰਤਾ, ਹੌਸਲਾ ਤੇ ਦ੍ਰਿੜ੍ਹਤਾ
ਆਪਣੀ ਹੋਂਦ, ਸੱਚ ਤੇ ਵਜੂਦ
ਮਨੁੱਖ ਦੇ ਵਜੂਦ 'ਚ ਧਰਾਂ

ਆਪਣੇ ਗੁਣ ਮਨੁੱਖ 'ਚ ਪੈਦਾ ਕਰਾਂ
ਆਪਣੀ ਸ਼ਕਤੀ ਅਤੇ ਅਤੁਲਤਾ
ਮਨੁੱਖ ਦੇ ਸਾਹਾਂ 'ਚ ਘੋਲਾਂ
ਮਨੁੱਖ ਦੀ ਨਜ਼ਰ ਤੋਂ ਦਿਸਹੱਦੇ ਤਕ ਫੈਲਾਂ।
(ਪਹਾੜ ਸ਼ਬਦ ਦਾ ਸਫ਼ਰ)

ਮੈਂ 'ਸਮੁੰਦਰ' ਸ਼ਬਦ ਹਾਂ
ਬੂੰਦਾਂ ਦਾ ਸਮੂਹ ਹਾਂ, ਆਕਾਰ ਹਾਂ
ਮੈਂ ਚਾਹੁੰਦਾ ਹਾਂ
ਮਨੁੱਖ ਮੇਰੀ ਹੋਂਦ ਦਾ ਸੱਚ, ਮੇਰਾ ਵਜੂਦ ਜਾਣੇ
ਮੇਰੇ ਵਿਚਲਾ ਜੀਵਨ ਪਹਿਚਾਣੇ
ਮੇਰੀ ਸੀਰਤ, ਮੇਰੀ ਸੂਰਤ, ਮੇਰੀ ਜ਼ਮੀਰ, ਮੇਰੀ ਤਾਸੀਰ
ਮੇਰੀ ਸੁਭਾਅ ਦਾ ਹਾਣੀ ਹੋਵੇ
ਮੇਰੇ ਅੰਦਰਲੇ ਤੇ ਬਾਹਰਲੇ ਸੱਚ
ਤੋਂ ਜਾਣੂ ਹੋਵੇ। (ਸਮੁੰਦਰ ਸ਼ਬਦ ਦਾ ਸਫ਼ਰ)

ਆਧੁਨਿਕ ਜਗਤ ਵਿਚ ਬਹੁਤ ਸਾਰੇ ਲੋਕਾਂ ਨੂੰ ਇਕਾਂਤ ਅਤੇ ਚੁੱਪ ਦਾ ਅਣਚਾਹਿਆ ਸੰਤਾਪ ਵੀ ਹੰਢਾਉਣਾ ਪੈਂਦਾ ਹੈ। ਬੇਸ਼ੱਕ ਸਾਡੀ ਦੁਨੀਆਂ ਵਿਚ ਮਸ਼ੀਨਾਂ, ਟ੍ਰੈਫ਼ਿਕ ਅਤੇ ਉਦਯੋਗਾਂ ਦਾ ਬੇਹਿਸਾਬਾ ਸ਼ੋਰ ਹੈ ਪਰ ਇਸ ਯੁਗ ਦੀ ਇਕ ਵਿਡੰਬਨਾ ਇਹ ਵੀ ਹੈ ਕਿ ਇਥੇ ਹਰ ਸੰਵੇਦਨਸ਼ੀਲ ਵਿਅਕਤੀ ਚੰਦ ਅਰਥ-ਪੂਰਨ ਅਤੇ ਸੱਚੇ-ਸੁੱਚੇ ਅਲਫ਼ਾਜ਼ ਸੁਣਨ ਲਈ ਤਰਸਿਆ ਰਹਿੰਦਾ ਹੈ। ਮਨੁੱਖ ਨੂੰ ਆਪਣਾ ਕੰਮ-ਧੰਦਾ ਕਰਦਿਆਂ ਜੋ ਬੋਲ ਸੁਣਾਈ ਦਿੰਦੇ ਹਨ, ਉਹਨਾਂ ਵਿਚ ਕੋਈ ਸੂਚਨਾ (information) ਜਾਂ ਹੁਕਮ (order) ਤਾਂ ਹੁੰਦਾ ਹੈ, ਜ਼ਿੰਦਗੀ ਦਾ ਨਿੱਘ ਅਤੇ ਅਪਣੱਤ-ਭਾਵ ਨਹੀਂ ਹੁੰਦੇ। ਇਸੇ ਕਾਰਨ ਅੱਜ ਦਾ ਹਰ ਵਿਅਕਤੀ ਉਪਰਾਮ ਹੈ, ਉਦਾਸ ਹੈ। ਕਵੀ ਇਸ ਉਪਰਾਮਤਾ ਅਤੇ ਉਦਾਸੀ ਨੂੰ ਅਣਚਾਹੇ ਇਕਾਂਤ ਅਤੇ ਬੋਝਲ ਚੁੱਪ ਨਾਲ ਜੋੜ ਕੇ ਵੇਖਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਉਹ ਆਪਣੇ ਅੰਦਰਲੇ ਸ਼ੋਰ ਨਾਲ ਟਕਰਾ ਗਿਆ
ਤੇ ਚੁੱਪ ਹੋ ਗਿਆ
ਆਪਣੇ ਇਕਾਂਤ 'ਚ ਤੁਰ ਗਿਆ
ਜਿਥੇ ਸਿਰਫ਼ ਇਕਾਂਤ, ਚੁੱਪ ਤੇ ਉਹ ਸੀ
ਹੋਰ ਕੋਈ ਨਹੀਂ ਸੀ।...

o

ਉਸ ਦੇ ਕੰਨ ਆਵਾਜ਼ ਲਈ ਤਰਸਦੇ
ਉਸ ਦੀਆਂ ਅੱਖਾਂ ਉਸ ਦੀ ਪਿੱਠ ਨੂੰ ਮੂੰਹ ਅੱਗੇ
ਰੱਖ ਕੇ ਉਸ 'ਚ ਉੱਤਰ ਜਾਂਦੀਆਂ
ਉਸ ਦੀ ਜ਼ੁਬਾਨ ਚੁੱਪ ਤੋੜਨ ਲਈ
ਸੂਲੀ 'ਤੇ ਟੰਗੀ ਜਾਂਦੀ
ਉਸ ਦੀ ਨੀਂਦਰ ਸਾਰੀ-ਸਾਰੀ ਰਾਤ
ਸੁਫ਼ਨਿਆਂ ਦੇ ਆਉਣ ਦੀ ਉਡੀਕ 'ਚ ਜਾਗਦੀ ਰਹਿੰਦੀ
ਉਸ ਦੀਆਂ ਨਜ਼ਰਾਂ ਕਿਸੇ ਸੁੰਦਰ ਬੁੱਤ ਦੀ ਤਲਾਸ਼ 'ਚ
ਉਸ ਦਾ ਚਿਹਰਾ ਤਿਆਗ
ਦਿਸਹੱਦਿਆਂ ਤੋਂ ਪਾਰ ਤੱਕਦੀਆਂ
ਉਸ ਦੇ ਇਕਾਂਤ ਤੇ ਚੁੱਪ ਨੇ
ਉਸ 'ਚੋਂ ਸਭ ਕੁਝ ਨਿਚੋੜ ਲਿਆ।      (ਚੁੱਪ, ਇਕਾਂਤ ਤੇ ਉਹ)

ਕਵੀ ਆਧੁਨਿਕ ਵਿਅਕਤੀ ਦੇ ਇਸ ਦਰਦ ਤੋਂ ਪਰਿਚਿਤ ਹੈ ਕਿ ਉਹ ਟੁਕੜਿਆਂ ਵਿਚ ਤਕਸੀਮਿਆ ਗਿਆ ਹੈ। ਉਸ ਨੂੰ ਸੰਪੂਰਨ ਜਿਉਣ ਦੀ ਜਾਚ ਹੀ ਭੁੱਲ ਗਈ ਹੈ। ਅਜਿਹੇ ਵਿਅਕਤੀ ਨੂੰ ਪ੍ਰੇਮ, ਸਮਰਪਣ ਅਤੇ ਵਫ਼ਾ ਵਰਗੇ ਸ਼ਬਦਾਂ/ਸੰਕਲਪਾਂ ਵਿਚ ਵਿਸ਼ਵਾਸ ਨਹੀਂ ਰਿਹਾ। ਪ੍ਰੇਮ ਕਰਨ ਵਾਲੇ ਦੋ ਵਿਅਕਤੀ ਘੜੀ-ਦੋ ਘੜੀ ਲਈ ਜਦ ਇਕ-ਦੂਜੇ ਨੂੰ ਮਿਲਦੇ ਹਨ ਤਾਂ ਬੇਸ਼ੱਕ ਉਹ ਕਾਫ਼ੀ ਪ੍ਰਸੰਨ ਹੋ ਜਾਂਦੇ ਹਨ ਪਰੰਤੂ ਮਿਲਣ ਦੀਆਂ ਇਹ ਘੜੀਆਂ ਸਮਾਪਤ ਹੋਣ ਦੇ ਨਾਲ ਹੀ ਬਲਕਿ ਇਹਨਾਂ ਤੋਂ ਪਹਿਲਾਂ ਹੀ ਉਹ ਇਕ-ਦੂਜੇ ਲਈ ਅਜਨਬੀ ਬਣ ਜਾਂਦੇ ਹਨ। ਇਸ ਸੂਰਤ ਵਿਚ ਉਹਨਾਂ ਦਾ ਸਮੁੱਚਾ ਜੀਵਨ ਹੀ ਤਣਾਉ-ਗ੍ਰਸਤ ਹੋਇਆ ਰਹਿੰਦਾ ਹੈ। ਆਧੁਨਿਕ ਵਿਅਕਤੀ ਦੀ ਇਸ ਮਨੋਦਸ਼ਾ ਨੂੰ ਰੂਪਮਾਨ ਕਰਦਾ ਹੋਇਆ ਕਵੀ ਲਿਖਦਾ ਹੈ:

ਉਹ ਆਉਂਦਾ ਜਾਂਦਾ ਮੈਨੂੰ ਮਿਲਦਾ ਹੈ
ਮੈਂ ਆਉਂਦਾ ਜਾਂਦਾ ਉਸ ਨੂੰ ਮਿਲਦਾ ਹਾਂ

o

ਅਸੀਂ ਇਕ ਰੁੱਖ ਛਾਵੇਂ ਬੈਠ ਜਾਂਦੇ ਹਾਂ
ਉਹ ਆਪਣਾ ਹਾਲ ਮੈਨੂੰ ਕਹਿੰਦਾ ਹੈ
ਮੈਂ ਆਪਣਾ ਹਾਲ ਉਸ ਨੂੰ ਕਹਿੰਦਾ ਹਾਂ
ਫਿਰ ਕੁਝ ਨਹੀਂ ਹੁੰਦਾ
ਉਹ ਵੀ ਚੁੱਪ ਰਹਿੰਦਾ ਹੈ
ਮੈਂ ਵੀ ਚੁੱਪ ਰਹਿੰਦਾ ਹਾਂ।

o

ਬੱਸ ਜਿਸ ਘੜੀ ਹੀ ਮਿਲਦੇ ਹਾਂ
ਉਸ ਘੜੀ ਹੀ ਜਿਉਂਦੇ ਹਾਂ
ਉਸ ਘੜੀ ਹੀ ਮਿਲਦੇ ਹਾਂ
ਉਹ ਜਦ ਮੇਰੇ ਤੋਂ ਵਿੱਛੜਦਾ ਹੈ
ਮੈਂ ਜਦ ਉਸ ਤੋਂ ਵਿੱਛੜਦਾ ਹਾਂ
ਇਕ ਦੂਜੇ ਨੂੰ ਅਲਵਿਦਾ ਕਹਿੰਦੇ ਹਾਂ
ਇਕ ਦੂਜੇ ਲਈ ਉਦਾਸ ਰਹਿੰਦੇ ਹਾਂ। (ਇਕ ਘੜੀ)

'ਸ੍ਵੈ ਦੀ ਤਲਾਸ਼' ਚਰਨ ਸਿੰਘ ਦੀਆਂ ਕਵਿਤਾਵਾਂ ਵਿਚ ਨਿਰੰਤਰ ਪੇਸ਼ ਹੁੰਦੇ ਰਹਿਣ ਵਾਲਾ ਇਕ ਪ੍ਰਮੁੱਖ ਵਿਸ਼ਾ ਹੈ। ਕਵੀ ਨੂੰ ਇਸ ਤੱਥ ਦਾ ਬੜਾ ਤੀਬਰ ਅਹਿਸਾਸ ਹੈ ਕਿ ਵਿਅਕਤੀ ਲਈ ਆਪਣੇ ਸਵੈਤਵ ਦੀ ਪ੍ਰਾਪਤੀ ਅਤਿਅੰਤ ਜ਼ਰੂਰੀ ਹੈ। ਸਵੈ ਨੂੰ ਪ੍ਰਾਪਤ ਕਰਨ ਤੋਂ ਬਗ਼ੈਰ ਆਦਮੀ ਨਾ ਜਿਉਂਦਿਆਂ ਵਿਚ ਗਿਣਿਆ ਜਾ ਸਕਦਾ ਹੈ, ਨਾ ਮੋਇਆਂ ਵਿਚ। ਪਰ ਸਵੈ ਨੂੰ ਪ੍ਰਾਪਤ ਕਰਨ ਲਈ ਵਿਅਕਤੀ ਨੂੰ ਆਪਣੇ ਬਹੁਤ ਸਾਰੇ ਫ਼ਜ਼ੂਲ ਧੰਦੇ ਤਿਆਗਣੇ ਪੈਂਦੇ ਹਨ, ਕਾਫ਼ੀ ਕੁਝ ਤੋਂ ਮੁਕਤ ਹੋਣਾ ਪੈਂਦਾ ਹੈ, ਪੁਰਸ਼ ਤੋਂ ਮਹਾਂਪੁਰਸ਼ ਹੋਣਾ ਪੈਂਦਾ ਹੈ। ਪਰ ਆਮ ਆਦਮੀ ਇਹ ਸਭ ਨਹੀਂ ਕਰ ਸਕਦਾ। ਕਾਰੋਬਾਰ ਅਤੇ ਪਰਿਵਾਰ ਦੇ ਮੋਹ ਵਿਚ ਫਸਿਆ ਉਹ ਸਵੈ ਤੋਂ ਵਿਜੋਗਿਆ ਹੀ ਰਹਿੰਦਾ ਹੈ। ਆਮ ਆਦਮੀ ਦੀ ਇਸ ਵਿਡੰਬਨਾ ਨੂੰ ਪੇਸ਼ ਕਰਦਾ ਹੋਇਆ ਕਵੀ ਲਿਖਦਾ ਹੈ:

ਮੈਂ ਉਸ ਦੇ ਪਿੱਛੇ-ਪਿੱਛੇ ਦੌੜਦਾ ਹਾਂ
ਉਸ ਨੂੰ ਪਾਉਣ ਲਈ, ਤਾਂ ਕਿ ਮੈਂ ਜਿਉਂਦਾ ਰਹਿ ਸਕਾਂ
ਉਹ ਮੇਰੇ ਅੱਗੇ-ਅੱਗੇ ਦੌੜਦਾ ਹੈ
ਕਿ ਮੈਂ ਉਸ ਨੂੰ ਪਾ ਨਾ ਸਕਾਂ
ਉਸ 'ਚ ਵੱਸ ਨਾ ਸਕਾਂ
ਉਸ ਨੂੰ ਆਪਣੇ 'ਚ ਵਸਾ ਨਾ ਸਕਾਂ।

o

ਮੇਰੀ ਤਲਾਸ਼ ਸੀ ਉਸ ਨੂੰ ਪਾ ਕੇ ਜਿਉਣ ਦੀ
ਉਸ ਦੀ ਮਰਜ਼ੀ ਨਹੀਂ ਸੀ ਮੈਨੂੰ ਪਾ ਕੇ ਮਰਨ ਦੀ
ਉਹ ਮੈਨੂੰ ਛੱਡ ਕੇ ਜਿਉਂਦਾ ਰਿਹਾ
ਮੈਂ ਉਸ ਨੂੰ ਪਾਉਣ ਦੀ ਤਲਾਸ਼ 'ਚ ਮਰ ਗਿਆ
ਮੇਰੀ ਤਲਾਸ਼ 'ਚ ਜੀਵਨ ਧਰਨ ਦੀ ਥਾਂ
ਉਹ ਜਿਉਂਦੀ ਮੌਤ ਧਰ ਗਿਆ। (ਤਲਾਸ਼)

ਇਸ ਪੁਸਤਕ ਵਿਚ ਇਕ-ਦੋ ਪ੍ਰਗੀਤ ਵੀ ਆਏ ਹਨ, ਜਿਨ੍ਹਾਂ ਵਿਚ ਕਵੀ ਨੇ ਆਪਣੀ ਕਾਵਿ-ਸੰਵੇਦਨਾ ਨੂੰ ਬੜੇ ਮੌਲਿਕ ਅਤੇ ਮਨਮੋਹਕ ਅੰਦਾਜ਼ ਵਿਚ ਵਿਅਕਤ ਕੀਤਾ ਹੈ। ਇਕ ਪ੍ਰਗੀਤ ਦੇ ਕੁਝ ਅੰਸ਼ ਦੇਖੋ:

ਆ! ਬੱਦਲ ਤੇਰੇ ਵਾਲੀਂ ਟੂੰਗਾਂ
ਹਿਰਦੇ ਧਰਤ ਵਸਾਵਾਂ
ਅੰਬਰ ਤੇਰੇ ਨੈਣੀਂ ਪਾ ਕੇ
ਮੈਂ ਪੰਛੀ ਹੋ ਜਾਵਾਂ!

o

ਵਗਾਂ ਤੇਰੀ ਦੇਹ ਦੇ ਵਿਹੜੇ
ਬਣ ਹਵਾ ਦਾ ਬੁੱਲ੍ਹਾ
ਤੁਰਾਂ ਤੇਰੇ ਸੰਗ ਮੁੱਠੀ ਫੜ ਕੇ
ਅੰਬਰ ਖੁੱਲ੍ਹਮ-ਖੁੱਲ੍ਹਾ। (ਬੱਦਲ)

# 25. ਬੁੱਕਲ (2012)

ਚਰਨ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ 'ਬੁੱਕਲ' ਵਿਚ ਕਵੀ ਦੀਆਂ 23 ਕਵਿਤਾਵਾਂ ਸੰਗ੍ਰਹਿਤ ਹਨ। ਇਹ ਪੁਸਤਕ ਸ਼ਬਦ ਅਤੇ ਅਰਥ ਦੇ ਜਟਿਲ ਸੰਬੰਧਾਂ ਦੁਆਰਾ ਆਰੰਭ ਹੁੰਦੀ ਹੈ। ਕਵੀ ਅਨੁਸਾਰ ਆਮ ਲੋਕ ਸ਼ਬਦ ਅਤੇ ਅਰਥ ਦੇ ਸਿੱਧ-ਪੱਧਰੇ ਅਤੇ ਸੁਭਾਵਿਕ ਪ੍ਰਤੀਤ ਹੋਣ ਵਾਲੇ ਰਿਸ਼ਤੇ ਨੂੰ ਮੰਨਣ ਦੇ ਆਦੀ ਹੋ ਚੁੱਕੇ ਹਨ। ਉਹਨਾਂ ਨੂੰ ਇਹ ਕਦੇ ਵੀ ਪ੍ਰਤੀਤ ਨਹੀਂ ਹੁੰਦਾ ਕਿ ਹਰ ਸ਼ਬਦ ਦੇ ਅਰਥ ਮਨੁੱਖੀ ਸਮਾਜ ਦੀ ਦੇਣ ਹਨ ਅਤੇ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਲੋਕ, ਸ਼ਬਦਾਂ ਨੂੰ ਮਨ-ਇੱਛਤ ਅਰਥ ਪ੍ਰਦਾਨ ਕਰ ਕੇ ਸੰਚਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਆਏ ਹਨ। ਪਰ ਕਵੀ ਨੂੰ ਸ਼ਬਦਾਂ ਤੇ ਅਰਥਾਂ ਦੀ ਹਕੀਕਤ ਦਾ ਪੂਰਾ-ਪੂਰਾ ਬੋਧ ਹੈ। ਉਹ ਜਾਣਦਾ ਹੈ ਕਿ ਕਿਸੇ ਵੀ ਸ਼ਬਦ ਦੇ ਅਰਥ ਪੂਰੀ ਤਰ੍ਹਾਂ ਨਾਲ ਨਿਸ਼ਚਿਤ ਅਤੇ ਸਥਿਰ ਨਹੀਂ ਹੁੰਦੇ ਬਲਕਿ ਹਰ ਸ਼ਬਦ ਦੇ ਅਰਥ ਅੱਗੇ ਤੋਂ ਅੱਗੇ ਤਿਲ੍ਹਕਦੇ (defer) ਜਾਂਦੇ ਹਨ। ਇਸ ਸਮੱਸਿਆ ਵੱਲ ਸੰਕੇਤ ਕਰਦਾ ਹੋਇਆ ਕਵੀ ਲਿਖਦਾ ਹੈ:

ਤੂੰ ਸ਼ਬਦ ਸੈਂ ਮੈਂ ਅਰਥ ਸਾਂ
ਤੂੰ ਮੇਰੇ 'ਚ ਮੈਂ ਤੇਰੇ 'ਚ ਸਮਾਇਆ ਸਾਂ
ਫਿਰ ਵੀ ਕਦੇ ਤੂੰ ਮੇਰੇ ਲਈ ਪਰਾਇਆ ਸੈਂ
ਮੈਂ ਤੇਰੇ ਲਈ ਪਰਾਇਆ ਸਾਂ।

o

ਕਦੇ ਤੇਰੀ ਕੰਡ ਮੇਰੀ ਕੰਡ ਵੱਲ ਸੀ
ਕਦੇ ਮੇਰੀ ਕੰਡ ਤੇਰੀ ਕੰਡ ਵੱਲ ਸੀ
ਕਦੇ ਚਿਹਰੇ ਸਾਹਵੇਂ ਚਿਹਰਾ ਸੀ
ਕੁਝ ਇਸ ਤਰ੍ਹਾਂ ਦਾ ਝੂਠਾ ਤੇ ਸੱਚਾ ਰਿਸ਼ਤਾ
ਤੇਰਾ ਤੇ ਮੇਰਾ ਸੀ।

o

ਕਦੀ ਤੂੰ ਮੇਰੇ ਆਉਣ ਦੇ ਵਾਅਦੇ 'ਤੇ
ਆਪਣੇ ਕਿਸੇ ਸ਼ਾਸਤਰ ਦੀ ਜਿਲਦ ਦੀ

ਕੰਧ ਹੇਠ ਜਾ ਖਲੋਂਦਾ ਹੈਂ
ਮੈਨੂੰ ਉਡੀਕਦਾ ਹੈਂ
ਮੈਂ ਉਹ ਸ਼ਾਸਤਰ ਤੇ ਤੈਨੂੰ
ਭੁੱਲ ਜਾਂਦਾ ਹਾਂ
ਵਾਅਦਾ ਵਿਸਰ ਜਾਂਦਾ ਹਾਂ।

o

ਜਦ ਜਿਲਦ ਤੋਂ ਬਾਹਰ ਮਿਲਦਾ ਹਾਂ
ਤਾਂ ਕਹਿੰਦਾ ਹਾਂ:
ਤੇਰੇ ਸ਼ਾਸਤਰ ਦੀ ਸੌੜੀ ਧਰਤ 'ਚ
ਮੈਂ ਸਮਾ ਨਹੀਂ ਸਕਦਾ
ਤੈਨੂੰ ਮਿਲਣ ਲਈ ਆ ਨਹੀਂ ਸਕਦਾ
ਬਿੰਦੂ ਦਾ ਸੱਚ ਤੇਰਾ ਏ
ਦਾਇਰੇ ਦਾ ਸੱਚ ਮੇਰਾ ਏ
ਤੇਰੇ ਬਿੰਦੂ 'ਚ ਹੀ ਮੇਰੇ ਦਾਇਰੇ ਦਾ ਅੰਕੁਰ ਹੈ
ਇਸ ਅੰਕੁਰ 'ਚ ਮੇਰੇ ਸੱਚ ਦਾ ਡੇਰਾ ਹੈ
ਕੁਝ ਇਸ ਤਰ੍ਹਾਂ ਦਾ ਸੱਚਾ ਤੇ ਝੂਠਾ ਰਿਸ਼ਤਾ ਮੇਰਾ ਹੈ। (ਰਿਸ਼ਤਾ)

ਇਸ ਸੰਗ੍ਰਹਿ ਦੀਆਂ ਕੁਝ ਹੋਰ ਕਵਿਤਾਵਾਂ ਵਿਚ ਕਵੀ 'ਮੈਂ ਤੇ ਉਹ' (I and He) ਦੇ ਜਟਿਲ ਰਿਸ਼ਤੇ ਨੂੰ ਸਮਝਾਉਂਦਾ ਹੈ। ਕਵੀ ਅਨੁਸਾਰ 'ਉਹ' ਕੋਈ ਅਨਯ (another) ਪੁਰਸ਼ ਨਹੀਂ ਹੁੰਦਾ ਬਲਕਿ 'ਮੈਂ' ਦਾ ਹੀ ਅਜਨਬੀਕ੍ਰਿਤ ਰੂਪ ਹੁੰਦਾ ਹੈ। ਰੋਜ਼ਗਾਰ ਪ੍ਰਾਪਤੀ ਲਈ ਪਿੰਡ ਦਾ ਕੋਈ ਵਿਅਕਤੀ ਜਦੋਂ ਸ਼ਹਿਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸ ਦੇ ਸਾਰੇ ਸਮੀਕਰਣ ਬਦਲ ਜਾਂਦੇ ਹਨ। ਉਹ ਆਪਣੀ ਪੇਂਡੂ ਸ਼ਨਾਖ਼ਤ ਨੂੰ ਪਿੱਠ ਪਿੱਛੇ ਕਰ ਕੇ ਛਿਪਾ ਲੈਂਦਾ ਹੈ ਅਤੇ ਨਵੇਂ-ਨਵੇਂ ਸਿੱਖੇ ਸ਼ਹਿਰੀ ਅਦਬ-ਅਦਾਬ ਨੂੰ ਇਕ ਤਮਗ਼ੇ ਵਾਂਗ ਆਪਣੀ ਹਿੱਕ ਉਪਰ ਸਜਾ ਲੈਂਦਾ ਹੈ ਤਾਂ ਜੋ ਉਸ ਦੀ ਸ਼ਹਿਰੀ ਪਹਿਚਾਣ ਸਭ ਨੂੰ ਨਜ਼ਰ ਆ ਜਾਵੇ। ਇਸ ਸੂਰਤ ਵਿਚ ਕਦੋਂ ਇਕ ਪੇਂਡੂ ਵਿਅਕਤੀ ਦਾ ਪੂਰੀ ਤਰ੍ਹਾਂ ਨਾਲ ਸ਼ਹਿਰੀਕਰਣ ਹੋ ਜਾਂਦਾ ਹੈ ਅਤੇ ਕਿਵੇਂ ਪਿੰਡ ਉਸ ਦੀ ਸ਼ਨਾਖ਼ਤ ਵਿਚੋਂ ਪੂਰੀ ਤਰ੍ਹਾਂ ਨਾਲ ਮਿਟ ਜਾਂਦਾ ਹੈ, ਇਸ ਭੇਦ ਦੀ ਆਮ ਵਿਅਕਤੀ ਨੂੰ ਸਮਝ ਨਹੀਂ ਆਉਂਦੀ। ਚਰਨ ਸਿੰਘ ਇਸ ਭੇਤ ਨੂੰ ਉਜਾਗਰ ਕਰਦਾ ਹੋਇਆ ਲਿਖਦਾ ਹੈ:

ਉਹ ਮੇਰੇ ਅੱਗੇ-ਅੱਗੇ ਤੁਰਦਾ ਜਾ ਰਿਹਾ ਸੀ
ਉਸ ਦੀ ਕੰਡ ਤੇ ਇਕ ਪਿੰਡ ਦਾ ਚਿਹਰਾ
ਲਟਕ ਰਿਹਾ ਸੀ।

o

ਮੈਂ ਉਸ ਦੇ ਪਿੱਛੇ-ਪਿੱਛੇ ਜਾ ਰਿਹਾ ਸਾਂ
ਮੇਰੀ ਹਿੱਕ 'ਤੇ ਇਕ ਸ਼ਹਿਰ
ਲਟਕ ਰਿਹਾ ਸੀ।

o

ਉਸ ਦੀ ਕੰਡ 'ਚੋਂ ਪਿੰਡ
ਮੇਰੀ ਹਿੱਕ 'ਤੇ ਵੱਸਦੇ ਸ਼ਹਿਰ ਵੱਲ ਭੱਜਿਆ
ਮੇਰੀ ਹਿੱਕ 'ਚ ਵੱਸਦਾ ਸ਼ਹਿਰ
ਪਿੰਡ ਵੱਲ ਭੱਜਿਆ
ਪਿੰਡ ਸ਼ਹਿਰ 'ਚ ਸਿਮਟ ਗਿਆ, ਤੇ
ਇਕ ਸੰਤੁਲਨ-ਨਗਰ ਦਾ ਜਨਮ ਹੋਇਆ।

o

ਸੰਤੁਲਨ-ਨਗਰ ਜਨਮ ਕੇ
ਉਹ ਬਹੁਤ ਅੱਗੇ ਨਿਕਲ ਗਿਆ
ਮੈਂ ਬਹੁਤ ਪਿੱਛੇ ਰਹਿ ਗਿਆ
ਤੇ ਅਸੀਂ ਦੋਵੇਂ
ਇਕ ਦੂਜੇ ਨੂੰ ਦਿਸਣੋਂ ਹਟ ਗਏ। (ਮੈਂ ਤੇ ਉਹ)

ਇਸ ਸੰਗ੍ਰਹਿ ਦੀ ਇਕ ਹੋਰ ਉਲੇਖਯੋਗ ਕਵਿਤਾ 'ਜਾਲੇ' ਹੈ, ਜਿਸ ਵਿਚ ਕਵੀ ਨੇ ਜਾਲਿਆਂ ਦੇ ਪ੍ਰਤੀਕ ਦੁਆਰਾ ਮਨੁੱਖ ਦੇ ਵਜੂਦ ਅੰਦਰ ਨਿਰੰਤਰ ਲੱਗਦੇ, ਉੱਗਦੇ, ਵਧਦੇ ਜਾਲਿਆਂ ਦਾ ਵਰਣਨ ਕੀਤਾ ਹੈ। ਕਵੀ ਅਨੁਸਾਰ ਜਿਸ ਪ੍ਰਕਾਰ ਮਨੁੱਖ ਦੇ ਰਹਿਣ ਵਾਲੇ ਘਰ ਵਿਚ ਜਾਲੇ ਲੱਗਦੇ ਰਹਿੰਦੇ ਹਨ, ਉਸੇ ਤਰ੍ਹਾਂ ਮਨੁੱਖ ਦੇ ਅੰਦਰ ਵੀ ਕਈ ਪ੍ਰਕਾਰ ਦੇ ਜਾਲੇ ਉੱਗਦੇ ਰਹਿੰਦੇ ਹਨ। ਜੇ ਮਨੁੱਖ ਇਹਨਾਂ ਵੱਲ ਧਿਆਨ ਨਹੀਂ ਦਿੰਦਾ ਤਾਂ ਇਹ ਵਧ ਕੇ ਉਸ ਦੇ ਪੂਰੇ ਵਜੂਦ ਨੂੰ ਢੱਕ ਲੈਂਦੇ ਹਨ। ਜਾਲੇ, ਮਨੁੱਖ ਦੀ ਰਚਨਾਤਮਕ ਸਮਰੱਥਾ ਨੂੰ ਨਸ਼ਟ ਕਰ ਦਿੰਦੇ ਹਨ, ਉਸ ਦੀ ਊਰਜਾ ਨੂੰ ਪੂਰੀ ਤਰ੍ਹਾਂ ਨਾਲ ਨਿਚੋੜ ਦਿੰਦੇ ਹਨ। ਇਸ ਕਾਰਨ ਮਨੁੱਖ ਨੂੰ ਇਹਨਾਂ ਦੀ ਸਫ਼ਾਈ ਪ੍ਰਤੀ ਚੇਤੰਨ ਰਹਿਣਾ ਚਾਹੀਦਾ ਹੈ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ :

ਜਾਲੇ ਜਦ ਜੀਵਨ ਨੂੰ ਲੱਗਦੇ ਹਨ
ਜੀਵਨ ਦੀ ਗਤੀ ਰੁਕਦੀ ਹੈ
ਜ਼ਿੰਦਗੀ ਨੂੰ ਨਾ ਸੂਰਜ, ਨਾ ਧੁੱਪ, ਨਾ ਹਵਾ ਲੱਗਦੀ ਹੈ
ਜ਼ਿੰਦਗੀ ਮੌਤ 'ਚ ਢਲਦੀ ਹੈ

ਖ਼ੁਸ਼ੀਆਂ, ਖ਼ੁਸ਼ਹਾਲੀਆਂ ਤੇ ਰੌਣਕਾਂ ਦੇ ਚਿਹਰੇ
ਜ਼ਰਦ ਹੁੰਦੇ ਹਨ
ਮਘਦੇ ਸੂਰਜਾਂ ਦੇ ਪਿੰਡੇ ਸਰਦ ਹੁੰਦੇ ਹਨ
ਜਾਲੇ ਜਿਉਂਦੀ ਜ਼ਿੰਦਗੀ ਖੰਡਰ ਹੋ ਜਾਂਦੀ ਹੈ
ਸ਼ਮਸ਼ਾਨ ਦੀ ਧਰਤ ਕਬਰਾਂ ਦਾ ਅੰਬਰ ਹੋ ਜਾਂਦੀ ਹੈ

o

ਜਾਲੇ ਲੱਗਿਆਂ ਘਰਾਂ 'ਚ
ਕੀੜਿਆਂ, ਮਕੌੜਿਆਂ ਤੇ ਕਾਢਿਆਂ ਤੋਂ ਸਿਵਾ
ਕੋਈ ਹੋਰ ਨਹੀਂ ਰਹਿੰਦਾ
ਤੂੰ ਵੀ ਆਪਣੀ ਦੇਹ ਨੂੰ ਜਾਲਿਆਂ ਦਾ ਵਜੂਦ ਨਾ ਬਣਾ
ਕਿ ਤੇਰੇ ਦਿਲ 'ਚ ਕੋਈ ਨਾ ਉਤਰੇ
ਤੇਰਿਆਂ ਨੈਣਾਂ 'ਚ ਕੋਈ ਨਾ ਝਾਕੇ
ਇਥੋਂ ਤਕ ਕਿ ਤੇਰਾ ਆਪਣਾ ਹੀ ਸਾਇਆ
ਤੇਰੇ 'ਚ ਪਰਤਣ ਲਈ
ਤੇਰੀ ਦੇਹ ਦੀ ਸਰਦਲ 'ਤੇ ਹੀ
ਦਮ ਤੋੜ ਜਾਵੇ। (ਜਾਲੇ)

ਕਵੀ ਮਨੁੱਖੀ ਜੀਵਨ ਦੇ ਕਈ ਅਨੁਭਵਾਂ ਨੂੰ ਨਵੀਂ ਦ੍ਰਿਸ਼ਟੀ ਤੋਂ ਦੇਖਦਾ ਅਤੇ ਬਿਆਨਦਾ ਹੈ। ਇਕ ਕਵਿਤਾ ਵਿਚ ਉਹ ਲਿਖਦਾ ਹੈ ਕਿ ਪਿੰਜਰਾ (ਕੈਦ) ਹੀ ਮਨੁੱਖ ਨੂੰ ਪ੍ਰਵਾਜ਼ (ਆਜ਼ਾਦੀ) ਦੇ ਸਹੀ ਅਰਥ ਸਮਝਾਉਂਦਾ ਹੈ। ਜਿਹੜਾ ਵਿਅਕਤੀ ਕਦੇ ਬੰਦੀਵਾਨ ਹੀ ਨਹੀਂ ਬਣਿਆ, ਉਸ ਨੂੰ ਆਜ਼ਾਦੀ ਦੇ ਮੁੱਲ ਅਤੇ ਮਹੱਤਵ ਬਾਰੇ ਕੀ ਪਤਾ ਲੱਗਣਾ ਹੋਇਆ ? ਪਿੰਜਰੇ ਵਿਚ ਪੈ ਕੇ ਹੀ ਪੰਛੀ ਨੂੰ ਪ੍ਰਵਾਜ਼ ਦੇ ਆਨੰਦ ਦਾ ਬੋਧ ਪ੍ਰਾਪਤ ਹੁੰਦਾ ਹੈ। ਇਸ ਤੱਥ ਨੂੰ ਬਿਆਨ ਕਰਦਾ ਹੋਇਆ ਕਵੀ ਲਿਖਦਾ ਹੈ:

ਇਸ ਪ੍ਰਯੋਜਨ ਲਈ ਪੰਛੀ ਨੇ ਆਪਣੇ ਆਲੇ-ਦੁਆਲੇ
ਆਪਣੀ ਕੈਦ ਸਿਰਜ ਲਈ, ਪਿੰਜਰਾ ਸਿਰਜ ਲਿਆ
ਖੁੱਲ੍ਹਤਾ ਦੀ ਬੰਦਿਸ਼ ਦੀ ਔਕਾਤ ਸਿਰਜ ਲਈ
ਖੰਭਾਂ 'ਚੋਂ ਪ੍ਰਵਾਜ਼ ਨਿਚੋੜਿਆ
ਗਤੀਆਂ ਦੇ ਚਸ਼ਮੇ 'ਤੇ ਪੱਥਰ ਧਰ ਦਿੱਤੇ
ਨਜ਼ਰਾਂ 'ਚੋਂ ਦਿਸਹੱਦੇ ਉਤਾਰ ਕੇ
ਪਿੰਜਰੇ 'ਚ ਪੈ ਗਿਆ।
ਆਜ਼ਾਦੀ ਤੇ ਪ੍ਰਵਾਜ਼ 'ਚੋਂ ਗ਼ੁਲਾਮੀ ਸਿਰਜ ਲਈ

ਪਿੰਜਰੇ ਦੀ ਕੈਦ ਬਣ ਕੇ ਰਹਿ ਗਿਆ।

o

ਪੰਛੀ ਪਿੰਜਰਾ ਜਿਉਂਦਾ ਰਿਹਾ
ਪਿੰਜਰਾ ਪੰਛੀ ਦੀ ਦੇਹ ਹੰਢਾਉਂਦਾ ਰਿਹਾ
ਆਖ਼ਰ ਪਿੰਜਰੇ ਨੇ ਪੰਛੀ ਨੂੰ
ਉਸ ਦਾ ਸੱਚ ਜਿਉਣ ਤੇ ਹੰਢਾਉਣ
ਦਾ ਆਦੀ ਬਣਾ ਦਿੱਤਾ
ਪੰਛੀ ਆਪਣੀ ਸੋਚ ਜਿਉਂਦਾ, ਮਨ 'ਚ ਹੰਢਾਉਂਦਾ
ਆਪਣੀ ਪ੍ਰਵਾਜ਼ ਭਰਦਾ ਰਿਹਾ
ਆਕਾਸ਼ 'ਤੇ ਉਡਾਰੀਆਂ ਲਾਉਂਦਾ ਰਿਹਾ
ਮਨ ਦੀ ਆਜ਼ਾਦ ਫ਼ਿਜ਼ਾ 'ਚ ਭੌਂਦਾ ਰਿਹਾ
ਤਰਾਨੇ ਮੌਸਮਾਂ, ਬਹਾਰਾਂ, ਰੁੱਤਾਂ ਦੇ ਗਾਉਂਦਾ ਰਿਹਾ।

o

ਪਿੰਜਰੇ ਦੀ ਕੈਦ ਨੇ
ਪੰਛੀ ਨੂੰ ਪੰਛੀ ਦੇ ਅੰਦਰ ਦਾ ਸੱਚ ਵਿਖਾ ਦਿੱਤਾ
ਪੰਛੀ ਨੂੰ ਆਪਣਾ ਸੱਚ ਜਿਉਣਾ ਸਿਖਾ ਦਿੱਤਾ।...

**(ਪਿੰਜਰਾ ਤੇ ਪੰਛੀ)**

# 26. ਸ਼ੀਸ਼ੇ ਦਾ ਸ਼ਹਿਰ (2012)

ਇਸ ਪੁਸਤਕ ਵਿਚ ਕਵੀ ਦੀਆਂ 26 ਕਵਿਤਾਵਾਂ ਸੰਗ੍ਰਹਿਤ ਹਨ। 'ਸ਼ੀਸ਼ਾ' ਜਾਂ 'ਦਰਪਣ' ਕਵੀ ਦਾ ਮਨਭਾਉਂਦਾ ਪ੍ਰਤੀਕ ਹੈ ਅਤੇ ਇਸ ਪ੍ਰਤੀਕ ਨੂੰ ਕੇਂਦਰ ਵਿਚ ਰੱਖ ਕੇ ਉਸ ਨੇ ਬਹੁਤ ਸਾਰੀਆਂ ਕਵਿਤਾਵਾਂ ਦੀ ਰਚਨਾ ਕੀਤੀ ਹੈ। 'ਸ਼ੀਸ਼ੇ ਦਾ ਸ਼ਹਿਰ' ਦੇ ਪ੍ਰਤੀਕ ਰਾਹੀਂ ਕਵੀ ਆਧੁਨਿਕ ਜਗਤ ਦੀ ਨੁਹਾਰ ਨੂੰ ਪ੍ਰਗਟ ਕਰ ਰਿਹਾ ਹੈ। ਕਵੀ ਅਨੁਸਾਰ ਸ਼ੀਸ਼ੇ ਦਾ ਸ਼ਹਿਰ ਜੰਗਲ ਵਿਚੋਂ ਜਨਮਿਆ ਹੈ। ਜੰਗਲੀ ਸਭਿਅਤਾ/ਸਭਿਆਚਾਰ ਨੇ ਹੀ ਵਿਕਾਸ ਕਰ ਕੇ ਸ਼ੀਸ਼ੇ ਦੇ ਸਕਾਈਸਕਰੈਪਰ ਉਸਾਰ ਲਏ ਹਨ ਅਤੇ ਆਧੁਨਿਕ ਮਨੁੱਖ ਇਹਨਾਂ ਸਕਾਈਸਕਰੈਪਰਾਂ ਵਿਚ ਬੰਦੀਵਾਨ ਹੋ ਕੇ ਰਹਿ ਗਿਆ ਹੈ। ਉਹ ਇਸ ਮਨੁੱਖ ਨੂੰ ਹਲਾਸ਼ੇਰੀ ਦੇ ਕੇ ਜੀਵਨ-ਸੰਘਰਸ਼ ਵਿਚ ਭਾਈਵਾਲ ਬਣਨ ਲਈ ਉਤਸਾਹਿਤ ਕਰਦਾ ਹੈ। ਦੇਖੋ:

ਰੁੱਖਾਂ ਦੇ ਜੰਗਲ 'ਚੋਂ ਜਨਮੇ ਨੇ
ਕਈ ਸੀਸ਼ੇ ਦੇ ਸ਼ਹਿਰ
ਰੰਗੀਨੀਆਂ, ਰੌਣਕਾਂ ਹੰਢਾ ਰਹੇ ਲੋਕਾਂ ਨੂੰ ਵੇਖ
ਪੱਥਰਾਂ ਨੇ ਧਾਰਿਆ ਹੈ ਖ਼ਲਕਤ ਲਈ ਘਰਾਂ ਦਾ ਰੂਪ
ਚੁੱਲ੍ਹਿਆਂ 'ਚੋਂ ਨਿਕਲਦੇ ਧੂੰਏਂ ਨੂੰ ਵੇਖ
ਸੜਕਾਂ, ਚੌਂਕਾਂ, ਚੌਰਾਹਿਆਂ 'ਚ ਉੱਠਦੀ-ਬੈਠਦੀ
ਤੁਰਦੀ ਜ਼ਿੰਦਗੀ ਨੂੰ ਵੇਖ
ਵੇਖ! ਸ਼ਹਿਰ ਦੀਆਂ ਕਾਰਾਂ ਦੀ ਭੀੜ 'ਚ
ਸੜਕ 'ਤੇ ਇਕ ਪਰਿੰਦਾ ਦਾਣਾ ਚੁਗ ਰਿਹਾ
ਤੇ ਸ਼ਹਿਰ ਦੀ ਅਠਾਰ੍ਹਵੀਂ ਮੰਜ਼ਿਲ 'ਤੇ
ਆਪਣੇ ਆਲ੍ਹਣੇ ਵੱਲ ਮੁੜ ਰਿਹਾ।...

o

ਆਪਣਾ ਆਕਾਸ਼ ਜਿਉਂਦਾ ਰੱਖਣ ਲਈ
ਧਰਤੀ ਦੀ ਮਹਿਕ ਦੀ ਖ਼ਾਤਰ

ਕਾਫ਼ਲੇ 'ਚ ਉਤਰ
ਕਾਫ਼ਲੇ ਦੇ ਪੈਰਾਂ ਦੀ ਗਤੀ ਹੋ ਵਿਚਰ ਜਾ
ਅਗਨ ਖ਼ਾਤਰ, ਹਵਾ ਖ਼ਾਤਰ
ਕਾਫ਼ਲੇ ਦੇ ਵਜੂਦ ਦੇ ਸਾਹਾਂ 'ਚ ਉਤਰ ਜਾ
ਜਲ ਖ਼ਾਤਰ
ਕਾਫ਼ਲੇ ਦੀ ਹੋਂਦ ਦੇ ਸੱਚ 'ਚ ਸਮਾ ਜਾ। (ਪੱਥਰ ਦੇ ਪੈਰ)

'ਸ਼ੀਸ਼ੇ ਦਾ ਸ਼ਹਿਰ' ਦੀ ਇਕ ਕਵਿਤਾ ਵਿਚ ਕਵੀ ਨੇ ਮੰਡੀ-ਸਭਿਆਚਾਰ ਦੀ ਇਕ ਨੰਗੀ ਅਤੇ ਭੱਦੀ ਤਸਵੀਰ ਪੇਸ਼ ਕੀਤੀ ਹੈ। ਕਵੀ ਨੇ ਦਰਸਾਇਆ ਹੈ ਕਿ ਅਜੋਕੇ ਮੰਡੀ-ਸਭਿਆਚਾਰ ਵਿਚ ਕਵਿਤਾ ਅਤੇ ਕਲਾ ਵਰਗੀਆਂ ਪਵਿੱਤਰ ਗਤੀਵਿਧੀਆਂ ਵੀ ਅਛੂਤੀਆਂ ਨਹੀਂ ਰਹੀਆਂ। ਇਸ ਸਭਿਆਚਾਰ ਵਿਚ ਹਰ ਚੀਜ਼ ਦੀ ਬੋਲੀ ਲੱਗ ਰਹੀ ਹੈ ਕਿਉਂਕਿ ਹਰ ਚੀਜ਼ ਵਿਕਾਊ ਹੈ। ਬਲਕਿ ਜਿਹੜੀ ਚੀਜ਼ ਬਹੁਤੀ ਕੀਮਤ ਉੱਤੇ ਵਿਕ ਰਹੀ ਹੈ ਉਸ ਨੂੰ ਉਚੇਰੀ ਅਤੇ ਸਰਵੋਤਮ ਘੋਸ਼ਿਤ ਕੀਤਾ ਜਾ ਰਿਹਾ ਹੈ। ਇਸ ਸਭਿਆਚਾਰ ਦੀ ਇਕ ਝਾਕੀ ਪੇਸ਼ ਕਰਦਾ ਹੋਇਆ ਕਵੀ ਲਿਖਦਾ ਹੈ:

ਸੁਰ ਸੰਗੀਤ ਨ੍ਰਿਤ ਸਾਜ਼ ਦੀ
ਇਹ ਦੁਨੀਆਂ ਹੈ
ਪੈਰ ਪੈਰ 'ਤੇ ਲੱਗੇ, ਜਿਸਮਾਂ ਦੇ ਬਾਜ਼ਾਰ ਸਜੇ ਹਨ
ਕਾਮ ਦੇ ਤਾਲ 'ਤੇ ਨੱਚਦੀ
ਵਾਸ਼ਨਾ ਦੇ ਦਰਬਾਰ ਸਜੇ ਹਨ।

o

ਇਸ ਕੋਠੇ 'ਤੇ
ਔਰਤ, ਮਾਂ, ਭੈਣ, ਧੀ, ਪਤਨੀ,
ਕਿਸੇ ਵੀ ਰਿਸ਼ਤੇ 'ਚ ਨਹੀਂ ਵੰਡੀ
ਸਮਾਜ ਦੀਆਂ ਰਸਮਾਂ, ਰੀਤਾਂ, ਰਿਵਾਜਾਂ ਦਾ
ਬੋਝ ਉਤਾਰੀ, ਆਪਣੀ ਜ਼ਮੀਰ ਦਾ ਸੱਚ ਮਾਰੀ
ਕੋਠੇ ਦੀ ਹਰ ਔਰਤ ਹੈ ਰੰਡੀ। (ਸ਼ਰਾਬਣ ਕਵਿਤਾ)

ਕਵੀ ਲਿਖਦਾ ਹੈ ਕਿ ਉਹ ਆਪਣੀ ਕਿਸੇ ਵੀ ਕਵਿਤਾ ਨੂੰ ਇਸ ਮੰਡੀ ਵਿਚ ਨਹੀਂ ਉਤਾਰ ਸਕਦਾ। ਉਸ ਦੀਆਂ ਕਵਿਤਾਵਾਂ ਚਕਲਾ-ਘਰਾਂ ਵਿਚ ਮਜਬੂਰ ਕਰ ਕੇ ਬਿਠਾਈਆਂ ਗਈਆਂ ਤਵਾਇਫ਼ਾਂ ਵਾਂਗ ਹਵਸ ਵਿਚ ਅੰਨ੍ਹੇ ਗਾਹਕਾਂ ਦਾ ਮਨੋਰੰਜਨ ਨਹੀਂ ਕਰ ਸਕਦੀਆਂ। ਕਵੀ ਆਪਣੀਆਂ ਰਚਨਾਵਾਂ

ਦੀ ਪਵਿੱਤਰਤਾ ਨੂੰ ਸਲਾਮਤ ਰੱਖਣ ਦਾ ਅਹਿਦ ਕਰਦਾ ਹੈ ਅਤੇ ਮੰਡੀ-ਸਭਿਆਚਾਰ ਦੇ ਵਿਰੁੱਧ ਵਿਦਰੋਹ ਦਾ ਐਲਾਨ ਕਰਦਾ ਹੈ। ਇਸ ਕਵਿਤਾ ਦੇ ਅੰਤਿਮ ਅੰਸ਼ ਦੇਖੋ:

ਇਹ ਉਸ ਬਾਗ਼ੀ ਸ਼ਾਇਰ ਦੀ ਰੂਹ ਹੈ
ਪਿਆਰ ਮੁਹੱਬਤ ਦੀ ਖ਼ੁਸ਼ਬੂ ਹੈ
ਜਿਸ ਨੂੰ, ਇਹ ਸਹਿ ਨਹੀਂ ਸਕਦੀ
ਉਸ ਨਾਲ ਕਦੀ ਵੀ, ਇਕ ਪਲ ਰਹਿ ਨਹੀਂ ਸਕਦੀ
ਆਪਣੀ ਔਕਾਤ ਭੁਲਾ ਨਹੀਂ ਸਕਦੀ
ਚੰਦ ਸਿੱਕਿਆਂ ਦੇ ਲਾਲਚ ਖ਼ਾਤਰ
ਆਪਣੇ ਸੁਰਖ਼ ਰੰਗ ਨੂੰ
ਕਿਸੇ ਸੱਪ ਦੇ ਮੂੰਹ ਵਿਚ ਪਾ ਨਹੀਂ ਸਕਦੀ
ਕਵਿਤਾ ਤੋਂ ਰੰਡੀ ਅਖਵਾ ਨਹੀਂ ਸਕਦੀ। (ਸ਼ਰਾਬਣ ਕਵਿਤਾ)

ਇਸ ਸੰਗ੍ਰਹਿ ਦੀ ਇਕ ਹੋਰ ਕਵਿਤਾ ਵਿਚ ਕਵੀ ਸੁਰੱਖਿਆ-ਘੇਰਿਆਂ ਵਿਚ ਰਹਿਣ ਦੇ ਗਿੱਝੇ ਕਥਿਤ 'ਅਤਿ ਮਹੱਤਵਪੂਰਨ ਵਿਅਕਤੀਆਂ' ਦੀ ਜੀਵਨ-ਸ਼ੈਲੀ ਉਪਰ ਵਿਅੰਗ ਕਰਦਾ ਹੈ। ਅੱਜ ਦੇ ਯੁਗ ਵਿਚ ਧਨਾਢ ਲੋਕਾਂ ਨੇ ਆਪਣੀ ਸੁਰੱਖਿਆ ਲਈ ਉੱਚੇ-ਉੱਚੇ ਮਹਿਲ ਉਸਾਰ ਲਏ ਹਨ, ਜਿਨ੍ਹਾਂ ਦੇ ਦਰਵਾਜ਼ਿਆਂ ਉਪਰ ਸ਼ਸਤਰਧਾਰੀ ਪਹਿਰੇਦਾਰ ਬੜੀ ਚੁਸਤੀ ਨਾਲ ਪਹਿਰਾ ਦਿੰਦੇ ਰਹਿੰਦੇ ਹਨ ਤਾਂ ਜੋ ਉਹਨਾਂ ਦੇ ਮਾਲਕਾਂ ਦੀ ਕੋਈ ਹੱਤਿਆ ਨਾ ਕਰ ਦੇਵੇ ਜਾਂ ਉਹਨਾਂ ਦਾ ਅਪਹਰਣ ਨਾ ਕਰ ਲਿਆ ਜਾਵੇ। ਬੰਦੂਕਾਂ ਦੇ ਪਹਿਰੇ ਹੇਠ ਜੀਵਨ ਜਿਉਣ ਵਾਲੇ ਇਹ ਕਥਿਤ ਅਮੀਰ ਲੋਕ ਬੜਾ ਨੀਰਸ ਜੀਵਨ ਜਿਉਂਦੇ ਹਨ। ਅਸਲ ਵਿਚ ਉਹ ਕੇਵਲ ਦਿਨਕਟੀ ਹੀ ਕਰਦੇ ਹਨ। ਉਹ ਜ਼ਿੰਦਗੀ ਦਾ ਪੂਰਾ ਅਤੇ ਸਹੀ ਆਨੰਦ ਨਹੀਂ ਮਾਣ ਸਕਦੇ। ਕਵੀ ਅਜਿਹੇ ਲੋਕਾਂ ਉਪਰ ਤਰਸ ਕਰਦਾ ਹੈ ਬਲਕਿ ਉਹਨਾਂ ਦੀ ਮਜਬੂਰੀ ਦਾ ਮਜ਼ਾਕ ਵੀ ਉਡ਼ਾਉਂਦਾ ਹੈ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ :

ਕਿਉਂਕਿ ਉਸ ਦੇ ਪੈਰਾਂ ਦੀ ਧਰਤ ਦੁਆਲੇ
ਦੀਵਾਰਾਂ ਸਨ
ਸਿਰ ਦੇ ਅੰਬਰ ਦੁਆਲੇ, ਦੀਵਾਰਾਂ ਸਨ
ਸਮੁੰਦਰ ਤੇ ਜੰਗਲ ਉਸ ਦੀ ਚਾਰਦੀਵਾਰੀ ਤੋਂ ਬਾਹਰ ਸਨ
ਸੂਰਜ ਦੇ ਚੜ੍ਹਨ ਤੇ ਡੁੱਬਣ ਦਾ
ਉਹ ਅਹਿਸਾਸ ਹੀ ਕਰ ਸਕਦਾ ਸੀ

ਪਰ ਤੱਕ ਨਹੀਂ ਸੀ ਸਕਦਾ
ਉਸ ਦੇ ਕੱਦ ਤੋਂ ਉੱਚੀਆਂ ਉਸ ਦੁਆਲੇ ਦੀਵਾਰਾਂ ਸਨ
ਉਸ ਦੀ ਨਜ਼ਰ 'ਚ ਫੈਲੀਆਂ
ਉਸ ਦੀਆਂ ਆਪਣੀਆਂ ਉਜਾੜਾਂ ਸਨ।

o

ਉਸ ਦੀਆਂ ਅੱਖਾਂ 'ਚੋਂ
ਦਿਸਹੱਦੇ ਨੁੱਚੜ ਗਏ ਸਨ
ਉਸ ਦੇ ਮਸਤਕ 'ਚੋਂ ਮੰਜ਼ਿਲਾਂ
ਪੈਰਾਂ 'ਚੋਂ ਰਾਹ ਗੁਆਚ ਗਏ ਸਨ।...

o

ਕਿਉਂਕਿ ਉਹ ਜ਼ਿੰਦਗੀ ਦੇ ਮਦਰੱਸੇ 'ਚ
ਦਾਖ਼ਲ ਹੋਣ ਤੋਂ ਪਹਿਲਾਂ
ਜ਼ਿੰਦਗੀ ਜਿਉਣ ਤੋਂ ਪਹਿਲਾਂ
ਆਪਣੀ ਸੁਰੱਖਿਆ ਦਾ ਵਿਦਿਆਰਥੀ ਹੋ ਗਿਆ ਸੀ
ਆਪਣੇ ਏਕੇ ਨੂੰ ਜ਼ਰਬਣ ਤੋਂ ਪਹਿਲਾਂ
ਆਪਣੇ ਏਕੇ 'ਚੋਂ ਮਨਫ਼ੀ ਹੋ ਗਿਆ ਸੀ। (ਸ਼ਰਨਾਰਥੀ)

ਇਸ਼ ਸੰਗ੍ਰਹਿ ਦੀਆਂ ਕੁਝ ਹੋਰ ਕਵਿਤਾਵਾਂ ਵਿਚ ਵੀ ਕਵੀ ਦਾ ਵਿਅੰਗਾਤਮਕ ਸੁਰ ਬੜੇ ਸੁਦ੍ਰਿੜ੍ਹ ਅਤੇ ਸਪੱਸ਼ਟ ਅੰਦਾਜ਼ ਵਿਚ ਪਾਠਕਾਂ ਨੂੰ ਮੁਖ਼ਾਤਿਬ ਹੁੰਦਾ ਹੈ। ਸ਼ਾਂਇਦ ਜੀਵਨ ਦੇ ਇਸ ਦੌਰ ਵਿਚ ਪਹੁੰਚ ਕੇ ਕਵੀ ਨੇ ਅਨੁਭਵ ਕਰ ਲਿਆ ਹੈ ਕਿ ਹੁਣ ਦਾਰਸ਼ਨਿਕ ਅੰਦਾਜ਼ ਵਿਚ ਜੀਵਨ ਦੇ ਉਚੇਰੇ ਲਕਸ਼ਾਂ ਨਾਲ ਨਜਿੱਠਣ ਦਾ ਦੌਰ ਨਹੀਂ ਰਿਹਾ। ਅੱਜ ਦੀ ਭ੍ਰਿਸ਼ਟ ਅਤੇ ਦੁਰਾਚਾਰ-ਭਰਪੂਰ ਸਟੇਟ ਨੂੰ ਉਸ ਦੇ ਮੂੰਹ ਉਪਰ ਖਰੀ ਅਤੇ ਖਰ੍ਹਵੀ ਗੱਲ ਕਹਿਣ ਦਾ ਵਕਤ ਆ ਗਿਆ ਹੈ। ਇਸੇ ਕਾਰਨ ਉਹ ਆਪਣੇ ਅਨੁਭਵ ਅਤੇ ਕਾਵਿ-ਸ਼ਾਸਤਰ ਦੀਆਂ ਸਾਰੀਆਂ ਬਾਰੀਕੀਆਂ ਨੂੰ ਬਾਹਰ ਰੱਖ ਕੇ ਸਿੱਧਾ ਜੀਵਨ ਦੇ ਪਿੜ ਵਿਚ ਆ ਕੁੱਦਿਆ ਹੈ। ਮੈਨੂੰ ਉਸ ਦਾ ਅਜਿਹਾ ਬੇਬਾਕ ਅੰਦਾਜ਼ ਬੇਹੱਦ ਪਸੰਦ ਆਇਆ ਹੈ। ਇਸ ਵੰਨਗੀ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ :

ਇਹ ਰਾਸ਼ਟਰ ਦਾ ਨਿਆਇ-ਘਰ ਹੈ
ਜਿਥੇ ਕਿਰਦਾਰ ਨੂੰ ਫ਼ਾਂਸੀ ਹੈ
ਭ੍ਰਿਸ਼ਟਾਚਾਰ ਦੀ ਕਦਰ ਹੈ
ਰਿਸ਼ਵਤਖ਼ੋਰੀ ਦੀ ਰਿਹਾਈ ਲਈ ਵਕਾਲਤ ਹੈ

ਅਤੇ ਅਨੁਸ਼ਾਨ ਤੇ ਕਿਰਦਾਰ ਨੂੰ ਸਜ਼ਾ ਹੈ
ਭ੍ਰਿਸ਼ਟਾਚਾਰ ਅਤੇ ਰਿਸ਼ਵਤਖ਼ੋਰੀ ਬਾਇਜ਼ਤ ਬਰੀ ਹਨ
ਈਮਾਨਦਾਰੀ ਤੇ ਸੱਚ ਨੂੰ
ਉਮਰ ਕੈਦ ਜਾਂ ਫ਼ਾਂਸੀ ਦਾ ਹੁਕਮ ਅਤਾ ਹੈ
ਭ੍ਰਿਸ਼ਟਾਚਾਰ ਤੇ ਰਿਸ਼ਵਤਖ਼ੋਰੀ ਦੀ ਫ਼ਸਲ
ਅਦਾਲਤ ਨੂੰ ਲੱਖਾਂ ਏਕੜਾਂ 'ਚ
ਬੀਜਣ ਦਾ ਚਾਅ ਹੈ।...

o

ਜਿਸ ਰਾਸ਼ਟਰ ਦੀ ਸਾਮੱਗਰੀ ਵਿਚ
ਇਹਨਾਂ ਤੱਤਾਂ ਦੀ ਭਰਮਾਰ ਹੈ
ਉਸ ਦਾ ਵਜੂਦ ਕੀ ਹੈ, ਉਸ ਦਾ ਭਵਿੱਖ ਕੀ ਹੈ?
ਉਸ ਦਾ ਮਨੁੱਖ ਤੇ ਮਨੁੱਖਤਾ ਲਈ
ਕੀ ਆਧਾਰ ਹੈ?
ਉਸ ਰਾਸ਼ਟਰ ਦਾ ਕੀ ਕਿਰਦਾਰ ਹੈ?
ਬੁੱਝੋ ਭਲਾ ਦੁਨੀਆਂ ਦੇ ਨਕਸ਼ੇ 'ਚ
ਇਹ ਰਾਸ਼ਟਰ ਕਿਹੜਾ ਹੈ?
ਤੇਰਾ ਹੈ ਜਾਂ ਮੇਰਾ ਹੈ?
ਸ਼ੋਰ ਉੱਠਦਾ ਹੈ:
ਤੇਰਾ ਹੈ! ਤੇਰਾ ਹੈ!! ਸਿਰਫ਼ ਤੇਰਾ ਹੈ!!! (ਰਾਸ਼ਟਰ)

ਜੀਵਨ ਦੇ ਇਸ ਪੜਾਅ 'ਤੇ ਪਹੁੰਚ ਕੇ ਕਵੀ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਵਿਅਕਤੀਗਤ ਮੁਕਤੀ ਦੇ ਕੋਈ ਅਰਥ ਨਹੀਂ ਹਨ। ਜੇ ਕੋਈ ਵਿਅਕਤੀ ਆਪਣੀ ਸਾਧਨਾ, ਆਤਮ-ਨਿਯੰਤ੍ਰਣ ਅਤੇ ਚੰਗੇਰੀ ਜੀਵਨ-ਸ਼ੈਲੀ ਦੁਆਰਾ ਜੀਵਨ ਦੇ ਵਿਕਾਰਾਂ ਅਤੇ ਝਮੇਲਿਆਂ ਤੋਂ ਮੁਕਤੀ ਹਾਸਲ ਕਰ ਵੀ ਲੈਂਦਾ ਹੈ ਤਾਂ ਇਸ ਮੁਕਤੀ ਦਾ ਉਸ ਦੇ ਸਮਾਜ, ਸਭਿਆਚਾਰ ਜਾਂ ਸਟੇਟ ਨੂੰ ਕੋਈ ਲਾਭ ਨਹੀਂ ਹੋਵੇਗਾ। ਕਵੀ ਦੀ ਅਭਿਲਾਸ਼ਾ ਬੱਸ ਏਨੀ ਹੈ ਕਿ ਉਸ ਦੇ ਮਨ ਵਿਚ ਕਿਸੇ ਪ੍ਰਕਾਰ ਦੀ ਕੋਈ ਅਭਿਲਾਸ਼ਾ ਰਹੇ ਹੀ ਨਾ। ਉਹ ਸਹਿਜ-ਭਾਵ ਨਾਲ ਜਿਉਂਦਾ ਹੋਇਆ ਆਪਣੇ ਅੰਤ ਵੱਲ ਵਧਦਾ ਜਾਵੇ ਅਤੇ ਆਖ਼ਰ ਮਰ ਜਾਵੇ। ਜੋ ਜਨਮਿਆ ਹੈ, ਉਸ ਨੇ ਬਿਨਸਣਾ ਵੀ ਹੈ। ਜਨਮ ਤੋਂ ਲੈ ਕੇ ਮ੍ਰਿਤੂ ਤਕ ਦਾ ਸਮਾਂ ਇਨਸਾਨ ਪੂਰਾ ਨਿਸ਼ਚਿੰਤ, ਆਤਮ-ਮੁਗਧ ਅਤੇ ਆਨੰਦਵਿਭੋਰ ਹੋ ਕੇ ਬਿਤਾ ਜਾਵੇ ਤਾਂ ਕਿੰਨਾ ਚੰਗਾ ਹੋਵੇ! ਇਸ ਅਹਿਸਾਸ ਨੂੰ ਜ਼ਬਾਨ ਦਿੰਦਾ ਹੋਇਆ ਕਵੀ ਲਿਖਦਾ ਹੈ:

ਹੇ ਦਾਤਾ! ਮੇਰੇ ਸੁਆਮੀ!
ਜੇ ਮੁਕਤ ਕਰਨਾ ਹੈ ਤਾਂ ਐਸਾ ਮੁਕਤ ਕਰ
ਕਿ ਮੈਨੂੰ ਰੁੱਖ ਤੋਂ ਸੁੱਕੀ ਲੱਕੜ ਹੋਣ ਦਾ
ਅਹਿਸਾਸ ਵੀ ਨਾ ਰਹੇ
ਮੈਨੂੰ ਮਰ ਕੇ ਵੀ ਮੌਤ ਦਾ ਪਾਸ ਨਾ ਰਹੇ।...

o

ਹੇ ਦਾਤਾ! ਮੈਂ ਆਤਮਾ ਹੋ ਕੇ ਵੀ
ਆਤਮ-ਗਿਆਨ ਦੇ ਅਹਿਸਾਸ ਤੋਂ ਮੁਕਤੀ ਚਾਹੁੰਦਾ ਹਾਂ
ਜੇ ਮੈਂ ਆਤਮਾ ਹੋ ਕੇ ਇਹ ਅਹਿਸਾਸ ਜਿਉਂਦਾ ਹਾਂ
ਕਿ ਮੈਂ ਆਤਮਾ ਹਾਂ, ਤਾਂ ਸ਼ਾਇਦ
ਮੇਰੇ ਦਾਤਾ! ਮੇਰੇ ਸੁਆਮੀ!
ਮੈਂ ਮਰ ਨਾ ਸਕਾਂ।
ਮਰ ਗਏ ਅਹਿਸਾਸ ਦੀ ਮੁਥਾਜੀ ਜਰ ਨਾ ਸਕਾਂ।

o

ਹੁਣ ਤੂੰ ਹੀ ਦੱਸ ਮੇਰੇ ਦਾਤਾ! ਮੇਰੇ ਸੁਆਮੀ
ਮੈਂ ਆਪਣੇ ਆਪ 'ਚ ਮੁਕਤ ਹੋਵਾਂ
ਜਾਂ ਜਿਉਂਦਾ ਰਹਾਂ
ਜਿਉਂਦਾ ਰਹਾਂ ਜਾਂ ਮੁਕਤ ਹੋਵਾਂ
ਮੈਂ ਕਿਹੜੀ ਯੁਕਤ ਹੋਵਾਂ
ਕਿ ਮੈਨੂੰ ਮੁਕਤ ਹੋਣ ਦਾ ਅਹਿਸਾਸ ਨਾ ਰਹੇ
ਮੇਰਾ ਮਨ ਮੁਕਤੀ ਦੇ ਅਹਿਸਾਸ ਦਾ ਮੁਥਾਜ ਨਾ ਰਹੇ। (ਮੁਕਤੀ)

ਚਰਨ ਸਿੰਘ ਦੇ ਕਾਵਿ-ਲੋਕ ਦਾ ਇਤਿਹਾਸਕ ਸਰਵੇਖਣ ਕਰਨ ਉਪਰੰਤ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕਵੀ ਆਪਣੇ ਅਨੁਭਵ ਪ੍ਰਤੀ ਸੁਹਿਰਦ ਰਿਹਾ ਹੈ। ਉਸ ਨੇ ਆਪਣਾ ਇਹ ਪ੍ਰਯਾਸ ਨਿਰੰਤਰ ਜਾਰੀ ਰੱਖਿਆ ਹੈ ਕਿ ਉਸ ਦਾ ਅਨੁਭਵ ਚੇਤੰਨ ਰਹੇ। ਨਾ ਕੇਵਲ ਉਸ ਨੇ ਆਪਣੇ ਨਿੱਜੀ ਜੀਵਨ ਨਾਲ ਸੰਬੰਧਿਤ ਸਰੋਕਾਰਾਂ ਨੂੰ ਪੂਰੀ ਨਿਰਭੈਤਾ ਨਾਲ ਵਿਅਕਤ ਕੀਤਾ ਹੈ ਬਲਕਿ ਉਹ ਆਪਣੇ ਸਮਾਜ ਅਤੇ ਸਭਿਆਚਾਰ ਦੇ ਸਰੋਕਾਰਾਂ ਤੋਂ ਵੀ ਬੇਮੁਖ ਨਹੀਂ ਹੋਇਆ; ਉਹਨਾਂ ਪ੍ਰਤੀ ਵੀ ਆਪਣੇ ਕਰਤੱਵ ਅਤੇ ਵਚਨ-ਬੱਧਤਾ ਨੂੰ ਨਿਰੰਤਰ ਨਿਭਾਇਆ ਹੈ। ਉਸ ਦੇ ਕਾਵਿ-ਲੋਕ ਵਿਚ ਵਿਅਕਤੀ ਅਤੇ ਸਮਾਜ ਇਕ-ਦੂਜੇ ਦੇ ਵਿਰੋਧ ਵਿਚ ਨਹੀਂ ਡਟਦੇ ਬਲਕਿ ਇਕ-ਦੂਜੇ ਦੀ ਸਹਾਇਤਾ ਕਰਦੇ ਹਨ ਅਤੇ ਸਮੇਂ ਦੀਆਂ ਉਹਨਾਂ ਕਰੂਰ ਹਾਲਤਾਂ ਦੇ ਵਿਰੁੱਧ ਜੇਹਾਦ ਛੇੜੀ ਰੱਖਦੇ ਹਨ ਜੋ ਇਹਨਾਂ ਨੂੰ

ਇਕ-ਦੂਜੇ ਤੋਂ ਵਿਜੋਗ ਕੇ ਆਪਣੇ ਸਵਾਰਥ ਦੀ ਸਿੱਧੀ ਲਈ ਸਾਜ਼ਿਸ਼ਾਂ ਰਚਾਉਂਦੇ ਹਨ। ਚਰਨ ਸਿੰਘ ਦੀ ਕਵਿਤਾ ਆਪਣੇ ਯੁਗ ਦੇ ਇਤਿਹਾਸ ਦਾ ਦਸਤਾਵੇਜ਼ ਹੈ ਅਤੇ ਇਸ ਵਿਚ ਪਿਛਲੇ ਚਾਰ ਦਹਾਕਿਆਂ ਦਾ ਸਭਿਆਚਾਰਕ ਇਤਿਹਾਸ ਬੜੇ ਪ੍ਰਮਾਣਿਕ ਅੰਦਾਜ਼ ਵਿਚ ਅਭਿਵਿਅਕਤ ਹੋਇਆ ਹੈ।

# ਅਤਿਰਿਕਤ ਰਚਨਾਵਾਂ

## (ਪ੍ਰਮੁੱਖ ਧਰਾਤਲ)

ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿਚ ਚਰਨ ਸਿੰਘ ਦੀ ਯਾਤਰਾ ਨਿਰੰਤਰ ਜਾਰੀ ਹੈ। ਉਸ ਦੀ ਕਾਵਿ ਯਾਤਰਾ ਦਾ ਆਗਾਜ਼ 1975-76 ਈ. ਦੇ ਉਹਨਾਂ ਦਿਨਾਂ ਵਿਚ ਹੋਇਆ ਜਦੋਂ ਭਾਰਤ ਇਕ ਨਵੇਂ ਦੌਰ ਵਿਚ ਦਾਖ਼ਲ ਹੋ ਚੁੱਕਾ ਸੀ। ਲੋਕ-ਮਨਾਂ ਉਪਰੋਂ ਦੇਸ਼ ਨੂੰ ਮਿਲੀ ਨਵੀਂ-ਨਵੀਂ ਆਜ਼ਾਦੀ ਦਾ ਖ਼ੁਮਾਰ ਉਤਰ ਗਿਆ ਸੀ। ਜ਼ਮੀਨੀ ਹਕੀਕਤਾਂ ਨੇ ਸੰਵੇਦਨਸ਼ੀਲ ਲੋਕਾਂ ਨੂੰ ਅਰਸ਼ਾਂ ਤੋਂ ਜ਼ਮੀਨ ਉਪਰ ਪਟਕਾ ਮਾਰਿਆ ਸੀ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ ਕਰਨ ਵਾਲੇ ਬਹੁਤੇ ਨੌਜਵਾਨ ਨੇਤਾ ਤਾਂ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਹੀ ਸ਼ਹੀਦ ਹੋ ਗਏ ਸਨ, ਬਾਕੀ ਲੋਕ ਵੀ ਇਕ-ਇਕ ਕਰਕੇ ਸਾਥ ਛੱਡ ਗਏ ਸਨ। ਉਹਨਾਂ ਦੀ ਥਾਂ ਸਵਾਰਥੀ, ਭ੍ਰਸ਼ਟ ਅਤੇ ਕੁਨਬਾ-ਪਰਵਰ ਨੇਤਾਵਾਂ ਦਾ ਸਮੂਹ ਗੱਦੀਆਂ ਉਪਰ ਕਾਬਜ਼ ਹੋ ਕੇ ਬੈਠ ਗਿਆ ਸੀ। ਬਿਉਰੋਕ੍ਰੇਸੀ ਪਹਿਲਾਂ ਤੋਂ ਹੀ ਭ੍ਰਸ਼ਟ ਸੀ। ਇਸ ਸੂਰਤ ਵਿਚ ਆਮ ਆਦਮੀ ਦੀ ਕਿਧਰੇ ਕੋਈ ਸੁਣਵਾਈ ਨਹੀਂ ਸੀ। ਨਾ ਉਸ ਵਾਸਤੇ ਕਿਧਰੇ ਕੋਈ ਨੌਕਰੀ ਬਚੀ ਸੀ ਅਤੇ ਨਾ ਰੋਜ਼ਗਾਰ ਦੇ ਹੋਰ ਅਵਸਰ। ਪੜ੍ਹੇ-ਲਿਖੇ ਨੌਜਵਾਨਾਂ ਵਿਚ ਵਿਵਸਥਾ ਦੇ ਵਿਰੁੱਧ ਰੋਸ ਅਤੇ ਆਕ੍ਰੋਸ਼ ਨਿਰੰਤਰ ਵਧਦਾ ਜਾ ਰਿਹਾ ਸੀ। ਭਾਰਤ ਦੇ ਹੋਰ ਪ੍ਰਦੇਸ਼ਾਂ ਵਾਂਗ ਪੰਜਾਬ ਵਿਚ ਵੀ ਨਕਸਲਵਾਦੀ ਅੰਦੋਲਨ ਪੈਦਾ ਹੋ ਗਿਆ ਪਰ ਸਟੇਟ ਦੀ ਮਸ਼ੀਨਰੀ ਨੇ ਪੁਲਿਸ ਦੀ ਸਹਾਇਤਾ ਨਾਲ ਇਸ ਨੂੰ ਬੜੀ ਬੇਦਰਦੀ ਨਾਲ ਦਬਾ ਦਿੱਤਾ। ਯੁਵਾ ਪੀੜ੍ਹੀ ਦੇ ਇਸ ਆਕ੍ਰੋਸ਼ ਨੇ ਅਜੇ ਧਾਰਮਿਕ ਮੁਹਾਵਰੇ ਵਿਚ ਆਪਣਾ ਰੂਪ-ਆਕਾਰ ਗ੍ਰਹਿਣ ਕਰਨਾ ਸੀ। ਇਹ ਰੂਪ-ਆਕਾਰ 1980 ਈ. ਤੋਂ ਬਾਅਦ ਪੰਜਾਬ ਵਿਚ ਉੱਠੀ ਕਥਿਤ ਖ਼ਾਲਿਸਤਾਨੀ ਲਹਿਰ ਵਿਚ ਨਜ਼ਰ ਆਉਂਦਾ ਹੈ। ਪਰ ਚਰਨ ਸਿੰਘ ਵਰਗੇ ਬਹੁਤ ਸਾਰੇ ਪੜ੍ਹੇ-ਲਿਖੇ, ਸੰਵੇਦਨਸ਼ੀਲ ਅਤੇ ਜਾਗਰੂਕ ਕਵੀ ਇਸ ਲਹਿਰ ਦੇ ਪ੍ਰਗਟ ਹੋਣ ਤੋਂ ਪਹਿਲਾਂ ਹੀ ਵਿਕਸਿਤ ਦੇਸ਼ਾਂ ਵਿਚ ਪਰਵਾਸ ਕਰ ਗਏ ਸਨ। ਅੱਠ-ਦਸ ਵਰ੍ਹੇ ਬੇਰੁਜ਼ਗਾਰੀ ਦੇ ਥਪੇੜਿਆਂ ਵਿਚ ਭਟਕਣ ਦੇ ਬਾਅਦ ਸਾਡਾ ਇਹ ਮਹੱਤਵਪੂਰਨ ਕਵੀ ਚਰਨ ਸਿੰਘ ਵੀ ਕੈਨੇਡਾ ਵਿਚ ਪਰਵਾਸ ਕਰ ਗਿਆ। ਉਸ ਨੇ ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਤੀਸਰੀ ਅੱਖ' ਦਾ ਖਰੜਾ ਇਧਰ ਭਾਰਤ

ਵਿਚ ਰਹਿੰਦਿਆਂ ਹੋਇਆਂ ਹੀ ਤਿਆਰ ਕਰ ਲਿਆ ਸੀ ਪਰ ਇਸ ਪੁਸਤਕ ਦਾ ਪ੍ਰਕਾਸ਼ਨ ਉਸ ਦੇ ਕੈਨੇਡਾ ਵਿਚ ਸੈਟਲ ਹੋ ਜਾਣ ਉਪਰੰਤ ਹੀ ਸੰਭਵ ਹੋਇਆ। ਇਹ ਪੁਸਤਕ 1983 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਪਿਛਲੇ ਤੀਹ ਵਰ੍ਹਿਆਂ ਤੋਂ ਉਸ ਦੀਆਂ ਕਾਵਿ-ਪੁਸਤਕਾਂ ਨਿਰੰਤਰ ਪ੍ਰਕਾਸ਼ਿਤ ਹੋ ਰਹੀਆਂ ਹਨ, ਜਿਨ੍ਹਾਂ ਵਿਚੋਂ ਉਸ ਦੀਆਂ 26 ਪੁਸਤਕਾਂ ਦਾ ਅਧਿਐਨ ਵਿਸ਼ਲੇਸ਼ਣ ਅਸੀਂ ਪਿਛਲੇ ਪੰਨਿਆਂ ਉਪਰ ਕਰ ਚੁੱਕੇ ਹਾਂ। ਅਜੇ ਉਸ ਦੀਆਂ ਲੰਬੀਆਂ ਕਵਿਤਾਵਾਂ ਦਾ ਅਧਿਐਨ-ਵਿਸ਼ਲੇਸ਼ਣ ਕਰਨਾ ਸ਼ੇਸ਼ ਹੈ। ਪਰ ਉਹਨਾਂ ਤੋਂ ਬਿਨਾਂ ਉਸ ਦੀਆਂ ਕੁਝ ਪ੍ਰਕਾਸ਼ਨਾਧੀਨ ਰਚਨਾਵਾਂ ਵੀ ਹਨ ਜੋ ਆਉਣ ਵਾਲੇ ਕੁਝ ਸਮੇਂ ਵਿਚ ਪਾਠਕਾਂ ਦੇ ਸਨਮੁਖ ਆ ਜਾਣਗੀਆਂ। ਅਸੀਂ ਇਹਨਾਂ ਰਚਨਾਵਾਂ ਦੀ ਸੰਖੇਪ ਜਾਣਕਾਰੀ ਆਪਣੇ ਜਗਿਆਸੂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ:

### (i) ਸਮਾਧੀ

'ਸਮਾਧੀ' ਕਾਵਿ-ਸੰਗ੍ਰਹਿ ਵਿਚ ਇਕ ਕਵਿਤਾ ਸਮਾਧੀ ਸਥਿਤ ਮੁਦਰਾ ਬਾਰੇ ਹੈ। ਇਸ ਕਵਿਤਾ ਵਿਚ ਕਵੀ ਲਿਖਦਾ ਹੈ ਕਿ ਜਦੋਂ ਕੋਈ ਵਿਅਕਤੀ ਸਮਾਧੀ ਵਿਚ ਉਤਰ ਜਾਂਦਾ ਹੈ ਤਾਂ ਉਸ ਨੂੰ ਆਪਣੇ ਪ੍ਰਾਣ ਵੀ ਵਾਧੂ ਅਤੇ ਗ਼ੈਰ-ਜ਼ਰੂਰੀ ਲੱਗਣ ਲੱਗ ਜਾਂਦੇ ਹਨ। ਕਵੀ ਅਨੁਸਾਰ ਸਮਾਧੀ ਦੀ ਮੁਦਰਾ ਵਿਚ ਹੋਰ ਸਭ ਕੁਝ ਗ਼ੈਰ-ਜ਼ਰੂਰੀ ਬਣ ਜਾਂਦਾ ਹੈ। ਇਸ ਕਾਰਨ ਉਹ ਸਾਰੇ ਗ਼ੈਰ-ਜ਼ਰੂਰੀ ਤੱਤਾਂ ਨੂੰ ਆਪਣੇ ਆਪ ਵਿਚੋਂ ਮਨਫ਼ੀ ਕਰਨ ਬਾਰੇ ਸੋਚਣ ਲੱਗਦਾ ਹੈ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ:

ਉਸ ਨੇ ਆਪਣੇ ਪ੍ਰਾਣ ਆਪਣੇ 'ਚੋਂ ਮਨਫ਼ੀ ਕਰ ਦਿੱਤੇ
ਤੇ ਸਮਾਧੀ 'ਚ ਉਤਰ ਗਿਆ
ਉਹ ਹੁਣ ਬਿਨ ਪ੍ਰਾਣ ਬਿਨ ਦੇਹ
ਸਮਾਧੀ 'ਚ ਲੀਨ ਸੀ।...

o

ਉਹ ਸਮਾਧੀ ਦੀ ਉਸ ਅਵਸਥਾ ਨੂੰ ਪਹੁੰਚਿਆ
ਜਿਥੇ ਮੌਤ ਦੀ ਸੁੰਨਤਾ 'ਚ ਜੀਵਨ ਜੋਤ ਜਗਦੀ ਹੈ
ਤੇ ਮੌਤ ਤੋਂ ਪਿਛਲੇਰਾ ਸਫ਼ਰ
ਬਿਨ ਪ੍ਰਾਣ ਬਿਨ ਦੇਹ ਕਰਦੀ ਹੈ।

o

ਇਹ ਉਹ ਅਵਸਥਾ ਹੈ
ਜਿਥੇ ਨਾ ਪ੍ਰਾਣ, ਨਾ ਦੇਹ, ਨਾ ਮੌਤ ਹੈ

ਸਿਰਫ਼ ਜੀਵਨ ਹੈ
ਜੋ ਜਨਮ-ਮਰਨ ਤੋਂ ਰਹਿਤ ਹੈ
ਸੱਚ ਹੈ
ਜੋ ਆਦਿ ਸੱਚ ਹੈ, ਜੁਗਾਦਿ ਸੱਚ ਹੈ। (ਸਮਾਧੀ)

ਇਸ ਸੰਗ੍ਰਹਿ ਦੀ ਇਕ ਹੋਰ ਕਵਿਤਾ ਵਿਚ ਕਵੀ ਇਸ ਰਹੱਸ ਦਾ ਉਦਘਾਟਨ ਕਰਦਾ ਹੈ ਕਿ ਜ਼ਰੂਰੀ ਨਹੀਂ ਹਰ ਮਨੁੱਖ ਦਾ ਕੋਈ ਲਕਸ਼ ਜ਼ਰੂਰ ਹੋਵੇ। ਜੀਵਨ ਆਪਣੇ ਆਪ ਵਿਚ ਵੀ ਇਕ ਲਕਸ਼ ਹੋ ਸਕਦਾ ਹੈ ਅਤੇ ਜਿਹੜਾ ਵਿਅਕਤੀ ਸਹਿਜ-ਸੁਭਾਵਿਕ ਅੰਦਾਜ਼ ਵਿਚ ਆਪਣਾ ਜੀਵਨ ਜੀਵੀ ਜਾਂਦਾ ਹੈ, ਉਸ ਦਾ ਜੀਵਨ ਵੀ ਪੂਰੀ ਤਰ੍ਹਾਂ ਨਾਲ ਸਾਰਥਿਕ ਹੁੰਦਾ ਹੈ। ਉਸ ਨੂੰ ਕਿਸੇ ਬਾਹਰੀ ਲਕਸ਼ ਦਾ ਸਹਾਰਾ ਲੈਣ ਦੀ ਜ਼ਰੂਰਤ ਨਹੀਂ ਹੁੰਦੀ। ਕਵੀ ਲਿਖਦਾ ਹੈ:

ਜਿਉਣਾ
ਆਪਣੇ ਆਪ 'ਚ ਇਕ ਲਕਸ਼ ਹੈ
ਜਿਉਣਾ ਹੀ ਜ਼ਿੰਦਗੀ ਦਾ ਅਕਸ ਹੈ
ਪੈਰ ਪੁੱਟੋਗੇ ਤਾਂ ਰਾਹ ਆਪ ਜਨਮਣਗੇ
ਸਫ਼ਰ ਕਰੋਗੇ ਤਾਂ ਮੰਜ਼ਿਲ ਪੁਕਾਰੇਗੀ
ਵੀਰਾਨ ਰਾਹਾਂ 'ਚ ਰੰਗ, ਮਹਿਕਾਂ, ਬਹਾਰਾਂ ਉਤਾਰੇਗੀ।

o

ਜਿਧਰ ਵੀ ਪੈਰ ਪੁੱਟੇ, ਉਧਰ ਹੀ ਰੁੱਖ ਮਿਲੇ
ਜਿਧਰ ਵੀ ਕਦਮ ਤੁਰੇ, ਉਧਰ ਹੀ ਪੈਰਾਂ ਨੂੰ ਰਾਹ ਜੁੜੇ
ਸੱਚ ਸੀ
ਮਸਤਕ 'ਚ ਨਾ ਲਕਸ਼ ਸੀ
ਨਜ਼ਰਾਂ 'ਚ ਨਾ ਅਕਸ ਸੀ
ਫਿਰ ਵੀ ਪੈਰਾਂ ਮੰਜ਼ਿਲ ਨੂੰ ਪਾ ਲਿਆ
ਨਜ਼ਰ ਨੂੰ ਘਰ ਨਜ਼ਰ ਆ ਗਿਆ।...

o

ਇਹ ਜ਼ਰੂਰੀ ਨਹੀਂ
ਮਸਤਕ 'ਚ ਲਕਸ਼, ਨਜ਼ਰਾਂ 'ਚ ਅਕਸ ਹੋਵੇ
ਤੇ ਫਿਰ ਹੀ ਪੈਰ ਪੁੱਟਿਆ ਜਾਏ
ਬੰਦਾ ਜ਼ਿੰਦਗੀ ਜੀਵੇ
ਜਿਉਂਦਾ ਹੀ ਨਾ ਮਰ ਜਾਏ
ਉਡੀਕਦੇ ਸਫ਼ਰ ਦਾ ਕਰਜ਼ਾ ਨਾ

ਜ਼ਿੰਦਗੀ ਸਿਰ ਧਰ ਜਾਏ। (ਲਕਸ਼ ਦਾ ਵਜੂਦ)

**(ii) ਅੰਕੁਰ**

'ਅੰਕੁਰ' ਵਿਚ ਕਵੀ ਦੀਆਂ ਕੁਝ ਲਘੂ ਕਵਿਤਾਵਾਂ ਉਲੇਖਯੋਗ ਹਨ। ਇਹ ਕਵਿਤਾ ਅਜਿਹੇ ਲੈਂਡਸਕੇਪ ਸਿਰਜਦੀਆਂ ਹਨ ਜਿਨ੍ਹਾਂ ਦੁਆਰਾ ਜ਼ਿੰਦਗੀ ਦੀ ਚਹਿਲ- ਪਹਿਲ, ਗਤੀਵਿਧੀਆਂ ਅਤੇ ਵਿਭਿੰਨ ਪੜਾਅ ਵਧੇਰੇ ਖ਼ੂਬਸੂਰਤ ਪ੍ਰਤੀਤ ਹੋਣ ਲੱਗਦੇ ਹਨ ਅਤੇ ਮਨੁੱਖ ਨੂੰ ਜੀਵਨ ਦੇ ਮਕਸਦ ਦੀ ਸਮਝ ਆਉਣ ਲੱਗਦੀ ਹੈ। ਕਵੀ ਜੀਵਨ ਦੀਆਂ ਆਮ ਸਥਿਤੀਆਂ ਅਤੇ ਦ੍ਰਿਸ਼ਾਂ ਨੂੰ ਦਾਰਸ਼ਨਿਕ ਅਤੇ ਡੂੰਘੇ ਅਰਥਾਂ ਨਾਲ ਪਰਿਪੂਰਨ ਕਰ ਦਿੰਦਾ ਹੈ। ਇਸ ਪ੍ਰਕਾਰ ਦੀਆਂ ਕੁਝ ਵਸਤੂ ਸਥਿਤੀਆਂ ਅਤੇ ਦ੍ਰਿਸ਼ ਵੇਖੋ:

ਤਿਤਲੀਂ ਦੇ ਪਰਾਂ 'ਤੇ
ਵੇਖ ਕਤਰਾ ਸ਼ਬਨਮ ਦਾ
ਬੱਦਲ, ਸਾਗਰ ਉਠਾ ਕੇ ਤੁਰ ਪਿਆ।

o

ਸੜਦਾ ਸੂਰਜ
ਤਪਦਾ ਥਲ ਸੀ
ਰੁੱਖ ਨੇ ਵੀਣੀ 'ਤੇ ਚੰਨ ਖੁਦਵਾ ਲਿਆ।

o

ਸੀਮਿੰਟ ਸਰੀਆ ਹੈ, ਕਾਰ ਪੋਰਟ ਹੈ
ਬੈਕਯਾਰਡ 'ਚ ਖੂਹੀ ਤੋਂ ਪਾਣੀ ਭਰਦੀ
ਮੁਟਿਆਰ ਦਾ ਇਕ ਬੁੱਤ ਹੈ।

o

ਘਰਾਂ ਦੀਆਂ ਕੰਧਾਂ ਸਾਂਝੀਆਂ ਹਨ
ਲੋਕ ਸਾਲਾਂ ਤੋਂ ਰਹਿ ਰਹੇ ਹਨ
ਚਿਹਰਿਆਂ ਤੋਂ ਨਾਵਾਕਿਫ਼ ਹਨ
ਪਿੱਠਾਂ ਤੋਂ ਪਹਿਚਾਣਦੇ ਹਨ।

o

ਘਰ ਦੀਆਂ ਕੰਧਾਂ, ਛੱਤਾਂ
ਵਿਹੜੇ ਨੂੰ ਵੀ ਪਹਿਚਾਣੋ
ਦਰ ਸਿਰਫ਼ ਘਰ ਦੀ ਸ਼ਨਾਖ਼ਤ ਨਹੀਂ।

o

ਇੱਟ ਤੇ ਇੱਟ ਧਰਨੀ
ਸਿਰਜਣਾ ਹੈ
ਇੱਟ ਤੋਂ ਇੱਟ ਉਤਾਰਨੀ
ਸੱਚ ਦੀ ਤਲਾਸ਼ ਹੈ।

o

ਆਦਮੀ ਨੂੰ ਆਦਮੀ ਮਿਲਿਆ
ਪਰਾਇਆ ਹੋ ਗਿਆ
ਰੁੱਖ ਨੂੰ ਰੁੱਖ ਮਿਲਿਆ
ਜੰਗਲ ਹੋ ਗਿਆ।

### (iii) ਸੰਤੁਲਨ

ਇਸ ਸੰਗ੍ਰਹਿ ਦੀ ਇਕ ਕਵਿਤਾ ਵਿਚ ਕਵੀ ਆਧੁਨਿਕ ਜਗਤ ਵਿਚ ਸ਼ਬਦਾਂ ਦੇ ਆਪ-ਹੁਦਰੇ ਵਿਵਹਾਰ ਦਾ ਜ਼ਿਕਰ ਕਰਦਾ ਹੈ। ਉਸ ਨੂੰ ਇਸ ਗੱਲ ਦਾ ਗਿਲਾ ਹੈ ਕਿ ਸਾਡਾ ਜਗਤ ਨਿਰੋਲ ਸ਼ਬਦਾਂ ਦਾ ਬਣ ਕੇ ਰਹਿ ਗਿਆ ਹੈ। ਕਾਰੋਬਾਰੀ, ਨੇਤਾਗਣ ਅਤੇ ਸਮਾਜ ਦੀਆਂ ਵੱਖ-ਵੱਖ ਸਿਖਰਾਂ ਉੱਤੇ ਬੈਠੇ ਲੋਕ ਸ਼ਬਦਾਂ ਦੇ ਆਦਾਨ-ਪ੍ਰਦਾਨ ਨਾਲ ਇਕ-ਦੂਜੇ ਦਾ ਦਿਲ ਪਰਚਾਉਣ ਦੀਆਂ ਨਾਕਾਮ ਕੋਸ਼ਿਸ਼ਾਂ ਕਰ ਰਹੇ ਹਨ। ਅਸੀਂ ਲੋਕ ਸ਼ਬਦ-ਪ੍ਰਯੋਗ ਵਿਚ ਏਨੇ ਚਤੁਰ ਹੋ ਗਏ ਹਾਂ ਕਿ ਕਿਸੇ ਵੀ ਸ਼ਬਦ ਦੇ ਅੰਤਰੀਵ ਅਰਥ ਨੂੰ ਜਾਣੇ-ਸਮਝੇ ਤੋਂ ਬਗ਼ੈਰ ਉਹਨਾਂ ਦੇ ਪ੍ਰਯੋਗ ਵਿਚ ਰੁੱਝੇ ਹੋਏ ਹਾਂ। ਸਿੱਟੇ ਵਜੋਂ ਸਾਡੇ ਦੁਆਰਾ ਉਚਾਰੇ ਗਏ ਸ਼ਬਦ ਕਿਸੇ ਦਾ ਕੁਝ ਨਹੀਂ ਸੁਆਰਦੇ। ਨਾ ਇਹ ਕਿਸੇ ਦੁਖੀ ਵਿਅਕਤੀ ਦਾ ਦੁੱਖ ਹਰਦੇ ਹਨ ਅਤੇ ਨਾ ਕਿਸੇ ਮਜ਼ਲੂਮ ਨੂੰ ਰਾਹਤ ਦਿੰਦੇ ਹਨ। ਇਸ ਸੂਰਤ ਵਿਚ ਹੌਲੀ-ਹੌਲੀ ਸਮੁੱਚਾ ਸ਼ਬਦ-ਸੰਸਾਰ ਹੀ ਅਰਥਹੀਣ ਹੁੰਦਾ ਜਾ ਰਿਹਾ ਹੈ। ਇਸ ਸਥਿਤੀ ਨੂੰ ਜ਼ਬਾਨ ਦਿੰਦਾ ਹੋਇਆ ਕਵੀ ਲਿਖਦਾ ਹੈ:

ਮੈਂ ਜੀਵਨ ਸ਼ਬਦ
ਨਾ ਨਿਰਮਲ ਹਾਂ, ਨਾ ਸਵੱਛ ਹਾਂ
ਨਾ ਚਿਹਰਾ ਹਾਂ, ਨਾ ਦਰਪਣ ਹਾਂ
ਮੈਂ ਆਪਣੇ ਵਿਚਲੇ ਸ਼ਬਦਾਂ ਦੇ
ਲਾਲਚ, ਕ੍ਰੋਧ, ਹੰਕਾਰ ਨੂੰ
ਆਪਣੇ ਸ਼ਬਦੀ ਸੰਸਾਰ ਵੱਲੋਂ ਅਰਪਣ ਹਾਂ।

o

ਮੇਰਾ ਚਿਹਰਾ ਧੁੰਦਲਾ ਹੈ
ਮੇਰੇ ਅੰਗ, ਮੇਰੇ ਨਕਸ਼

ਮੇਰਾ ਵਜੂਦ ਤਿੜਕਿਆ ਹੈ
ਮੈਂ ਜਨ-ਜੀਵਨ ਦੀਆਂ ਉਂਗਲਾਂ 'ਚੋਂ
ਕਿਰ ਗਿਆ ਹਾਂ
ਮੈਂ ਆਪਣੀਆਂ ਨਜ਼ਰਾਂ 'ਚੋਂ
ਗਿਰ ਗਿਆ ਹਾਂ।

o

ਮੈਂ ਜੀਣਾ ਨਹੀਂ ਚਾਹੁੰਦਾ
ਇਹ ਸ਼ਬਦ ਮੈਨੂੰ ਮਰਨ ਨਹੀਂ ਦਿੰਦੇ
ਮੇਰੇ ਦੁਆਲੇ ਝੂਠ ਦੀਆਂ
ਇੰਨੀਆਂ ਉੱਚੀਆਂ ਦੀਵਾਰਾਂ ਉਸਾਰੀਆਂ ਹਨ
ਕਿ ਮੇਰੀਆਂ ਨਜ਼ਰਾਂ ਨੂੰ
ਝਲਕ ਸੱਚ ਦੀ ਫੜਨ ਨਹੀਂ ਦਿੰਦੇ
ਇਹ ਸ਼ਬਦ, ਅਰਥ ਦਾ ਰੁੱਖ
ਬੀਜ 'ਚ ਹੀ ਮਾਰ ਦਿੰਦੇ ਹਨ
ਅਰਥ ਦੇ ਅੰਕੁਰ 'ਚ
ਮੌਤ ਉਤਾਰ ਦਿੰਦੇ ਹਨ। (ਜੀਵਨ ਸ਼ਬਦ)

ਇਕ ਹੋਰ ਕਵਿਤਾ ਵਿਚ ਕਵੀ ਮਨੁੱਖੀ ਜੀਵਨ ਵਿਚ ਸਹਿਜ ਅਤੇ ਸੰਤੁਲਨ ਉਪਰ ਜ਼ੋਰ ਦਿੰਦਾ ਹੈ। ਕਵੀ ਅਨੁਸਾਰ ਮਨੁੱਖ ਕਦੇ ਆਪਣੀ ਮੌਜ ਵਿਚ ਆ ਕੇ ਫੈਲਣਾ ਚਾਹੁੰਦਾ ਹੈ ਅਤੇ ਕਦੇ ਉਹ ਸੁੰਗੜ ਕੇ ਇਕ ਨੁਕਤੇ ਉਪਰ ਸਿਮਟ ਜਾਣ ਦੀ ਆਕਾਂਖਿਆ ਵੀ ਕਰਨ ਲੱਗਦਾ ਹੈ। ਪਰ ਮਨੁੱਖ ਦੀਆਂ ਇਹ ਦੋਵੇਂ ਰੁਚੀਆਂ ਅੰਤਿਮ-ਪੱਖੀ ਅਤੇ ਅਨੁਚਿਤ ਹਨ। ਮਨੁੱਖ ਲਈ ਵਾਜਬ ਅਤੇ ਵਾਂਛਿਤ ਇਹੀ ਹੈ ਕਿ ਉਹ ਆਪਣੇ ਫੈਲਾਉ ਅਤੇ ਸੁੰਗੜਨ ਵਿਚ ਇਕ ਸਹਿਜ-ਸੰਤੁਲਨ ਰੱਖੇ। ਉਹ ਏਨਾ ਨਾ ਫੈਲ ਜਾਵੇ ਕਿ ਟੁੱਟ-ਭੱਜ ਹੀ ਜਾਏ ਅਤੇ ਨਾ ਏਨਾ ਸੁੰਗੜੇ ਕਿ ਨਜ਼ਰੋਂ ਓਹਲੇ ਹੋ ਜਾਵੇ। ਦੇਖੋ:

ਮੈਂ ਏਨਾ ਫੈਲਦਾ ਗਿਆ
ਕਿ ਬੀਜ ਤੋਂ ਪ੍ਰਕਿਰਤੀ
ਮਨੁੱਖ ਤੋਂ ਸ੍ਰਿਸ਼ਟੀ
ਅੰਕੁਰ ਤੋਂ ਬ੍ਰਹਿਮੰਡ ਹੋ ਗਿਆ।

o

ਮੈਂ ਏਨਾ ਸੁੰਗੜਿਆ
ਕਿ ਆਪਣੇ ਆਪ ਨੂੰ ਵੀ

ਨਜ਼ਰ ਆਉਣੋਂ ਹਟ ਗਿਆ
ਆਪਣੇ ਆਪ 'ਚ ਹੀ ਖੋ ਗਿਆ
ਮੈਂ ਜੋ ਫੈਲ ਕੇ ਪਾਇਆ ਸੀ
ਸੁੰਗੜ ਕੇ ਗੁਆਇਆ ਹੈ
ਜੋ ਸੁੰਗੜ ਕੇ ਪਾਇਆ ਸੀ
ਫੈਲ ਕੇ ਗੁਆਇਆ ਹੈ।...

o

ਮੇਰੀ ਇਕ ਤਲੀ 'ਤੇ ਮੇਰਾ ਫੈਲਾਅ
ਦੂਜੀ ਤਲੀ 'ਤੇ ਮੇਰਾ ਸੁੰਗੜਨਾ
ਮੇਰੇ 'ਚ ਮੇਰਾ ਸਫ਼ਰ ਧਰ ਗਿਆ
ਸਫ਼ਰ ਤਾਂ ਜਿਉਂਦਾ ਰਿਹਾ
ਮੈਂ ਫੈਲਦਾ ਵੀ ਮਰ ਗਿਆ
ਸੁੰਗੜਦਾ ਵੀ ਮਰ ਗਿਆ। (ਸੰਤੁਲਨ)

ਇਸ ਸੰਗ੍ਰਹਿ ਦੀ ਇਕ ਹੋਰ ਕਵਿਤਾ ਵਿਚ ਕਵੀ ਭੂਤ-ਕਾਲ (ਗੁਜ਼ਰੇ ਸਮੇਂ) ਨੂੰ ਮੁਖ਼ਾਤਿਬ ਹੁੰਦਾ ਹੈ। ਉਹ ਚਾਹੁੰਦਾ ਹੈ ਕਿ ਭੂਤ-ਕਾਲ, ਵਰਤਮਾਨ ਦੀ ਰਫ਼ਤਾਰ ਨੂੰ ਇਸ ਦੀ ਤਬਦੀਲੀ ਨੂੰ ਤਿੱਖਾ ਕਰਨ ਵਿਚ ਸਕਾਰਾਤਮਕ ਭੂਮਿਕਾ ਨਿਭਾਵੇ। ਉਹ ਗੁਜ਼ਰੇ ਸਮੇਂ ਨੂੰ ਵਰਤਮਾਨ ਦਾ ਹਮਸਫ਼ਰ ਬਣਨ ਦਾ ਨਿਮੰਤ੍ਰਣ ਦਿੰਦਾ ਹੈ। ਇਸ ਕਵਿਤਾ ਵਿਚ ਕਵੀ ਦਾ ਅੰਦਾਜ਼ ਪੈਗ਼ੰਬਰੀ ਹੋ ਨਿੱਬੜਿਆ ਹੈ। ਦੇਖੋ:

ਐ ਗੁਜ਼ਰੇ ਸਮੇਂ
ਵਰਤਮਾਨ ਨਾਲ ਟੁਰ
ਵਰਤਮਾਨ ਨੂੰ ਸਕੂਲੇ ਨਾ ਭੇਜ
ਵਰਤਮਾਨ ਨਾਲ ਸਕੂਲ ਜਾ
ਵਰਤਮਾਨ ਨੂੰ ਸਕੂਲੋਂ ਲਿਆ।

o

ਐ ਗੁਜ਼ਰੇ ਸਮੇਂ
ਵਰਤਮਾਨ ਨਾਲ ਜੇ ਮੁਸਲਸਲ ਟੁਰੇਂਗਾ
ਤਾਂ ਜਾਣੇਂਗਾ ਕਿ ਵਰਤਮਾਨ
ਤੇਰੀ ਚੇਤਨਾ ਦਾ ਸੰਕਲਪ ਹੀ ਸਿਰਜ ਰਿਹਾ ਹੈ
ਜੋ ਤੂੰ ਸਿਰਜਦਾ-ਸਿਰਜਦਾ
ਉਸ ਤੋਂ ਬਹੁਤ ਅੱਗੇ ਨਿਕਲ ਆਇਆ ਸੈਂ
ਤੇ ਉਹ ਤੇਰੇ ਭਵਿੱਖ ਦੀ ਥਾਂ

ਤੇਰਾ ਭੂਤ ਬਣ ਕੇ ਰਹਿ ਗਿਆ
ਸੰਕਲਪ 'ਚੋਂ ਜਨਮੇ ਅਰਥਾਂ ਦਾ ਸੱਚ
ਧੁੰਦਲਾ ਪੈ ਗਿਆ।

o

ਐ ਗੁਜ਼ਰੇ ਸਮੇਂ, ਇਸ ਵਰਤਮਾਨ ਦਾ
ਆਪਣਾ ਆਗ਼ਾਜ਼, ਆਪਣਾ ਹਸ਼ਰ ਹੈ
ਇਸ ਦਾ ਕੋਈ ਭੂਤ ਨਹੀਂ
ਇਹ ਭਵਿੱਖ ਤੋਂ ਵਰਤਮਾਨ
ਵਰਤਮਾਨ ਤੋਂ ਭਵਿੱਖ ਦਾ ਸਫ਼ਰ ਹੈ। (ਸਾਡੇ ਨਾਲ ਨਾ ਖੜੋ)

## (iv) ਪੱਥਰ ਦਾ ਸਫ਼ਰ

ਇਸ ਸੰਗ੍ਰਹਿ ਦੀ ਇਕ ਕਵਿਤਾ 'ਰੋਹੀ ਦਾ ਰੁੱਖ' ਵਿਚ ਉਹ ਲਿਖਦਾ ਹੈ ਕਿ ਇਸ ਬ੍ਰਹਿਮੰਡ ਵਿਚ ਜਨਮੀ ਕੋਈ ਵੀ ਚੀਜ਼ ਇਕੱਲੀ ਨਹੀਂ ਹੁੰਦੀ। ਪ੍ਰਕਿਰਤੀ ਨੇ ਹਰ ਚੀਜ਼ ਵਿਚ ਏਨੀਆਂ ਸੰਭਾਵਨਾਵਾਂ ਭਰ ਰੱਖੀਆਂ ਹਨ ਕਿ ਉਹ ਇਕ ਹੋ ਕੇ ਵੀ ਅਨੇਕ ਹੁੰਦੀ/ਹੋ ਸਕਦੀ ਹੈ। ਆਪਣੇ ਇਸ ਕਥਨ ਦੀ ਵਜ਼ਾਹਤ ਲਈ ਉਸ ਨੇ ਰੋਹੀਆਂ ਵਿਚ ਉੱਗੇ ਇਕ ਰੁੱਖ ਦਾ ਪ੍ਰਮਾਣ ਪੇਸ਼ ਕੀਤਾ ਹੈ। ਬੇਸ਼ੱਕ ਇਕ ਰੁੱਖ ਦੇ ਆਸ-ਪਾਸ ਕੋਈ ਵੀ ਹੋਰ ਰੁੱਖ ਨਹੀਂ ਸੀ ਅਤੇ ਸਤਹੀ ਨਜ਼ਰ ਨਾਲ ਦੇਖਣ ਵਾਲੇ ਨੂੰ ਉਹ ਬਿਲਕੁਲ ਇਕੱਲਾ ਅਤੇ ਤਨਹਾ ਪ੍ਰਤੀਤ ਹੁੰਦਾ ਸੀ ਪਰ ਇਸ ਨੂੰ ਲੱਗੇ ਫ਼ਲਾਂ-ਫੁੱਲਾਂ ਵਿਚ ਅਨੇਕ ਹੋਰ ਰੁੱਖਾਂ ਦੀਆਂ ਸੰਭਾਵਨਾਵਾਂ ਮੌਜੂਦ ਸਨ ਅਤੇ ਜੇ ਉਹ ਰੁੱਖ ਇਹਨਾਂ ਸੰਭਾਵਨਾਵਾਂ ਨੂੰ ਸੰਪੂਰਨ ਹੋ ਜਾਣ ਦੇਵੇ ਤਾਂ ਇਸ ਇਕ ਹੀ ਰੁੱਖ ਵਿਚ ਪੂਰਾ ਜੰਗਲ ਬਣ ਜਾਣ ਦੀ ਸਮਰੱਥਾ ਸੀ। ਚਰਨ ਸਿੰਘ ਆਪਣੇ ਇਸ ਕਥਨ ਨੂੰ ਵਿਅਕਤੀ ਉਪਰ ਲਾਗੂ ਕਰਦਾ ਹੈ ਅਤੇ ਦਰਸਾਉਂਦਾ ਹੈ ਕਿ ਇਕ ਇਕੱਲੇ ਵਿਅਕਤੀ ਵਿਚ ਅਨੇਕ ਮਨੁੱਖਾਂ ਦੀਆਂ ਕਰਤਾਰੀ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਦਾ ਪ੍ਰਯਾਸ ਕਰੇ:

ਆਲ੍ਹਣੇ 'ਚੋਂ ਨਵ-ਜਨਮੇ ਬੋਟ ਨੇ
ਉਸ ਨੂੰ ਪੁਕਾਰਿਆ
ਉਸ ਨੇ ਇਕੱਲ ਦੀ ਬੁੱਕਲ ਨੂੰ ਉਤਾਰਿਆ
ਵੇਖਿਆ, ਉਹ ਫੁੱਲਾਂ-ਫ਼ਲਾਂ ਨਾਲ ਲੱਦਿਆ ਪਿਆ ਹੈ।
ਉਸ ਦੇ ਹਰ ਫ਼ਲ 'ਚ ਬੀਜਾਂ ਦੇ ਅੰਬਾਰ ਹਨ
ਤਾਰਿਆਂ ਜਿੰਨੇ ਜੰਗਲ

ਉਸ ਦੇ ਫ਼ਲਾਂ 'ਚ ਸ਼ੁਮਾਰ ਹਨ।

o

ਉਸ ਨੂੰ ਅਹਿਸਾਸ ਹੋਇਆ
ਉਹ ਖ਼ੁਦ ਇਕੱਲ ਦੀ ਹੋਂਦ ਹੈ
ਹੋਂਦੋਂ ਦੂਸਰੇ ਪਾਸੇ
ਉਸ ਦੇ ਆਪਣੇ ਆਪ ਦਾ ਵਿਸਤਾਰ ਹੈ
ਜਿਸ ਵਿਚ ਹਜ਼ਾਰਾਂ ਜੰਗਲਾਂ ਦਾ ਵਜੂਦ ਹੈ
ਜਿਨ੍ਹਾਂ ਦੀ ਜੜ੍ਹ, ਉਸ ਦੇ ਫ਼ਲਾਂ 'ਚ ਮੌਜੂਦ ਹੈ
ਉਸ ਨੇ ਆਪਣੇ ਫ਼ਲਾਂ ਦਾ ਕਲਾਵਾ ਭਰਿਆ
ਤੇ ਹਿੱਕ ਨਾਲ ਲਾ ਲਿਆ
ਰੋਹੀ ਦਾ ਇਕੱਲਾ ਰੁੱਖ
ਜੰਗਲ 'ਚ ਸਮਾ ਗਿਆ। (ਰੋਹੀ ਦਾ ਰੁੱਖ)

ਕਰਤਾਰੀ ਸੰਭਾਵਨਾਵਾਂ ਦੀ ਗਵਾਹੀ ਦੇਣ ਵਾਲੀ ਉਸ ਦੀ ਇਕ ਹੋਰ ਕਵਿਤਾ 'ਪੱਥਰ' ਹੈ। ਇਸ ਕਵਿਤਾ ਵਿਚ ਉਹ ਦਰਸਾਉਂਦਾ ਹੈ ਕਿ ਪੱਥਰ ਵਰਗੀ ਸਖ਼ਤ, ਸੁੰਨ/ਸ਼ੂਨਯ ਅਤੇ ਬੰਜਰ ਦਿਖਾਈ ਦੇਣ ਵਾਲੀ ਵਸਤੂ ਵਿਚ ਅਨੇਕ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ, ਸਿਰਫ਼ ਇਹਨਾਂ ਨੂੰ ਦੇਖਣ ਲਈ ਇਕ ਸੰਵੇਦਨਸ਼ੀਲ ਅੱਖ ਹੋਣੀ ਚਾਹੀਦੀ ਹੈ। ਇਹ ਕਵਿਤਾ ਦਰਸਾਉਂਦੀ ਹੈ ਕਿ ਜੀਵਨ ਦੇ ਇਸ ਪੜਾਉ ਉਪਰ ਪਹੁੰਚ ਕੇ ਕਵੀ ਦੀ ਬ੍ਰਹਿਮੰਡਕ ਚੇਤਨਾ ਪੂਰੀ ਤਰ੍ਹਾਂ ਨਾਲ ਵਿਕਸਿਤ ਹੋ ਚੁੱਕੀ ਹੈ ਅਤੇ ਹੁਣ ਉਸ ਨੂੰ 'ਕਣ-ਕਣ ਵਿਚ ਕਰਤਾਰ' ਪੂਰੀ ਤਰ੍ਹਾਂ ਨਾਲ ਨਜ਼ਰ ਆ ਰਿਹਾ ਹੈ। ਕਵੀ ਆਪਣੀ ਇਸ ਚੇਤਨਾ ਨੂੰ ਪੂਰੇ ਵਿਸ਼ਵ ਵਿਚ ਵੰਡ ਦੇਣਾ ਚਾਹੁੰਦਾ ਹੈ ਤਾਂ ਜੋ ਹਰ ਮਨੁੱਖ ਵਿਸ਼ਵ-ਏਕਤਾ ਦੇ ਸੂਤਰ ਵਿਚ ਬੱਝ ਜਾਵੇ। ਉਸ ਦੇ ਮਨ ਵਿਚੋਂ ਸੀਮਾਵਾਂ, ਦੂਰੀਆਂ ਅਤੇ ਵਿੱਥਾਂ ਨਾਲ ਸੰਬੰਧਿਤ ਸਾਰੇ ਪੂਰਵਾਗ੍ਰਹਿ ਖ਼ਤਮ ਹੋ ਜਾਣ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ:

ਉਸ ਨੇ ਪੱਥਰ ਨੂੰ ਪੱਥਰ ਦੀ ਦ੍ਰਿਸ਼ਟੀ ਨਾਲ ਵੇਖਿਆ
ਤੇ ਨਜ਼ਰ ਬਚਾ ਕੇ ਲੰਘ ਗਿਆ
ਉਸ ਨੇ ਪੱਥਰ ਨੂੰ ਮਨੁੱਖ ਦੀ ਦ੍ਰਿਸ਼ਟੀ ਨਾਲ ਵੇਖਿਆ
ਤੇ ਪੱਥਰ ਨੇ ਉਸ ਨੂੰ ਬੁਲਾ ਲਿਆ
ਆਪਣੇ ਕੋਲ ਬਿਠਾ ਲਿਆ ਤੇ ਫਿਰ ਅੰਦਰ ਲੈ ਗਿਆ।

o

ਪੱਥਰ ਦਾ ਅੰਦਰ ਵੇਖਿਆ ਤਾਂ ਹੈਰਾਨ ਹੋ ਗਿਆ
ਸੋਚਾਂ 'ਚ ਪੈ ਗਿਆ

ਕਿ ਸ੍ਰਿਸ਼ਟੀ, ਬ੍ਰਹਿਮੰਡਾਂ ਦੀ ਗਤੀ
ਕੁਦਰਤ ਦਾ ਸਿਲਸਿਲਾ ਤੇ ਕਾਰੋਬਾਰ
ਸਾਗਰਾਂ, ਪਹਾੜਾਂ, ਜੰਗਲਾਂ ਦਾ ਆਰੰਭ
ਸਭ ਪੱਥਰ 'ਚੋਂ ਹੋਇਆ ਹੈ।...

o

ਉਹ ਜਦ ਬਾਹਰ ਆਇਆ
ਤਾਂ ਉਸ ਦੀ ਪੱਥਰ-ਦ੍ਰਿਸ਼ਟੀ
ਨਿਰੋਲ ਮਾਨਵੀ-ਦ੍ਰਿਸ਼ਟੀ 'ਚ ਢਲ ਚੁੱਕੀ ਸੀ
ਉਸ ਦੀ ਸੋਚ 'ਚ ਪੱਥਰ ਦੇ ਅਰਥ ਬਦਲ ਚੁੱਕੇ ਸਨ
ਗਤੀਹੀਣਤਾ ਦਾ ਪ੍ਰਤੀਕ ਪੱਥਰ
ਹੁਣ ਉਸ ਲਈ ਗਤੀ ਦੀ ਕੁੱਖ ਸੀ
ਦੌੜਦਾ ਪਹਾੜ ਸੀ, ਟੁਰਦਾ ਰੁੱਖ ਸੀ। (ਪੱਥਰ)

ਇਸ ਸੰਗ੍ਰਹਿ ਦੀ ਇਕ ਹੋਰ ਉਲੇਖਯੋਗ ਕਵਿਤਾ 'ਸੰਘਰਸ਼' ਵਿਚ ਕਵੀ ਆਪਣੀ ਵਚਨਬੱਧਤਾ ਦਾ ਇਜ਼ਹਾਰ ਅਤੇ ਐਲਾਨ ਕਰਦਾ ਹੈ। ਉਹ ਸੰਘਰਸ਼ ਨੂੰ ਆਪਣੇ ਜੀਵਨ ਦਾ ਮੂਲ ਮਕਸਦ ਦਰਸਾਉਂਦਾ ਹੈ ਅਤੇ ਇਕਰਾਰ ਕਰਦਾ ਹੈ ਕਿ ਜਿੰਨੀ ਦੇਰ ਤਕ ਉਸ ਦੇ ਜਿਸਮ ਵਿਚ ਲਹੂ ਦਾ ਇਕ ਟੇਪਾ ਵੀ ਬਾਕੀ ਹੈ, ਉਹ ਵਿਸ਼ਵ ਦੇ ਕਲਿਆਣ ਅਤੇ ਮਾਨਵਤਾ ਦੀ ਬੇਹਤਰੀ ਲਈ ਸੰਗਰਾਮ ਕਰਦਾ ਰਹੇਗਾ:

ਇਹ ਮੇਰਾ ਸਫ਼ਰ
ਚਾਹੇ ਥਲ ਚਿੱਥਣ ਦਾ ਹੈ
ਚਾਹੇ ਢਿੱਡ 'ਚ ਸੂਰਜ ਉਤਾਰਨ ਦਾ
ਇਹ ਸਫ਼ਰ ਹੈ, ਥਲ 'ਚ ਸਾਗਰ ਉਗਾਣ ਦਾ
ਇਹ ਸਫ਼ਰ ਹੈ, ਕੁਝ ਕਰ ਕੇ ਮਰ ਜਾਣ ਦਾ
ਇਕ ਬੂੰਦ ਪੁੰਗਰਣ ਦੇ ਸਹਾਰੇ
ਚੱਲ ਰਿਹਾ ਹਾਂ ਮੈਂ
ਲਹੂ ਤੋਂ ਥਲ ਦੀ ਰੇਤ ਵਿਚ
ਢਲ ਰਿਹਾ ਹਾਂ ਮੈਂ।

o

ਸਹਿਰਾ ਦਾ ਸਫ਼ਰ ਹੈ
ਦੇਹ 'ਚ ਉਤਰ ਆਏ ਹਨ ਕਈਆਂ ਸੂਰਜਾਂ ਦੇ ਕਾਫ਼ਲੇ

ਤੰਦੂਰ ਹੋਏ ਤਨ 'ਚ ਵਧਦੇ ਜਾ ਰਹੇ ਹਨ
ਦੇਹ ਤੇ ਸਾਹਾਂ ਦੇ ਫ਼ਾਸਲੇ। (ਸੰਘਰਸ਼)

### (v) ਮਹਿਮਾ

ਮੰਜ਼ਿਲ ਵੱਲ ਸਫ਼ਰ ਇਸ ਸੰਗ੍ਰਹਿ ਦੀਆਂ ਕਈ ਕਵਿਤਾਵਾਂ ਦਾ ਮਜ਼ਮੂਨ ਬਣਿਆ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਕਵੀ ਨੂੰ ਨਾ ਕੇਵਲ ਆਪਣੀ ਮੰਜ਼ਿਲ ਦੀ ਸੋਝੀ ਹੋ ਗਈ ਹੈ ਬਲਕਿ ਉਸ ਨੇ ਆਪਣੇ ਸਧੇ ਹੋਏ ਕਦਮਾ ਨਾਲ ਮੰਜ਼ਿਲ ਵੱਲ ਦੀ ਯਾਤਰਾ ਆਰੰਭ ਕਰ ਦਿੱਤੀ ਹੈ। ਇਹ ਕਵਿਤਾਵਾਂ ਮਨੁੱਖਤਾ ਦਾ ਵਿਜੈ-ਗੀਤ ਬਣਨ ਦੀ ਸਮਰੱਥਾ ਰੱਖਦੀਆਂ ਹਨ। ਹੁਣ ਕਵੀ ਦੇ ਜ਼ੇਹਨ ਵਿਚ ਉੱਗੇ ਭਰਮ-ਭੁਲੇਖਿਆਂ ਦੇ ਸਾਰੇ ਜਾਲੇ ਸਾਫ਼ ਹੋ ਗਏ ਹਨ ਅਤੇ ਉਸ ਨੂੰ ਆਪਣੇ ਮਕਸਦ ਦਾ ਬੋਧ ਹੋ ਗਿਆ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਮਨੁੱਖ 'ਚ ਮਨੁੱਖ ਤੁਰਿਆ ਹੈ
ਧਰਤੀ 'ਤੇ ਮਨੁੱਖਤਾ ਦਾ ਦਰਿਆ ਵਗਿਆ ਹੈ
ਹਨੇਰੇ ਦਾ ਰੂਪ ਬਦਲਿਆ
ਸੂਰਜ 'ਚ ਕਿਰਨਾਂ, ਕਿਰਨਾਂ 'ਚ ਸੂਰਜ ਢਲਿਆ ਹੈ
ਧਰਤੀ ਦਾ ਜ਼ੱਰਾ-ਜ਼ੱਰਾ ਜਗਿਆ ਹੈ।

o

ਪਿੰਡ ਨੇ ਸ਼ਹਿਰ, ਸ਼ਹਿਰ ਨੇ ਪ੍ਰਾਂਤ
ਪ੍ਰਾਂਤ ਨੇ ਦੇਸ਼
ਦੇਸ਼ ਨੇ ਵਿਸ਼ਵ ਦਾ ਰੂਪ ਧਾਰਿਆ ਹੈ
ਵਿਸ਼ਵ ਦੇ ਵਿਹੜੇ ਵਿਸ਼ਵ-ਘਰ ਦਾ
ਸੁਫ਼ਨਾ ਉਸਾਰਿਆ ਹੈ।

o

ਆਕਾਸ਼ ਟੁਰਿਆ ਹੈ
ਸੂਰਜ, ਚੰਨ, ਤਾਰੇ, ਉਪਗ੍ਰਹਿ ਗਤੀਸ਼ੀਲ ਹੋਏ ਹਨ
ਧਰਤੀ, ਸਾਗਰ, ਦਰਿਆ,
ਨਦੀਆਂ, ਪਹਾੜ, ਜੰਗਲ ਟੁਰੇ ਹਨ
ਬ੍ਰਹਿਮੰਡਕ ਕਾਰਜ-ਪ੍ਰਣਾਲੀ ਨੇ
ਗਤੀ ਦਾ ਰੂਪ ਧਾਰਿਆ ਹੈ
ਆਪਣਾ ਸੱਚ ਤਲੀ 'ਤੇ ਉਤਾਰਿਆ ਹੈ

ਸਮੇਂ ਨੇ ਆਦਿ ਤੋਂ ਅੰਤ ਵੱਲ ਕਦਮ ਪੁੱਟਿਆ ਹੈ
ਬ੍ਰਹਿਮੰਡਕ ਸਮੱਗਰੀ ਦਾ ਵਜੂਦ
ਮੰਜ਼ਿਲ ਦੀ ਤਲਾਸ਼ 'ਚ ਜੁਟਿਆ ਹੈ। (ਪੈਰ ਟੁਰਦੇ ਹਨ)

ਮਾਨਵਤਾ ਦੀ ਜਨਨਹਾਰੀ ਅਤੇ ਸਮੁੱਚੇ ਮਨੁੱਖੀ ਸਮਾਜ ਦੀ ਸੇਵਾ-ਸੰਭਾਲ ਵਿਚ ਆਪਣੇ ਆਪ ਨੂੰ ਸਮਰਪਿਤ ਕਰ ਦੇਣ ਵਾਲੀ ਨਾਰੀ ਦੇ ਤ੍ਰਾਸਦਿਕ ਜੀਵਨ ਨੂੰ ਕਵੀ ਨੇ ਆਪਣੀ ਇਕ ਕਵਿਤਾ ਵਿਚ ਬੜੀ ਕਰੁਣਾ ਅਤੇ ਸਹਾਨੁਭੂਤੀ ਦੁਆਰਾ ਪੇਸ਼ ਕੀਤਾ ਹੈ। ਉੱਤਮ-ਪੁਰਖੀ ਬਿਰਤਾਂਤ ਦੇ ਰੂਪ ਵਿਚ ਲਿਖੀ ਗਈ ਇਹ ਕਵਿਤਾ ਬੜੇ ਉੱਚੇ ਆਦਰਸ਼ਾਂ ਨੂੰ ਪ੍ਰਣਾਈ ਹੋਈ ਹੈ। ਇਸ ਕਵਿਤਾ ਦੇ ਅੰਤਿਮ ਅੰਸ਼ ਦੇਖੋ:

ਨਾ ਇਸ ਕੋਠੇ ਦੀ ਸ਼ੋਹਰਤ ਹਾਂ
ਨਾ ਵੇਸ਼ਯਾ ਹਾਂ, ਨਾ ਤੁਆਇਫ਼ ਹਾਂ
ਮੈਂ ਤਾਂ ਬੱਸ ਇਕ ਔਰਤ ਹਾਂ
ਮਰਦ ਦੀ ਮਾਂ ਹਾਂ
ਸ੍ਰਿਸ਼ਟੀ ਦੀ ਰਚਨਹਾਰੀ ਹਾਂ
ਮੰਦਿਰ ਦੀ ਮੂਰਤ ਹਾਂ, ਪੂਜਾ ਦੀ ਥਾਂ ਹਾਂ
ਬੇਸ਼ੱਕ ਆਪਣਾ ਪਤਾ ਚਕਲੇ ਦਾ ਨਾਂ ਹਾਂ। (ਚਕਲਾ)

### (vi) ਕੁਕਨੂਸ

ਇਸ ਸੰਗ੍ਰਹਿ ਦੀ ਇਕ ਕਵਿਤਾ ਵਿਚ ਕਵੀ ਆਪਣੇ ਗੀਤਾਂ ਨੂੰ ਨਵੀਂ ਪਹਿਚਾਣ, ਨਵਾਂ ਰੂਪ-ਆਕਾਰ ਦੇਣ ਦਾ ਐਲਾਨ ਕਰਦਾ ਹੈ। ਉਹ ਚਾਹੁੰਦਾ ਹੈ ਕਿ ਬੇਸ਼ੱਕ ਉਸ ਦਾ ਗੀਤ ਨਾਜ਼ੁਕ ਤਬੀਅਤ ਅਤੇ ਸੂਖਮ ਵੰਨਗੀ ਦਾ ਹੋਵੇ ਪਰ ਉਹ ਸੁੱਤੀ ਮਾਨਵਤਾ ਨੂੰ ਹਲੂਣ ਕੇ ਜਗ੍ਹਾਉਣ ਦੀ ਸਮਰੱਥਾ ਵਾਲਾ ਹੋਵੇਗਾ। ਇਸ ਵਿਚ ਇਨਕਲਾਬ ਲਿਆ ਦੇਣ ਦੀ ਸ਼ਕਤੀ ਹੋਵੇਗੀ। ਦੇਖੋ:

ਗੀਤ ਲਿਖਾਂ
ਜਿਸ ਨੂੰ ਸੁਣ ਕੇ ਅੰਬਰ ਧਰਤੀ 'ਤੇ ਝੁਕ ਜਾਵੇ
ਗੀਤ ਮੇਰੇ ਨੂੰ ਸੁਣ ਕੇ ਸਾਗਰ ਸਹਿਰਾ ਵਿਚ ਉਤਰ ਜਾਵੇ
ਗੀਤ ਮੇਰਾ, ਦਰਿਆ ਅੱਗ ਦਾ
ਬਿਨ ਝੁਲਸੇ ਹੀ ਤਰ ਜਾਵੇ
ਧਾਰ ਦੀ ਅੱਖ 'ਚ
ਅੱਥਰੂ ਤੱਕਣ ਤੋਂ ਪਹਿਲਾਂ ਮਰ ਜਾਵੇ

o

ਜਿਸ ਨੂੰ ਸੁਣ ਕੇ ਕਬਰਾਂ 'ਚੋਂ ਮੁਰਦੇ ਜਾਗਣ
ਕਬਰਾਂ ਛੱਡ, ਜ਼ਿੰਦਗੀ ਭਾਲਣ
ਜ਼ਿੰਦਗੀ ਦਾ ਸ਼ੋਰ-ਸ਼ਰਾਬਾ
ਕਬਰਾਂ ਦੀ ਦੇਹੀ ਧਰ ਜਾਵੇ
ਗੀਤ ਮੇਰਾ ਕੁਝ ਕਰ ਕੇ ਭਾਵੇਂ ਮਰ ਜਾਵੇ। (ਗੀਤ ਲਿਖਾਂ)

ਚਰਨ ਸਿੰਘ ਡੂੰਘੇ ਅਨੁਭਵ ਵਾਲਾ ਕਵੀ ਹੈ। ਉਹ ਬ੍ਰਹਿਮੰਡ ਦੀ ਹਰ ਵਸਤੂ ਵਿਚ ਜੀਵਨ ਦੀ ਧੜਕਣ ਨੂੰ ਸੁਣਨ ਦੀ ਸਮਰੱਥਾ ਰੱਖਦਾ ਹੈ। ਉਹ ਜ਼ਿੰਦਗੀ ਵਿਚ ਮੌਤ ਅਤੇ ਮੌਤ ਵਿਚ ਜ਼ਿੰਦਗੀ ਨੂੰ ਦੇਖ ਸਕਣ ਦੀ ਸਲਾਹੀਅਤ ਰੱਖਣ ਵਾਲਾ ਇਕ ਦਾਰਸ਼ਨਿਕ ਕਵੀ ਹੈ। ਇਹੀ ਕਾਰਨ ਹੈ ਕਿ ਉਹ ਨਿਰਜੀਵ ਵਸਤਾਂ ਵਿਚ ਵੀ ਜ਼ਿੰਦਗੀ ਦੀ ਰਮਜ਼ ਨੂੰ ਪਛਾਣ ਲੈਂਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇਖੋ:

ਮੇਰਾ ਵਜੂਦ ਸੁੱਕਾ ਤੱਕ ਕੇ ਨਾ ਸਮਝੋ
ਕਿ ਮੈਂ ਜੀਵਨ ਰਹਿਤ ਹਾਂ
ਮੈਂ ਸੁੱਕਾ ਜੀਵਨ ਸੱਚ ਹਾਂ
ਮੈਂ ਜਿਉਂਦੇ-ਜੀ ਮੌਤ ਹੰਢਾਉਂਦਾ ਹਾਂ
ਮਰ ਕੇ ਵੀ ਪੁੰਗਰ ਆਉਂਦਾ ਹਾਂ
ਮੈਂ ਜੀਵਨ ਦਾ ਸਾਹ ਹਾਂ
ਮੌਤ ਦਾ ਰਾਜ਼ ਹਾਂ
ਮੈਂ ਜੀਵਨ ਵਿਚ ਕੁਝ ਨਹੀਂ ਗਵਾਇਆ
ਪਾਇਆ ਹੀ ਪਾਇਆ ਹੈ
ਪਤਝੜ ਜਿਉਂਦਾ ਮੇਰਾ ਪਿੰਡਾ
ਪਤਝੜ 'ਚੋਂ ਹੀ ਪੁੰਗਰ ਆਇਆ ਹੈ। **(ਸੁੱਕੇ ਪੱਤੇ ਦਾ ਅੰਤਰੀਵ)**

ਉਸ ਦੀਆਂ ਕਵਿਤਾਵਾਂ ਵਿਚ ਨਿਰੰਤਰ ਆਉਣ ਵਾਲਾ ਇਕ ਸਰੋਕਾਰ ਪੂੰਜੀਵਾਦੀ ਯੁਗ ਵਿਚ ਮਨੁੱਖ ਵਿਚੋਂ ਮਨੁੱਖਤਾ ਦਾ ਲੋਪ ਹੋ ਜਾਣਾ ਹੈ। ਇਸ ਯੁਗ ਵਿਚ ਪੂੰਜੀ ਨੇ ਏਨਾ ਮਹੱਤਵ ਅਖ਼ਤਿਆਰ ਕਰ ਲਿਆ ਹੈ ਕਿ ਮਨੁੱਖ ਆਪਣੇ ਗੌਰਵਮਈ ਵਿਰਸੇ ਅਤੇ ਕਦਰਾਂ-ਕੀਮਤਾਂ ਤੋਂ ਬੇਮੁਖ ਹੋ ਗਿਆ ਹੈ। ਇਸ ਸੂਰਤ ਵਿਚ ਮਨੁੱਖ ਦੇ ਜੀਵਿਤ ਹੋਣ ਦੇ ਕੋਈ ਅਰਥ ਨਹੀਂ ਬਣਦੇ ਕਿਉਂਕਿ ਜੇ ਮਨੁੱਖ ਵਿਚ ਮਨੁੱਖਤਾ ਹੀ ਮਰ ਗਈ ਤਾਂ ਅਸੀਂ ਉਸ ਨੂੰ ਜਿਉਂਦਾ-ਜਾਗਦਾ ਕਿਵੇਂ ਕਹਿ ਸਕਦੇ ਹਾਂ? ਫਿਰ ਤਾਂ ਉਹ ਇਕ ਜਿਉਂਦੀ ਲਾਸ਼ ਹੀ ਹੈ। ਮਨੁੱਖ ਦੀ ਅਜਿਹੀ ਸਥਿਤੀ ਉਪਰ ਸ਼ੋਕ ਦਾ ਪ੍ਰਗਟਾਵਾ ਕਰਦਾ ਹੋਇਆ ਕਵੀ ਲਿਖਦਾ ਹੈ:

ਰਿਸ਼ਤਿਆਂ 'ਚੋਂ ਜ਼ਿੰਦਗੀ ਦਾ ਸੱਚ ਨੁੱਚੜ ਗਿਆ
ਰੰਗ ਲਹੂ ਦਾ ਬਦਲ ਗਿਆ
ਅਨੁਭਵ, ਜਜ਼ਬਾ, ਹਾਸੇ, ਅੱਥਰੂ
ਹੋ ਜ਼ਿੰਦਗੀ 'ਚੋਂ ਮਨਫ਼ੀ ਗਏ
ਜ਼ਿੰਦਗੀ 'ਚੋਂ ਜ਼ਿੰਦਗੀ ਦੀ ਕੁੱਖ ਚੋਅ ਗਈ
ਜ਼ਿੰਦਗੀ 'ਚੋਂ ਮਾਨਵ ਤੇ ਮਨੁੱਖਤਾ ਅਲੋਪ ਹੋ ਗਈ।...

o

ਜ਼ਿੰਦਗੀ ਦੀ ਹਰਿਆਉਲ ਕੋਲੇ ਹੋ ਗਈ
ਜ਼ਿੰਦਗੀ ਮਨੁੱਖ ਲਈ ਹਨੇਰੇ ਬੀਜ ਗਈ
ਜ਼ਿੰਦਗੀ, ਜ਼ਿੰਦਗੀ ਦੀ ਥਾਂ
ਮਨੁੱਖ ਲਈ ਮੌਤ ਦਾ ਸਾਮਾਨ ਹੋ ਗਈ।...

o

ਜ਼ਿੰਦਗੀ ਆਪਣੇ ਵਿਸਥਾਰ 'ਚ ਭਟਕਦੀ
ਮੰਜ਼ਿਲਾਂ ਤੋਂ ਵਾਂਝੀ ਹੈ
ਨਾ ਜ਼ਿੰਦਗੀ ਨੂੰ ਮਨੁੱਖ ਨਜ਼ਰ ਆਉਂਦਾ ਹੈ
ਨਾ ਮਨੁੱਖ ਨੂੰ ਜ਼ਿੰਦਗੀ ਨਜ਼ਰ ਆਉਂਦੀ ਹੈ
ਇਹ ਮਨੁੱਖ ਤੇ ਜ਼ਿੰਦਗੀ ਵਿਚਲੀ ਵਿੱਥ
ਅਜੋਕੇ ਸਮੇਂ ਦੀ ਤ੍ਰਾਸਦੀ ਕਹਾਉਂਦੀ ਹੈ। (ਵਿੱਥ)

### (vii) ਸਾਏ ਦਾ ਸਫ਼ਰ

ਇਸ ਸੰਗ੍ਰਹਿ ਦੀ ਸ਼ੀਰਸ਼ਕ ਕਵਿਤਾ ਵਿਚ ਕਵੀ ਲਿਖਦਾ ਹੈ ਕਿ ਆਧੁਨਿਕ ਵਿਅਕਤੀ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਸਰਪਟ ਦੌੜ ਰਿਹਾ ਹੈ। ਇਹਨਾਂ ਟੀਚਿਆਂ ਦਾ ਸੰਬੰਧ ਪੂੰਜੀ ਦੀ ਪ੍ਰਾਪਤੀ ਨਾਲ ਹੈ, ਵਿਕਾਰਾਂ ਦੀ ਤੁਸ਼ਟੀ ਨਾਲ ਹੈ। ਇਹ ਟੀਚੇ ਇਨਸਾਨ ਜਾਂ ਇਨਸਾਨੀਅਤ ਦੀ ਬੇਹਤਰੀ ਨਾਲ ਸੰਬੰਧਿਤ ਨਹੀਂ ਹਨ। ਇਸ ਕਾਰਨ ਕਵੀ ਦੀ ਦ੍ਰਿਸ਼ਟੀ ਵਿਚ ਇਹ ਸਾਰੇ ਟੀਚੇ ਅਪ੍ਰਮਾਣਿਕ ਅਤੇ ਅਰਥਹੀਣ ਹਨ। ਹੌਲੀ-ਹੌਲੀ ਇਹਨਾਂ ਟੀਚਿਆਂ ਦੀ ਪ੍ਰਾਪਤੀ ਲਈ ਨੱਠ-ਭੱਜ ਰਹੇ ਵਿਅਕਤੀ ਨੂੰ ਖ਼ੁਦ ਵੀ ਇਹ ਬੋਧ ਹੋ ਜਾਂਦਾ ਹੈ ਕਿ ਉਸ ਨੇ ਆਪਣੀ ਉਮਰ ਦਾ ਕੀਮਤੀ ਭਾਗ ਫ਼ਜ਼ੂਲ ਹੀ ਗਵਾ ਦਿੱਤਾ ਹੈ। ਕਵੀ ਇਸ ਦੌੜ ਨੂੰ ਸਾਏ ਦੇ ਪਿੱਛੇ ਨੱਠਣ ਵਾਲੀ ਦੌੜ ਨਾਲ ਤੁਲਣਾ ਦਿੰਦਾ ਹੈ ਕਿਉਂਕਿ ਜੇ ਕੋਈ ਵਿਅਕਤੀ ਆਪਣੇ ਸਾਏ ਨੂੰ ਪਕੜਨ ਲਈ ਦੌੜਨਾ ਸ਼ੁਰੂ ਕਰ ਦੇਵੇ ਤਾਂ ਸਾਇਆ ਵੀ ਉਤਨੀ ਹੀ ਰਫ਼ਤਾਰ ਨਾਲ ਦੌੜਨ ਲੱਗਦਾ ਹੈ। ਸਾਏ ਨੂੰ ਦੌੜ ਕੇ ਨਹੀਂ ਬਲਕਿ ਰੁਕ ਕੇ ਪਕੜਿਆ ਜਾ ਸਕਦਾ ਹੈ ਕਿਉਂਕਿ ਜਿਵੇਂ ਹੀ ਵਿਅਕਤੀ ਰੁਕ ਜਾਂਦਾ ਹੈ,

ਉਸ ਦਾ ਸਾਇਆ ਵੀ ਖੜੋ ਜਾਂਦਾ ਹੈ। ਇਸ ਸਥਿਤੀ ਨੂੰ ਬਿਆਨ ਕਰਦਾ ਹੋਇਆ ਕਵੀ ਲਿਖਦਾ ਹੈ:

ਮੈਂ ਪਹਾੜ ਤਲੀਆਂ 'ਤੇ ਧਰ ਲਏ ਹਨ
ਸਾਗਰ ਚੁਲੀ-ਚੁਲੀ ਕਰ ਕੇ ਪੀ ਲਏ ਹਨ
ਆਪਣੀਆਂ ਨਜ਼ਰਾਂ 'ਚ ਜੰਗਲ ਉਤਾਰ ਲਏ ਹਨ
ਸਾਰੇ ਬ੍ਰਹਿਮੰਡ ਦੀ ਪੋਟਲੀ ਬੰਨ੍ਹ
ਸਿਰ 'ਤੇ ਧਰ ਲਈ ਹੈ
ਆਪਣੀ ਰਫ਼ਤਾਰ 'ਚ ਆਪਣੇ ਆਪ ਨੂੰ
ਆਪਣੇ ਦੁਆਲੇ ਨੂੰ ਪਿੱਛੇ ਛੱਡ ਗਿਆ ਹਾਂ।

o

ਹੁਣ ਮੈਂ ਸੋਚਦਾ ਹਾਂ
ਮੇਰੇ ਦੁਆਲੇ ਖੜੋਤ ਉੱਗ ਆਵੇ
ਸਭ ਕੁਝ ਗਤੀਹੀਣ ਹੋ ਜਾਏ
ਪ੍ਰਕਿਰਤੀ ਪਥਰਾ ਜਾਏ
ਮੇਰੇ ਨਾਲ ਜੋ ਵੀ ਦੌੜ ਰਿਹਾ ਹੈ
ਸਭ ਥੰਮ ਜਾਏ
ਤਾਂ ਕਿ ਮੈਂ ਤੇਜ਼ ਦੌੜ ਕੇ
ਜੋ-ਵੀ ਹਾਸਲ ਕੀਤਾ ਹੈ
ਉਸ 'ਚ ਠਹਿਰਾਂ, ਵਿਚਰਾਂ
ਤੇ ਉਸ ਨੂੰ ਹੰਢਾ ਸਕਾਂ
ਉਸ ਦਾ ਸੁਖ ਆਨੰਦ ਪਾ ਸਕਾਂ
ਪਰ ਮੇਰੀ ਮੈਂ ਕਿਥੇ ਠਹਿਰਦੀ ਹੈ
ਕਿਥੇ ਬੈਠਦੀ ਹੈ। (ਸਾਏ ਦਾ ਸਫ਼ਰ)

'ਸ਼ਾਹ ਸਵਾਰ' ਇਸ ਸੰਗ੍ਰਹਿ ਦੀ ਇਕ ਹੋਰ ਬੜੀ ਮਹੱਤਵਪੂਰਨ ਰਚਨਾ ਹੈ ਜਿਸ ਵਿਚ ਕਵੀ ਰੋਜ਼ੀ-ਰੋਟੀ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਇਕ ਯੋਧੇ ਦੀ ਤਸਵੀਰ ਪੇਸ਼ ਕਰਦਾ ਹੈ। ਆਧੁਨਿਕ ਯੁਗ ਵਿਚ ਹਰ ਵਿਅਕਤੀ ਨੂੰ ਆਪਣੀਆਂ ਛੋਟੀਆਂ-ਮੋਟੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਭਿਆਨਕ ਯੁੱਧ ਲੜਨੇ ਪੈ ਰਹੇ ਹਨ। ਜ਼ਿੰਦਗੀ ਇਕ ਯੁੱਧ-ਖੇਤਰ ਦਾ ਰੂਪ ਧਾਰਨ ਕਰ ਚੁੱਕੀ ਹੈ। ਇਸ ਕਵਿਤਾ ਦੇ ਕੁਝ ਅੰਸ਼ ਦੇਖੋ:

ਦੂਜੀ ਵਾਰ ਉਸ ਸਿਰਫ਼ ਤੇ ਸਿਰਫ਼
ਆਪਣੇ ਆਪ ਨੂੰ ਰਚਨ ਲਈ

ਜੰਗੀ ਲਿਬਾਸ ਪਹਿਨਿਆ
ਤੇ ਘੋੜੇ 'ਤੇ ਸਵਾਰ ਹੋ ਕੇ ਹੱਥ 'ਚ ਤਲਵਾਰ ਫੜੀ
ਜਦ ਮੈਦਾਨੇ-ਜੰਗ 'ਚ ਉਤਰਿਆ
ਤਾਂ ਉਸ ਦੇ ਸਾਹਵੇਂ ਖੜ੍ਹੇ ਉਸ ਦੇ ਆਪੇ ਨੇ
ਉਸ 'ਤੇ ਵਾਰ ਕਰ ਦਿੱਤਾ
ਦੋਹਾਂ ਦੇ ਕੱਟੇ ਸਿਰ ਧਰਤੀ 'ਤੇ ਡਿੱਗੇ
ਇਕ ਸਿਰ ਰਚਨਾ ਦਾ ਸੀ
ਇਕ ਸਿਰ ਸਿਰਜਕ ਦਾ ਸੀ।

o

ਹੁਣ ਉਸ ਲਈ ਅੱਗੇ ਕੋਈ ਰਚਨਾ ਦਾ
ਮੈਦਾਨ ਨਹੀਂ ਸੀ
ਨਾ ਘੋੜਾ ਸੀ, ਨਾ ਤਲਵਾਰ ਸੀ
ਨਾ ਸ਼ਾਹ ਸਵਾਰ ਸੀ
ਨਾ ਬਿੰਦੂ, ਨਾ ਦਾਇਰੇ
ਸਿਰਫ਼ ਠਹਿਰੇ ਵਕਤ ਦਾ ਖੰਡਰ ਸੀ
ਤੇ ਹਵਾ 'ਚ ਲਟਕਦਾ ਸ਼ਾਹ ਸਵਾਰ ਸੀ
ਜੋ ਜਦੋਂ ਟੁਰਿਆ ਸੀ ਆਪਣਾ ਆਪ ਰਚਦਾ ਆ ਰਿਹਾ ਸੀ
ਕਦੀ ਬਿੰਦੂਆਂ 'ਚ, ਕਦੀ ਦਾਇਰਿਆਂ 'ਚ
ਕਦੀ ਪੌਣਾਂ ਵਿਚ, ਕਦੀ ਕਦਮਾਂ ਠਹਿਰਿਆਂ ਵਿਚ।(ਸ਼ਾਹ ਸਵਾਰ)

### (viii) ਚੁੱਪ ਦੀ ਆਵਾਜ਼

ਚਰਨ ਸਿੰਘ ਦੀਆਂ ਕੁਝ ਕਵਿਤਾਵਾਂ ਵਿਚ ਵਿਅਕਤੀ ਦੇ ਤਕਸੀਮੇ/ ਵਿਗਠਿਤ ਆਪੇ (divided self) ਦਾ ਬਿਰਤਾਂਤ ਪੇਸ਼ ਹੋਇਆ ਹੈ। ਜੀਵਨ ਦੀਆਂ ਕਈ ਸਥਿਤੀਆਂ ਵਿਚ ਇਉਂ ਵਾਪਰਦਾ ਹੈ ਕਿ ਵਿਅਕਤੀ ਦਾ ਆਤਮ, ਉਸ ਦੀ ਦੇਹੀ ਦਾ ਸਾਥ ਨਹੀਂ ਦਿੰਦਾ। ਦੇਹੀ ਕੁਝ ਮੰਗਦੀ ਹੈ, ਆਤਮ ਦੀਆਂ ਜ਼ਰੂਰਤਾਂ ਕੁਝ ਹੋਰ ਹੁੰਦੀਆਂ ਹਨ। ਇਸ ਸੂਰਤ ਵਿਚ ਆਤਮ ਅਤੇ ਦੇਹੀ ਇਕੱਠੇ ਨਹੀਂ ਰਹਿ ਪਾਉਂਦੇ। ਦੋਵੇਂ ਅਲਪ ਕਾਲ ਲਈ ਇਕ-ਦੂਜੇ ਤੋਂ ਵੱਖ ਹੋ ਜਾਂਦੇ ਹਨ। ਇਸ ਕਾਲ ਵਿਚ ਦੇਹੀ ਆਪਣੀ ਮਨਮਰਜ਼ੀ ਕਰ ਲੈਂਦੀ ਹੈ। ਕੁਝ ਸਮੇਂ ਬਾਅਦ ਦੇਹੀ ਅਤੇ ਆਤਮ ਫੇਰ ਇਕੱਠੇ ਹੋ ਜਾਂਦੇ ਹਨ। ਇਹ ਸਿਲਸਿਲਾ ਇਸੇ ਪ੍ਰਕਾਰ ਚੱਲਦਾ ਰਹਿੰਦਾ ਹੈ। ਇਹ ਸਥਿਤੀ ਵਿਅਕਤੀ ਨੂੰ ਸਾਮਾਨਯ (normal) ਨਹੀਂ ਰਹਿਣ ਦਿੰਦੀ, ਅਸਾਮਾਨਯ (abnormal) ਬਣਾ ਦਿੰਦੀ ਹੈ। ਕਵੀ ਦੀਆ

ਕੁਝ ਕਵਿਤਾਵਾਂ ਵਿਚ ਅਜਿਹੇ ਅਸਾਮਾਨਯ ਵਿਅਕਤੀ ਦੇ ਆਚਾਰ-ਵਿਹਾਰ ਦੀ ਪੇਸ਼ਕਾਰੀ ਹੋਈ ਹੈ। ਦੇਖੋ:

ਕੋਈ ਮੇਰੇ ਦਿਲ 'ਚੋਂ ਨਿਕਲ ਕੇ
ਹੁਣੇ ਬਾਹਰ ਗਿਆ ਹੈ
ਕੋਈ ਹੁਣ ਵੀ
ਮੇਰੀ ਦੇਹ ਦੇ ਸਾਏ 'ਚ ਤੁਰਦਾ ਪਿਆ ਹੈ।...

o

ਸ਼ਾਇਦ, ਉਹ ਮੇਰੇ ਹੋਣ ਦਾ ਅਹਿਸਾਸ ਸੀ
ਮੇਰੇ ਯਥਾਰਥ ਤੋਂ ਦੂਰ ਸੀ, ਮੇਰੇ ਸੰਕਲਪ ਦੇ ਪਾਸ ਸੀ
ਉਹ ਵਜੂਦ ਰਹਿਤ ਸੀ
ਸ਼ਬਦ ਰਹਿਤ ਸੀ, ਅਰਥ ਰਹਿਤ ਸੀ
ਮੇਰਾ ਹੀ ਲਹੂ ਸੀ ਪਰ ਰੰਗ ਰਹਿਤ ਸੀ
ਮੇਰਾ ਹੀ ਪ੍ਰਾਣ ਸੀ, ਅਨੁਭਵ ਰਹਿਤ ਸੀ।

o

ਮੇਰੇ ਸਰੀਰ 'ਚ ਉਹ ਪਰਾਸਰੀਰ ਸੀ
ਮੇਰੀ ਤਾਸੀਰ ਸੀ, ਜ਼ਮੀਰ ਸੀ
ਮੇਰੇ ਅਵਚੇਤਨ ਦਾ ਸੰਕਲਪ ਸੀ
ਭਾਸ਼ਾ ਦੀ ਹੋਂਦ ਤੋਂ ਉਹ ਪਹਿਲਾਂ ਦਾ ਹਰਫ਼ ਸੀ। (ਭੁਲੇਖਾ)

ਕਵੀ ਦੀਆਂ ਕੁਝ ਕਵਿਤਾਵਾਂ ਵਿਚ ਸਾਕਾਰ ਤੋਂ ਨਿਰਾਕਾਰ ਹੋਣ ਦੀ ਅਭਿਲਾਸ਼ਾ ਅੰਕਿਤ ਹੋਈ ਹੈ। ਆਕਾਰ ਵਿਅਕਤੀ ਨੂੰ ਸੀਮਿਤ ਕਰ ਦਿੰਦਾ ਹੈ। ਉਸ ਨੂੰ ਇਕ ਨਿਸ਼ਚਿਤ ਰੂਪ-ਆਕਾਰ ਵਿਚ ਬੰਨ੍ਹ ਦਿੰਦਾ ਹੈ। ਇਸ ਸੂਰਤ ਵਿਚ ਵਿਅਕਤੀ ਆਪਣੀ ਖੁੱਲ੍ਹ, ਆਪਣੀ ਸੁਤੰਤਰਤਾ ਨੂੰ ਪੂਰੀ ਤਰ੍ਹਾਂ ਨਾਲ ਮਾਣ ਨਹੀਂ ਸਕਦਾ। ਉਹ ਕੁਝ ਸੀਮਾਵਾਂ ਅਤੇ ਹੱਦਾਂ-ਬੰਨਿਆਂ ਵਿਚ ਬੰਨ੍ਹਿਆ ਜਾਂਦਾ ਹੈ। ਇਹ ਬੰਧਨ ਕਵੀ ਨੂੰ ਵਿਆਕੁਲ ਕਰਦੇ ਹਨ। ਅਧਿਆਤਮਵਾਦੀ ਪ੍ਰਕਿਰਤੀ ਦੇ ਲੋਕ ਰਹੱਸਵਾਦੀ ਛਿਣਾਂ ਵਿਚ ਇਹਨਾਂ ਬੰਧਨਾਂ ਤੋਂ ਮੁਕਤ ਹੋ ਕੇ ਪ੍ਰਕਿਰਤੀ ਦੀ ਵਿਸ਼ਾਲਤਾ ਅਤੇ ਕਰਤਾਰ ਦੀ ਕਰਤਾਰਤਾ ਨਾਲ ਇਕ-ਮਿਕ ਹੋ ਜਾਂਦੇ ਹਨ। ਕਵੀ ਵੀ ਇਸੇ ਪ੍ਰਕਾਰ ਦੀ ਇਕ-ਮਿੱਕਤਾ ਨੂੰ ਅਨੁਭਵ ਕਰਨਾ ਲੋਚਦਾ ਹੈ। ਇਹ ਇਕ ਪ੍ਰਕਾਰ ਦਾ ਨਵ-ਅਧਿਆਤਮਵਾਦ ਹੈ ਜੋ ਉਸ ਦੀਆਂ ਕਵਿਤਾਵਾਂ ਵਿਚ ਪੇਸ਼ ਹੋਇਆ ਹੈ। ਇਸ ਵੰਨਗੀ ਦਾ ਇਕ ਅੰਦਾਜ਼ ਦੇਖੋ:

ਮੇਰੇ ਚਿਹਰੇ 'ਤੇ ਕੋਈ ਚਿਹਰਾ ਨਾ ਹੋਵੇ
ਮੇਰੀ ਅੱਖ 'ਚ ਕੋਈ ਅੱਖ ਨਾ ਹੋਵੇ

ਮੇਰੇ ਅੰਗਾਂ ਨਕਸ਼ਾਂ 'ਚ
ਕੋਈ ਅੰਗ ਨਕਸ਼ ਨਾ ਹੋਵੇ
ਨਾ ਮੇਰੀ ਦੇਹ ਹੀ ਹੋਵੇ
ਨਾ ਮੇਰਾ ਕੋਈ ਪ੍ਰਾਣ ਹੀ ਹੋਵੇ
ਨਾ ਮੇਰਾ ਕੋਈ ਰੱਬ ਹੀ ਹੋਵੇ
ਨਾ ਮੇਰਾ ਕੋਈ ਜਹਾਨ ਹੀ ਹੋਵੇ
ਨਾ ਮੇਰਾ ਕੋਈ ਆਪਣਾ ਬੇਗਾਨਾ
ਕੋਈ ਮਿਹਰਬਾਨ ਹੀ ਹੋਵੇ।

o

ਮੈਂ ਜੀਵਾਂ ਐਸੀ ਆਨੰਦਤਾ
ਜਿਥੇ ਨਾ ਮੈਂ ਹੋਵਾਂ, ਨਾ ਮੇਰਾ ਜਿਸਮ
ਨਾ ਮੇਰੀ ਜਾਨ ਹੋਵੇ।...

o

ਮੇਰੇ ਮਸਤਕ 'ਚੋਂ ਜਗਦੇ ਸੂਰਜ ਕੱਢ ਦੇਵੋ
ਮੈਨੂੰ ਐਸੀ ਥਾਂ 'ਤੇ ਧਰ ਦੇਵੋ
ਜਿਥੇ ਮੇਰੇ 'ਚ ਮੈਂ ਨਾ ਹੋਵਾਂ, ਉਹ ਨਾ ਹੋਵੇ
ਕੁਝ ਵੀ ਨਹੀਂ ਦਾ
ਉਥੇ ਜੋ ਵੀ ਹੋਵੇ ਕੁਝ ਵੀ ਨਾ ਹੋਵੇ
ਤਾ ਕਿ ਮੈਂ ਇਕ ਪਲ ਤਾਂ ਜੀ ਸਕਾਂ
ਜੋ ਧਰਿਆ ਹੈ ਮੌਤ ਨੇ ਪਿਆਲਾ ਜ਼ਿੰਦਗੀ ਦਾ
ਮੇਰੀ ਤਲੀ 'ਤੇ
ਉਸ ਦਾ ਇਕ ਘੁੱਟ ਪੀ ਸਕਾਂ। (ਤਲਾਸ਼)

### (ix) ਨੀਲਾ ਆਸਮਾਨ

'ਨੀਲਾ ਆਸਮਾਨ' ਵਿਚ ਕਵੀ ਨੇ ਮਨੁੱਖੀ ਜੀਵਨ ਦੇ ਨਿਰੰਤਰ ਸਫ਼ਰ ਦੀਆਂ ਕਈ ਪ੍ਰਮਾਣਿਕ ਝਾਕੀਆਂ ਪੇਸ਼ ਕੀਤੀਆਂ ਹਨ। ਕਵੀ ਦੇ ਮਨ ਵਿਚ ਸਫ਼ਰ ਦੀ ਅਣਮੁੱਕ ਅਤੇ ਅਣਥੱਕ ਰੀਝ ਦਿਖਾਈ ਦਿੰਦੀ ਹੈ। ਉਹ ਨਿਰੰਤਰ ਇਸ ਸਫ਼ਰ ਉਪਰ ਰਵਾਨਾ ਰਹਿਣਾ ਚਾਹੁੰਦਾ ਹੈ, ਭਾਵੇਂ ਰਾਹਾਂ ਮੁੱਕ ਜਾਣ, ਭਾਵੇਂ ਮੰਜ਼ਿਲਾਂ ਪੈਰਾਂ ਵਿਚ ਢੇਰੀ ਹੋ ਜਾਣ। ਅਸਲ ਵਿਚ ਸਫ਼ਰ ਦਾ ਆਪਣਾ ਇਕ ਵੱਖਰਾ ਹੀ ਆਨੰਦ ਹੁੰਦਾ ਹੈ। ਜਗਿਆਸੂ ਲੋਕ ਕਿਸੇ ਮੰਜ਼ਿਲ ਦੀ ਪ੍ਰਾਪਤੀ ਲਈ ਸਫ਼ਰ ਨਹੀਂ ਕਰਦੇ ਬਲਕਿ ਸਫ਼ਰ ਦਾ ਆਨੰਦ ਮਾਨਣ ਲਈ ਹੀ ਕਰਦੇ ਹਨ। ਇਸ ਪ੍ਰਸੰਗ ਵਿਚ ਕਵੀ ਦਾ ਇਕ ਕਥਨ ਦੇਖੋ:

ਪੈਰਾਂ 'ਚੋਂ ਸਫ਼ਰ ਜਨਮਦਾ ਸੀ
ਸਫ਼ਰ 'ਚੋਂ ਪੈਰ ਜਨਮਦੇ ਸਨ
ਜਿਉਂਦੇ-ਜੀਅ ਇਕ ਦੂਜੇ 'ਚੋਂ ਪੁੰਗਰਦੇ ਸਨ
ਨਾ ਪੈਰ ਥੱਕਦੇ ਸਨ
ਨਾ ਸਫ਼ਰ ਮੁੱਕਦਾ ਸੀ
ਇਹ ਸਿਲਸਿਲਾ ਬੀਜ ਤੇ ਰੁੱਖ ਦਾ
ਸਫ਼ਰ ਤੇ ਪੈਰਾਂ ਦਾ
ਅਜ਼ਲ ਤੋਂ ਪਹਿਲਾਂ ਵੀ ਚੱਲਦਾ ਸੀ
ਅਜ਼ਲ ਤੋਂ ਪਿੱਛੋਂ ਵੀ ਚੱਲਦਾ ਸੀ।...

o

ਨਾ ਰਾਹਾਂ ਦੀ ਕੋਈ ਹੱਦ ਸੀ
ਨਾ ਟੁਰਦੇ ਪੈਰਾਂ ਦੀ ਕੋਈ ਸੀਮਾ ਸੀ
ਰਾਹ ਸਾਗਰ 'ਚ ਉਤਰਦੇ ਸਨ
ਅੰਬਰਾਂ, ਧਰਤੀਆਂ
ਪਹਾੜਾਂ, ਜੰਗਲਾਂ 'ਚੋਂ ਗੁਜ਼ਰਦੇ ਸਨ
ਟੁਰਦੇ ਪੈਰ
ਨਾ ਰਾਹਾਂ 'ਚ ਰੁਕਦੇ ਸਨ
ਨਾ ਮੰਜ਼ਿਲਾਂ 'ਤੇ ਰੁਕਦੇ ਸਨ
ਬੱਸ ਟੁਰਦੇ ਹੀ ਟੁਰਦੇ ਸਨ
ਜਿਥੋਂ ਤਕ ਰਾਹ ਟੁਰਦੇ ਸਨ
ਜਿਥੋਂ ਤਕ ਸਾਹ ਟੁਰਦੇ ਸਨ। (ਪੈਰ ਤੇ ਰਾਹ)

ਇਸ ਸੰਗ੍ਰਹਿ ਦੀ ਇਕ ਉਲੇਖਯੋਗ ਕਵਿਤਾ ਮਾਂ ਦੇ ਬਾਰੇ ਵਿਚ ਹੈ ਜੋ ਇਕ ਆਗਿਆਕਾਰ ਅਤੇ ਦੁਧਾਰੂ ਗਾਂ ਵਾਂਗ ਪਿਤਾ ਦੇ ਵਿਹੜੇ ਵਿਚ ਕਿੱਲੇ ਨਾਲ ਬੱਝੀ ਰਹਿੰਦੀ ਹੈ। ਮਾਂ ਨੇ ਆਪਣੀਆਂ ਸਾਰੀਆਂ ਰੀਝਾਂ ਅਤੇ ਚਾਵਾਂ ਨੂੰ ਆਪਣੇ ਸੀਨੇ ਵਿਚ ਦਫ਼ਨ ਕਰ ਲਿਆ ਹੈ ਅਤੇ ਜੋ ਕੁਝ ਉਸ ਨੂੰ ਪ੍ਰਾਪਤ ਹੈ, ਉਸੇ ਨਾਲ ਸਮਝੌਤਾ ਕਰ ਕੇ ਵਕਤ ਗੁਜ਼ਾਰ ਰਹੀ ਹੈ। ਪਿੰਡ ਦੇ ਬਾਹਰਵਾਰ ਖੜੋਤਾ ਇਕ ਵਹਿੜਕਾ ਉਸ ਗਾਂ ਦੀ ਉਡੀਕ ਵਿਚ ਬੁੱਢਾ ਬਲਦ ਬਣ ਗਿਆ ਹੈ। ਗਾਂ ਖ਼ੁਦ ਵੀ ਬੁੱਢੀ ਹੋ ਗਈ ਹੈ ਪਰ ਫਿਰ ਵੀ ਜਦੋਂ ਉਸ ਨੂੰ ਕੁਝ ਵਕਤ ਮਿਲਦਾ ਹੈ ਤਾਂ ਉਹ ਉਸੇ ਬੁੱਢੇ ਬਲਦ ਨੂੰ ਮਿਲ ਕੇ ਆਪਣੇ ਅਧੂਰੇ ਚਾਵਾਂ ਨੂੰ ਕਿਸੇ ਹੱਦ ਤਕ ਪੂਰੇ ਕਰ ਲੈਂਦੀ ਹੈ। ਪਲ ਦੋ ਪਲ ਲਈ ਬੁੱਢੀ ਗਾਂ ਆਪਣੇ ਆਪ ਨੂੰ ਜਵਾਨ ਅਨੁਭਵ ਕਰ ਲੈਂਦੀ ਹੈ। ਇਸ ਕਵਿਤਾ ਵਿਚ ਕਵੀ ਨੇ ਭਾਰਤੀ ਸਮਾਜ/

ਸਭਿਆਚਾਰ ਵਿਚ ਔਰਤ ਦੀ ਤ੍ਰਾਸਦਿਕ ਸਥਿਤੀ ਦਾ ਬੜਾ ਕੰਕਰੀਟ ਚਿੱਤਰ ਪੇਸ਼ ਕੀਤਾ ਹੈ। ਪ੍ਰਤੀਕਾਤਮਕ ਵਿਧੀ ਵਿਚ ਲਿਖੀ ਗਈ ਇਹ ਕਵਿਤਾ ਅਤਿਅੰਤ ਪ੍ਰਭਾਵਸ਼ਾਲੀ ਹੋ ਨਿੱਬੜੀ ਹੈ। ਇਸ ਦੇ ਕੁਝ ਅੰਸ਼ ਦੇਖੋ :

ਉਹ ਇਕ ਗਾਂ ਸੀ
ਜੋ ਬਾਪੂ ਦੇ ਕਿੱਲੇ ਨਾਲ ਬੱਝੀ
ਆਪਣੀ ਉਮਰ ਕੱਢ ਰਹੀ ਸੀ।

o

ਉਹ ਕਈ ਵਾਰੀ ਕਿੱਲਾ ਤੁੜਾ ਕੇ
ਭੱਜ ਜਾਣਾ ਚਾਹੁੰਦੀ ਸੀ
ਉਸ ਵਹਿੜਕੇ ਦੇ ਨਾਲ
ਜੋ ਪਿੰਡੋਂ ਬਾਹਰ, ਉਸ ਦੀ ਉਡੀਕ ਕਰਦਾ-ਕਰਦਾ
ਬੁੱਢਾ ਬੌਲਦ ਹੋ ਗਿਆ ਸੀ
ਗਾਂ ਕੀ ਕਰਦੀ
ਉਸ ਦਾ ਸਫ਼ਰ ਤਾਂ
ਬਾਪੂ ਦੇ ਕਿੱਲੇ ਤੋਂ ਸ਼ੁਰੂ ਹੋ ਕੇ
ਬਾਪੂ ਦੇ ਕਿੱਲੇ 'ਤੇ ਹੀ ਮੁੱਕਦਾ ਸੀ।

o

ਉਹ ਬਾਪੂ ਲਈ ਗਾਂ
ਮੇਰੇ ਲਈ ਮਾਂ ਸੀ
ਜੋ ਬਾਪੂ ਦੀ ਖੁਰਲੀ 'ਤੇ ਬੱਝੀ
ਸੁੱਕੇ ਟਾਂਡਿਆਂ ਦੀ ਜੁਗਾਲੀ ਕਰਦੀ ਰਹਿੰਦੀ
ਪਿੰਡੋਂ ਬਾਹਰਲੇ ਬੁੱਢੇ ਬੌਲਦ ਕੋਲ ਚਲੀ ਜਾਂਦੀ।

o

ਜਦ ਪਰਤਦੀ ਤਾਂ ਗੋਰੀ ਵਹਿੜਕੀ ਲੱਗਦੀ
ਸ਼ਾਇਦ ਬੁੱਢਾ ਬੌਲਦ ਉਸ ਦਾ ਬੁਢਾਪਾ ਹੰਢਾ ਰਿਹਾ ਸੀ
ਤੇ ਬਾਪੂ ਸੁੱਕਿਆਂ ਟਾਂਡਿਆਂ ਦੀ ਟੋਕਰੀ ਬਦਲੇ
ਉਸ ਦੀ ਜਵਾਨੀ
ਸਿਰ ਤੋਂ ਪੈਰਾਂ ਤੀਕਣ ਖਾ ਗਿਆ ਸੀ।

o

ਉਹ ਇਕ ਗਾਂ ਸੀ
ਜੋ ਬਾਪੂ ਦੇ ਕਿੱਲੇ ਨਾਲ ਬੱਝੀ

ਆਪਣੀ ਉਮਰ ਕੱਟ ਰਹੀ ਸੀ
ਉਹ ਇਕ ਮਾਂ ਸੀ
ਜੋ ਬਾਪੂ ਦੇ ਮਘਦੇ ਚੁੱਲ੍ਹੇ ਅੱਗੇ ਬੈਠੀ
ਠਰ ਰਹੀ ਸੀ। (ਮਾਂ ਗਾਂ)

ਚਰਨ ਸਿੰਘ ਦੀ ਕਾਵਿ-ਯਾਤਰਾ ਨਿਰੰਤਰ ਜਾਰੀ ਹੈ। ਕਾਵਿ-ਰਚਨਾ ਉਸ ਵਾਸਤੇ ਇਕ ਸਹਿਜ ਅਤੇ ਸੁਭਾਵਿਕ ਅਮਲ ਹੈ। ਕਵਿਤਾਵਾਂ ਲਿਖਣ ਲਈ ਉਸ ਨੂੰ ਉਚੇਚ ਨਹੀਂ ਕਰਨਾ ਪੈਂਦਾ। ਉਸ ਦੀ ਜੀਵਨ-ਸ਼ੈਲੀ ਇਕ ਮਹਾਂ-ਕਾਵਿ ਹੈ, ਜਿਸ ਵਿਚੋਂ ਵੱਖ-ਵੱਖ ਪੰਨਿਆਂ ਉਪਰ ਲਿਖੀਆਂ ਕਵਿਤਾਵਾਂ ਝੜਦੀਆਂ ਰਹਿੰਦੀਆਂ ਹਨ। ਉਹ ਬ੍ਰਹਿਮੰਡਕ ਚੇਤਨਾ ਦਾ ਕਵੀ ਹੈ। ਇਸ ਕਾਰਨ ਉਸ ਦੀਆਂ ਰਚਨਾਵਾਂ ਵਿਚ ਬ੍ਰਹਿਮੰਡ ਦੇ ਕਿਸੇ ਵੀ ਕੋਨੇ ਵਿਚ ਬੈਠੇ ਸੰਵੇਦਨਸ਼ੀਲ ਵਿਅਕਤੀ ਦੀ ਵਿਆਕੁਲਤਾ, ਅਭਿਲਾਸ਼ਾਵਾਂ, ਹਸਰਤਾਂ, ਪ੍ਰਾਪਤੀਆਂ ਅਤੇ ਅਪ੍ਰਾਪਤੀਆਂ ਦੇ ਅਕਸ ਦੇਖੇ ਜਾ ਸਕਦੇ ਹਨ। ਉਹ ਆਪਣੇ ਅਨੁਭਵ ਪ੍ਰਤੀ ਸੱਚਾ ਅਤੇ ਸੁਹਿਰਦ ਰਹਿਣ ਵਾਲਾ ਮਹਾਂ-ਕਵੀ ਹੈ। ਉਸ ਦੀਆਂ ਕਵਿਤਾਵਾਂ ਸਾਡੇ ਯੁਗ ਦੇ ਸੱਚੇ-ਸੁੱਚੇ ਦਸਤਾਵੇਜ਼ ਹਨ, ਜਿਨ੍ਹਾਂ ਵਿਚੋਂ ਅਸੀਂ ਇਸ ਯੁਗ ਦੇ ਦਰਸ਼ਨ ਕਰ ਸਕਦੇ ਹਾਂ।

# ਚਰਨ ਸਿੰਘ ਦਾ ਸਮੁੱਚਾ ਯੋਗਦਾਨ
## (ਆਧੁਨਿਕ ਪੰਜਾਬੀ ਕਾਵਿ ਨੂੰ ਦੇਣ)

ਸ. ਚਰਨ ਸਿੰਘ ਪਿਛਲੇ ਚਾਰ ਦਹਾਕਿਆਂ ਤੋਂ ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿਚ ਕਰਮਸ਼ੀਲ ਹੈ। ਉਸ ਨੇ ਜਿਨ੍ਹਾਂ ਦਿਨਾਂ ਵਿਚ ਆਪਣਾ ਕਾਵਿ-ਸਫ਼ਰ ਸ਼ੁਰੂ ਕੀਤਾ ਸੀ, ਪੰਜਾਬੀ ਕਾਵਿ ਵਿਚ ਇਕ ਸਿਫ਼ਤੀ ਤਬਦੀਲੀ ਆ ਰਹੀ ਸੀ। ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਵਰਗੇ ਮਹਾਨ ਕਵੀਆਂ ਦੁਆਰਾ ਸ਼ੁਰੂ ਕੀਤੀ, ਅੰਮ੍ਰਿਤਾ ਪ੍ਰੀਤਮ ਅਤੇ ਪ੍ਰੋ. ਮੋਹਨ ਸਿੰਘ ਦੁਆਰਾ ਪ੍ਰਵਾਨ ਚੜ੍ਹਾਈ ਪੰਜਾਬੀ ਕਵਿਤਾ ਅਜਾਇਬ ਕਮਲ, ਰਵਿੰਦਰ ਰਵੀ ਅਤੇ ਜਸਬੀਰ ਸਿੰਘ ਆਹਲੂਵਾਲੀਆ ਵਰਗੇ ਪ੍ਰਯੋਗਸ਼ੀਲ ਕਵੀਆਂ ਦੇ ਸੁਹਿਰਦ ਅਤੇ ਚੇਤੰਨ ਪ੍ਰਯਤਨਾਂ ਦੁਆਰਾ ਰੂਪਾਂਤਰਿਤ ਹੁੰਦੀ ਜਾ ਰਹੀ ਸੀ। ਇਸ ਵਕਤ ਤਕ ਦੇਸ਼ ਨੂੰ ਆਜ਼ਾਦ ਹੋਇਆਂ ਤਿੰਨ ਦਹਾਕਿਆਂ ਤੋਂ ਵੀ ਵੱਧ ਸਮਾਂ ਗੁਜ਼ਰ ਚੁੱਕਾ ਸੀ। ਪੱਛਮੀ ਪੰਜਾਬ ਵਿਚੋਂ ਆਪਣਾ ਸਭ ਕੁਝ ਲੁਟਾ ਕੇ ਆਏ ਲੱਖਾਂ ਪੰਜਾਬੀ, ਪੂਰਬੀ ਪੰਜਾਬ ਅਤੇ ਉੱਤਰੀ ਭਾਰਤ ਦੇ ਵੱਖ-ਵੱਖ ਕੋਨਿਆਂ ਵਿਚ ਸੈਟਲ ਹੋ ਚੁੱਕੇ ਸਨ। ਦੇਸ਼ ਵਿਚ ਛੋਟੇ-ਵੱਡੇ ਉਦਯੋਗ ਸਥਾਪਿਤ ਹੋ ਰਹੇ ਸਨ ਅਤੇ ਪੰਜਾਬ ਦਾ ਗ੍ਰਾਮੀਣ ਚਿਹਰਾ ਕਾਫ਼ੀ ਬਦਲ ਰਿਹਾ ਸੀ। ਪੁਰਾਣਾ ਜਾਗੀਰਦਾਰੀ ਆਰਥਿਕ ਢਾਂਚਾ ਅੰਗਰੇਜ਼ਾਂ ਦੇ ਸਮੇਂ ਤੋਂ ਹੀ ਟੁੱਟਣਾ ਸ਼ੁਰੂ ਹੋ ਗਿਆ ਸੀ ਅਤੇ ਪੂੰਜੀਵਾਦ ਹੌਲੀ-ਹੌਲੀ ਆਪਣੀ ਪਕੜ ਮਜ਼ਬੂਤ ਕਰ ਰਿਹਾ ਸੀ। ਪੂੰਜੀਵਾਦੀ ਅਰਥ-ਵਿਵਸਥਾ ਦੇ ਦਬਾਵਾਂ ਅਧੀਨ ਮਨੁੱਖੀ ਰਿਸ਼ਤਿਆਂ ਵਿਚ ਵੀ ਤਬਦੀਲੀ ਆਉਣ ਲੱਗੀ ਸੀ। ਪੰਜਾਬੀ ਮਨੁੱਖ ਅਤੇ ਉਸ ਦਾ ਆਲਾ-ਦੁਆਲਾ ਕਾਫ਼ੀ ਬਦਲ ਗਿਆ ਸੀ। ਸਿੱਟੇ ਵਜੋਂ ਪੰਜਾਬੀ ਸਾਹਿਤ ਵਿਚ ਵੀ ਅਨੇਕ ਤਬਦੀਲੀਆਂ ਨਜ਼ਰ ਆਉਣ ਲੱਗੀਆਂ। ਇਹਨਾਂ ਤਬਦੀਲੀਆਂ ਨੂੰ ਸਿੱਧਾਂਤਕ ਆਧਾਰ ਪ੍ਰਦਾਨ ਕਰ ਕੇ ਸਥਾਪਿਤ ਕਰਨ ਵਿਚ ਜਲੰਧਰ ਦੇ ਪ੍ਰਯੋਗਸ਼ੀਲ ਕਵੀਆਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਜਲੰਧਰ ਦਾ ਕਾਫ਼ੀ-ਹਾਊਸ ਪ੍ਰਯੋਗਸ਼ੀਲ ਲੇਖਕਾਂ ਦੇ ਪ੍ਰਮੁੱਖ ਕੇਂਦਰ ਵਜੋਂ ਪ੍ਰਸਿੱਧ ਹੋ ਗਿਆ।

ਇਹਨਾਂ ਦਿਨਾਂ ਵਿਚ ਚਰਨ ਸਿੰਘ ਆਪਣੇ ਆਲੇ-ਦੁਆਲੇ ਦੇ ਬਦਲ ਰਹੇ ਸੰਸਾਰ ਨੂੰ ਬੜੀ ਨੀਝ ਅਤੇ ਜਗਿਆਸਾ ਨਾਲ ਦੇਖ ਰਿਹਾ ਸੀ। ਉਸ ਨੂੰ ਐਸ.ਪੀ.

ਸਿੰਘ, ਰਣਜੀਤ ਸਿੰਘ ਬਾਜਵਾ, ਅਮਿਤੋਜ, ਜਨਕ ਰਾਜ ਸਿੰਘ ਅਤੇ ਨਰਜੀਤ ਖਹਿਰਾ ਵਰਗੇ ਸੂਝਵਾਨ ਅਧਿਆਪਕਾਂ ਅਤੇ ਦੋਸਤਾਂ ਦੀ ਸੰਗਤ ਪ੍ਰਾਪਤ ਸੀ। ਇਹਨਾਂ ਸੰਵੇਦਨਸ਼ੀਲ ਵਿਅਕਤੀਆਂ ਦੀ ਸੰਗਤ ਵਿਚ ਬੈਠ ਕੇ ਚਰਨ ਸਿੰਘ ਕਾਫ਼ੀ ਰਾਹਤ ਮਹਿਸੂਸ ਕਰਦਾ ਸੀ। ਗਰਦਿਸ਼ ਅਤੇ ਆਵਾਰਗੀ ਦੇ ਇਕ ਦਹਾਕੇ ਵਿਚ ਉਸ ਨੇ ਆਪਣੇ ਉਲਝਦੇ, ਬਿਖਰਦੇਂ ਅਤੇ ਨਵ-ਨਿਰਮਿਤ ਹੋ ਰਹੇ ਵਿਅਕਤਿੱਤਵ ਨੂੰ ਇਕ ਦਾਰਸ਼ਨਿਕ ਦੀ ਜਗਿਆਸੂ ਬਿਰਤੀ ਨਾਲ ਦੇਖਿਆ ਅਤੇ ਹੌਲੀ-ਹੌਲੀ ਉਸ ਨੇ ਇਸ ਵਿਅਕਤਿੱਤਵ ਦੀਆਂ ਵਿਭਿੰਨ ਰੌਆਂ ਨੂੰ ਅੰਕਿਤ ਕਰਨ ਦੀਆਂ ਵਿਧੀਆਂ ਵੀ ਸਿੱਖ-ਸਮਝ ਲਈਆਂ। ਸਿੱਟੇ ਵਜੋਂ ਇਕ ਪ੍ਰਯੋਗਸ਼ੀਲ ਕਵੀ ਵਜੋਂ ਉਸ ਦੀ ਇਕ ਵਿਲੱਖਣ ਸ਼ਖ਼ਸੀਅਤ ਦਾ ਨਿਰਮਾਣ ਹੋ ਗਿਆ। ਸਮਕਾਲੀ ਕਵੀਆਂ ਵੱਲੋਂ ਉਸ ਦੀਆਂ ਕਵਿਤਾਵਾਂ ਨੂੰ ਬੜਾ ਸਾਕਾਰਾਤਮਕ ਹੁੰਗਾਰਾ ਵੀ ਪ੍ਰਾਪਤ ਹੋਣ ਲੱਗ ਪਿਆ।

ਪਰ ਇਸ ਤੋਂ ਪਹਿਲਾਂ ਕਿ ਉਹ ਇਧਰ ਪੰਜਾਬ ਵਿਚ ਰਹਿ ਕੇ ਆਪਣਾ ਨਵੇਕਲਾ ਮੁਕਾਮ ਪ੍ਰਾਪਤ ਕਰਨ ਵਿਚ ਸਫ਼ਲ ਹੋ ਪਾਉਂਦਾ, ਰੋਜ਼ੀ-ਰੋਟੀ ਦਾ ਚੱਕਰ ਉਸ ਨੂੰ ਕੈਨੇਡਾ ਵਿਚ ਲੈ ਆਇਆ, ਜਿਥੇ ਉਹ 1980 ਈ. ਤੋਂ ਟਿਕਿਆ ਹੋਇਆ ਹੈ। ਉਸ ਦੀ ਪਹਿਲੀ ਪੁਸਤਕ 'ਤੀਸਰੀ ਅੱਖ' ਦੀਆਂ ਕਵਿਤਾਵਾਂ ਬੇਸ਼ੱਕ ਉਸ ਨੇ ਭਾਰਤ ਵਿਖੇ ਰਹਿੰਦਿਆਂ ਹੋਇਆਂ ਹੀ ਲਿਖੀਆ ਸਨ ਪਰ ਇਸ ਪੁਸਤਕ ਦਾ ਪ੍ਰਕਾਸ਼ਨ 1983 ਈ. ਵਿਚ ਕੈਨੇਡਾ ਆ ਜਾਣ ਤੋਂ ਬਾਅਦ ਹੀ ਸੰਭਵ ਹੋ ਸਕਿਆ। ਪਿਛਲੇ ਤੀਹ ਕੁ ਵਰ੍ਹਿਆਂ ਦੇ ਅਰਸੇ ਵਿਚ ਉਸ ਦੀਆਂ ਤੀਹ-ਬੱਤੀ ਕਾਵਿ-ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਬਾਰਾਂ-ਚੌਦਾਂ ਅਜੇ ਪ੍ਰਕਾਸ਼ਨਾਧੀਨ ਹਨ। ਇਹ ਸਭ ਆਉਂਦੇ ਦੋ-ਤਿੰਨ ਵਰ੍ਹਿਆਂ ਵਿਚ ਪ੍ਰਕਾਸ਼ਿਤ ਹੋ ਜਾਣਗੀਆਂ। ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿਚ ਏਨਾ ਜ਼ਿਆਦਾ ਯੋਗਦਾਨ ਪਾਉਣ ਵਾਲਾ ਚਰਨ ਸਿੰਘ ਸਾਡਾ ਸ਼ਿਰੋਮਣੀ ਅਤੇ ਸਤਿਕਾਰਿਤ ਕਵੀ ਹੈ। ਭਾਰਤੀ ਪੰਜਾਬ ਤੋਂ ਕਾਫ਼ੀ ਦੂਰ ਰਹਿਣ ਕਰਕੇ, ਸਥਾਪਤੀ ਦੇ ਮਗਰ ਨੱਠ-ਭੱਜ ਨਾ ਕਰਨ ਕਰਕੇ ਅਤੇ ਆਪਣੀ ਧੁਨ ਵਿਚ ਮਗਨ ਰਹਿਣ ਵਾਲੀ ਆਪਣੀ ਦਰਵੇਸ਼ੀ ਦੇ ਕਾਰਨ ਉਸ ਦੀ ਯਥਾਯੋਗ ਚਰਚਾ ਨਹੀਂ ਹੋ ਸਕੀ ਪਰੰਤੂ ਗੁਲਾਬ ਨੂੰ ਚਾਹੇ ਲੱਖ ਜੰਦਰੇ ਮਾਰ ਲਵੋ, ਉਸ ਦੀ ਖ਼ੁਸ਼ਬੂ ਨੇ ਤਾਂ ਫੈਲ ਹੀ ਜਾਣਾ ਹੁੰਦਾ ਹੈ। ਬਿਲਕੁਲ ਇਸੇ ਪ੍ਰਕਾਰ ਹੁਣ ਜਦੋਂ ਕਿ ਪਿਛਲੇ ਚਾਰ-ਪੰਜ ਵਰ੍ਹਿਆਂ ਵਿਚ ਉਸ ਦੀਆਂ ਕਾਫ਼ੀ ਪੁਸਤਕਾਂ ਪ੍ਰਕਾਸ਼ਿਤ ਹੋ ਗਈਆਂ ਹਨ ਤਾਂ ਉਸ ਦੀ ਵਿਲੱਖਣ ਕਾਵਿ-ਪ੍ਰਤਿਭਾ ਬਾਰੇ ਚਰਚਾ ਵੀ ਹੋਣ ਲੱਗੀ ਹੈ ਅਤੇ ਸਾਨੂੰ ਵਿਸ਼ਵਾਸ ਹੈ ਕਿ ਸਾਡਾ ਇਹ ਕਵੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਆਪਣਾ ਵਿਲੱਖਣ ਸਥਾਨ ਪ੍ਰਾਪਤ ਕਰ ਲਵੇਗਾ। ਪ੍ਰਤਿਭਾਵਾਂ ਨੂੰ ਬਹੁਤੀ ਦੇਰ ਤਕ ਅਣਗੌਲਿਆਂ

ਨਹੀਂ ਕੀਤਾ ਜਾ ਸਕਦਾ।

ਅਨੁਭਵ-ਸੰਚਾਰ ਅਤੇ ਅਭਿਵਿਅਕਤੀ-ਕਲਾ ਦੀ ਦ੍ਰਿਸ਼ਟੀ ਤੋਂ ਚਰਨ ਸਿੰਘ ਨੇ ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿਚ ਬਹੁਮੁੱਲਾ ਯੋਗਦਾਨ ਪਾਇਆ ਹੈ। ਸਿੱਧਾਂਤਿਕ ਤੌਰ ਉੱਤੇ ਤਾਂ ਹਰ ਕਵੀ ਆਪਣੀ ਕਾਵਿਕ-ਪਰੰਪਰਾ ਨੂੰ ਵਿਸਤਾਰਣ, ਨਿਖਾਰਣ ਵਿਚ ਯੋਗਦਾਨ ਪਾਉਂਦਾ ਹੀ ਹੈ ਪਰ ਵਿਹਾਰਕ ਰੂਪ ਵਿਚ ਕੇਵਲ ਪ੍ਰਤਿਭਾਸ਼ੀਲ ਕਵੀ ਹੀ ਆਪਣੀ ਪਰੰਪਰਾ ਦੇ ਯੋਗ ਵਾਰਸ ਸਿੱਧ ਹੁੰਦੇ ਹਨ। ਚਰਨ ਸਿੰਘ ਇਕ ਇਹੋ ਜਿਹਾ ਨਵੇਕਲਾ ਪ੍ਰਤਿਭਾਸ਼ੀਲ ਕਵੀ ਹੀ ਹੈ। ਉਸ ਦੇ ਯੋਗਦਾਨ ਦਾ ਸਹੀ ਮੁੱਲ ਪਾਉਣ ਲਈ ਅਜੇ ਕਾਫ਼ੀ ਵਕਤ ਲੱਗੇਗਾ ਕਿਉਂਕਿ ਜਿੰਨੀ ਦੇਰ ਤਕ ਕਿਸੇ ਕਵੀ ਦੀ ਆਵਾਜ਼ ਅਤੇ ਉਸ ਦਾ ਅੰਦਾਜ਼ ਆਵਾਮ ਦੇ ਸਾਮੂਹਿਕ ਅਵਚੇਤਨ ਦਾ ਅੰਗ ਨਹੀਂ ਬਣ ਜਾਂਦੇ, ਉਤਨੀ ਦੇਰ ਤਕ ਉਸ ਦੀ ਦੇਣ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਪਰੰਤੂ ਇਸ ਕਠਿਨਾਈ ਦੇ ਬਾਵਜੂਦ ਸਾਡੇ ਪਾਸ ਇਹੋ ਜਿਹੇ ਬਹੁਤ ਸਾਰੇ ਆਧਾਰ ਮੌਜੂਦ ਹਨ, ਜਿਨ੍ਹਾਂ ਦੀ ਉਚਿਤ ਨਿਸ਼ਾਨਦੇਹੀ ਕਰਨ੍ਹ ਤੋਂ ਬਾਅਦ ਅਸੀਂ ਚਰਨ ਸਿੰਘ ਦੇ ਕਾਵਿ-ਲੋਕ ਦੀ ਗਰਿਮਾ ਅਤੇ ਗੌਰਵ ਨੂੰ ਪਹਿਚਾਣ ਸਕਦੇ ਹਾਂ। ਇਹਨਾਂ ਵਿਚੋਂ ਕੁਝ ਆਧਾਰ ਅਸੀਂ ਆਪਣੇ ਸੂਝਵਾਨ ਅਤੇ ਸੁਹਿਰਦ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ।

## 1. ਕਾਵਿਕ ਆਵੇਸ਼ ਦੀ ਸ਼ਿੱਦਤ

ਲੰਜਾਈਨਸ ਵਰਗੇ ਕਲਾਸੀਕਲ ਕਾਵਿ-ਸ਼ਾਸਤਰੀ ਆਵੇਸ਼ ਦੀ ਸ਼ਿੱਦਤ ਨੂੰ ਸਭ ਤੋਂ ਵਧੇਰੇ ਮਹੱਤਵਪੂਰਨ ਮੰਨਦੇ ਹਨ। ਆਧੁਨਿਕ ਪੰਜਾਬੀ ਕਾਵਿ ਦੇ ਪ੍ਰਸੰਗ ਵਿਚ ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਕਾਵਿਕ ਆਵੇਸ਼ ਦੀ ਮਹਿਮਾ ਨੂੰ ਸਵੀਕਾਰ ਕਰਨ ਵਾਲੇ ਕਵੀ ਹਨ। ਕੁਝ ਹੋਰ ਕਾਵਿ-ਸ਼ਾਸਤਰੀ ਕਾਵਿ ਸਿਰਜਣਾ ਦੇ ਅਮਲ ਨੂੰ ਆਮਦ ਜਾਂ ਅਵਰੁਦ ਨਾਲ ਜੋੜ ਕੇ ਵੇਖਦੇ ਹੁਨ। ਆਮਦ ਦੀ ਕਵਿਤਾ ਆਪ-ਮੁਹਾਰੇ ਆਉਂਦੀ ਹੈ ਅਤੇ ਕਵੀ ਨੂੰ ਲਿਖਣ ਵਾਸਤੇ ਮਜਬੂਰ ਕਰ ਦਿੰਦੀ ਹੈ। ਜਦੋਂ ਕਿ ਆਵੁਰਦ ਦੀ ਕਵਿਤਾ ਜ਼ੇਹਨ ਉਪਰ ਜ਼ੋਰ ਪਾ ਕੇ ਉਚੇਚ ਸਹਿਤ ਲਿਖੀ ਜਾਂਦੀ ਹੈ। ਆਵੁਰਦ ਨਾਲ ਸੰਬੰਧਿਤ ਕਵੀ, ਕਵਿਤਾ ਦੀ ਯਾਤਰਾ ਵਿਚ ਦੂਰ ਤਕ ਨਹੀਂ ਨਿਭ ਸਕਦੇ ਕਿਉਂਕਿ ਛੇਤੀ ਹੀ ਉਹਨਾਂ ਦੇ ਕਾਵਿ-ਸਰੋਤ ਮੁੱਕ/ਸੁੱਕ ਜਾਂਦੇ ਹਨ ਪਰੰਤੂ ਆਮਦ ਵਾਲੇ ਕਵੀਆਂ ਦੇ ਸਰੋਤ ਨਿਰੰਤਰ ਵਗਦੇ ਰਹਿੰਦੇ ਹਨ ਅਤੇ ਉਹ ਇਹਨਾਂ ਸਰੋਤਾਂ ਰਾਹੀ ਝਰ-ਝਰ ਕੇ ਆਉਣ ਵਾਲੀ ਕਵਿਤਾ ਦੀ ਦਾਤ ਆਪਣੇ ਪਾਠਕਾਂ ਨੂੰ ਨਿਰੰਤਰ ਵੰਡਦੇ ਰਹਿੰਦੇ ਹਨ। ਚਰਨ ਸਿੰਘ ਆਮਦ ਦਾ ਕਵੀ ਹੈ ਅਤੇ ਉਸ ਦਾ ਕਾਵਿਕ ਆਵੇਸ਼ ਸ਼ਿੱਦਤ ਨਾਲ ਛਲਕਦਾ-ਡੁੱਲ੍ਹਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਉਸ

ਦੀਆਂ ਕਵਿਤਾਵਾਂ ਮਾਨਵੀ ਸੰਵੇਦਨਾ, ਕਰੁਣਾ ਅਤੇ ਨਿੱਘ ਨਾਲ ਭਰਪੂਰ ਹਨ। ਗਿਣਤੀ ਵਿਚ ਏਨੀਆਂ ਜ਼ਿਆਦਾ ਕਵਿਤਾਵਾਂ ਲਿਖਣ ਦੇ ਬਾਵਜੂਦ ਉਸ ਦੇ ਆਵੇਸ਼ ਦੀ ਸ਼ਿੱਦਤ ਮੱਧਮ ਨਹੀਂ ਪਈ। ਆਪਣੀ ਇਕ ਮੁੱਢਲੀ ਕਵਿਤਾ ਵਿਚ ਆਵੇਸ਼ ਦੀ ਸ਼ਿੱਦਤ ਨੂੰ ਬਿਆਨ ਕਰਦਾ ਹੋਇਆ ਉਹ ਲਿਖਦਾ ਹੈ:

ਮੇਰੀ ਕਵਿਤਾ ਦੇ ਜਜ਼ਬੇ
ਇੰਞ ਨਾ ਆ
ਕਿ ਮੈਂ ਤੈਨੂੰ ਉਡੀਕ ਨਾ ਸਕਾਂ
ਮੈਂ ਤੇਰੇ ਅੱਖਰਾਂ ਦੀ ਅੱਗ ਨੂੰ ਸੇਕ ਨਾ ਸਕਾਂ
ਤੂੰ ਕੀ ਜਾਣੇਂ, ਤੇਰੇ ਜਾਣ ਪਿੱਛੋਂ
ਕਿੰਨਾ ਕੁ ਚਿਰ ਮੈਂ ਆਪਣੇ ਆਪ ਵਿਚ ਨਹੀਂ ਹੁੰਦਾ
ਮੈਂ ਆਪਣਾ ਸਿਰ ਤੱਕਦਾ ਹਾਂ
ਤਾਂ ਮੇਰੇ ਪੈਰ ਨਹੀਂ ਹੁੰਦੇ
ਮੈਂ ਆਪਣੇ ਪੈਰ ਤੱਕਦਾ ਹਾਂ
ਤਾਂ ਮੇਰਾ ਸਿਰ ਨਹੀਂ ਹੁੰਦਾ।...
ਓ ਮੇਰੀ ਕਵਿਤਾ ਦੇ ਡੂੰਘੇ ਵਹਿਣ
ਤੇਰੀ ਵੇਗ 'ਚ ਵਹਿ ਗਿਆ।
ਸਭ ਕੁਝ ਹੀ ਮੇਰਾ ਵਹਿ ਗਿਆ॥

(ਮੇਰੀ ਕਵਿਤਾ ਮੇਰਾ ਮਨ, ਤੀਸਰੀ ਅੱਖ)

## 2. ਵਿਸ਼ਵ-ਚੇਤਨਾ ਦਾ ਅਭਿਵਿਅੰਜਨ

ਚਰਨ ਸਿੰਘ ਦੀ ਕਵਿਤਾ ਪੰਜਾਬ ਦੇ ਇਕ ਛੋਟੇ ਜਿਹੇ ਪਿੰਡ ਤੋਂ ਲੈ ਕੇ ਪੂਰੇ ਬ੍ਰਹਿਮੰਡ ਤਕ ਫੈਲੀ ਹੋਈ ਹੈ। ਇਸ ਵਿਚ ਕਵੀ ਦੇ ਨਿੱਜੀ ਸਰੋਕਾਰਾਂ ਦੇ ਨਾਲ-ਨਾਲ ਬ੍ਰਹਿਮੰਡਕ ਸਰੋਕਾਰ ਵੀ ਅਭਿਵਿਅਕਤ ਹੋਏ ਹਨ। ਆਧੁਨਿਕ ਵਿਅਕਤੀ ਦਾ ਅਨੁਭਵ ਉਸ ਦੇ ਨਿੱਜਤਵ ਤਕ ਹੀ ਸੀਮਿਤ ਨਹੀਂ ਰਿਹਾ ਬਲਕਿ ਪੂਰੇ ਵਿਸ਼ਵ ਤਕ ਫੈਲਿਆ ਹੋਇਆ ਹੈ। ਆਧੁਨਿਕ ਪੰਜਾਬੀ ਕਾਵਿ ਵਿਚ ਵਿਸ਼ਵ-ਚੇਤਨਾ ਦਾ ਆਰੰਭ ਪ੍ਰਗਤੀਸ਼ੀਲ ਕਵਿਤਾ ਨਾਲ ਹੋਇਆ ਸੀ ਕਿਉਂਕਿ ਇਸ ਧਾਰਾ ਨਾਲ ਜੁੜੇ ਕਵੀ ਵਿਸ਼ਵ ਭਰ ਦੇ ਕਾਮਿਆਂ ਅਤੇ ਮਾਰਕਸਵਾਦੀ ਚਿੰਤਕਾਂ ਨਾਲ ਸਾਂਝ ਦਰਸਾਉਂਦੇ ਸਨ। ਪ੍ਰਯੋਗਸ਼ੀਲ ਕਵੀਆਂ ਨੇ ਵੀ ਵਿਗਿਆਨਕ ਉਪਲਬਧੀਆਂ ਦੁਆਰਾ ਹੋਂਦ ਵਿਚ ਆਏ ਨਵੇਂ ਸੰਸਾਰ ਨੂੰ ਆਪਣੀ ਭਾਵ-ਭੂਮੀ ਦਾ ਵਿਸ਼ਾ ਬਣਾਇਆ। ਚਰਨ ਸਿੰਘ ਪੰਜਾਬੀ ਵਿਚ ਵਿਕਸਿਤ ਹੋਈਆਂ ਇਹਨਾਂ ਦੋਹਾਂ ਪ੍ਰਵਿਰਤੀਆਂ ਨੂੰ ਆਪਣੀ ਵਿਰਾਸਤ ਬਣਾ ਕੇ ਕ੍ਰਿਆਸ਼ੀਲ

ਰਹਿੰਦਾ ਹੈ। ਵਿਸ਼ਵ-ਚੇਤਨਾ ਦਾ ਨਿਰੂਪਣ ਕਰਦੀ ਹੋਈ ਉਸ ਦੀ ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਜ਼ਿਹਨ ਕੰਪਿਊਟਰ 'ਚ
ਧਰ ਰਿਹਾ ਹੈ ਆਦਮੀ
ਦਿਨ ਵੱਡਾ ਰਾਤ ਨਿੱਕੀ
ਕਰ ਰਿਹਾ ਹੈ ਆਦਮੀ

ਹੀਰੋਸ਼ੀਮਾ
ਨਾਗਾਸਾਕੀ
'ਚੋਂ ਹੁਣ ਵੀ ਜਦੋਂ ਲੰਘੇ ਹਵਾ
ਝੁਲਸ ਜਾਏ ਕੂਲਾ ਪਿੰਡਾ ਉਸ ਦਾ

ਵੀਅਤਨਾਮੀ
ਧਰਤੀ ਦੀ ਧੁਖਦੀ ਗਰਭ
ਤਰਸਦੀ ਹੈ
ਅਮਨ ਦੀ ਇਕ ਬੂੰਦ ਲਈ
ਹਰਿਆਉਲ ਰੁੱਖਾਂ ਦੀ 'ਚੋਂ ਸਿੰਮਦਾ ਲਹੂ
ਦੂਰ ਤਕ ਫੈਲਿਆ
ਅੱਗ ਦਾ ਦਰਿਆ ਹੈ
ਨਜ਼ਰ ਦਾ ਗੋਲਾ ਕਬੂਤਰ
ਸ਼ਾਖ਼ ਕਿਹੜੀ 'ਤੇ ਬਹੁ। (ਮਿੱਟੀ 'ਚੋਂ ਉੱਕਰੇ ਅੱਖਰ)

### 3. ਗਿਆਨ-ਵਿਗਿਆਨ ਵਿਚੋਂ ਉਪਜੀ ਨਵ-ਚੇਤਨਤਾ ਦੀ ਅਭਿਵਿਅਕਤੀ

ਆਧੁਨਿਕ ਯੁਗ ਵਿਚ ਗਿਆਨ ਅਤੇ ਵਿਗਿਆਨ ਦੇ ਖੇਤਰ ਵਿਚ ਕ੍ਰਾਂਤੀ ਆ ਗਈ ਹੈ। ਵਿਸ਼ਵ ਦੇ ਹਰ ਦੇਸ਼ ਵਿਚ ਵੱਡੇ-ਵੱਡੇ ਕਾਲਜ ਅਤੇ ਯੂਨੀਵਰਸਿਟੀਆਂ ਦੇ ਸਥਾਪਿਤ ਹੋ ਜਾਣ ਕਰਕੇ ਉਚੇਰਾ ਗਿਆਨ ਅਤੇ ਵਿਗਿਆਨ ਹਰ ਵਿਅਕਤੀ ਦੀ ਪਹੁੰਚ ਅਤੇ ਪਕੜ ਵਿਚ ਆ ਗਿਆ ਹੈ। ਉਨ੍ਹੀਵੀਂ ਸਦੀ ਤਕ ਭਾਰਤ ਵਿਚ ਇਹੋ ਜਿਹੀਆਂ ਸਹੂਲਤਾਂ ਬਹੁਤ ਘੱਟ ਸਨ ਪਰ ਵੀਹਵੀਂ ਸਦੀ ਵਿਚ ਇਹ ਸਹੂਲਤਾਂ ਬਹੁਤ ਵਧ ਗਈਆਂ ਸਨ ਅਤੇ ਹੁਣ ਇੱਕੀਵੀਂ ਸਦੀ ਵਿਚ ਪਹੁੰਚ ਕੇ ਇੰਟਰਨੈੱਟ ਅਤੇ ਕੰਪਿਊਟਰਜ਼ ਆਦਿ ਨੇ ਸੂਚਨਾ-ਕ੍ਰਾਂਤੀ ਵਿਚ ਇਨਕਲਾਬ ਹੀ ਲੈ ਆਂਦਾ ਹੈ। ਇੰਟਰਨੈੱਟ ਦੀਆਂ ਸਹੂਲਤਾਂ ਮੋਬਾਈਲ ਫ਼ੋਨ ਤਕ ਵੀ ਪਹੁੰਚ ਗਈਆਂ ਹਨ। ਇਸ ਕਾਰਨ ਸਾਧਾਰਣ ਤੋਂ ਸਾਧਾਰਣ ਵਿਅਕਤੀ ਵੀ ਹਰ ਪ੍ਰਕਾਰ ਦੀ ਸੂਚਨਾ ਹਾਸਲ ਕਰ ਸਕਦਾ ਹੈ। ਇਸ

ਸਹੂਲਤ ਦੇ ਕਾਰਨ ਕਾਵਿ ਵਿਚ ਪ੍ਰਸਤੁਤ ਕੀਤੀ ਜਾਣ ਵਾਲੀ ਵਸਤੂ-ਸਾਮੱਗਰੀ ਦੀ ਰੂਪ-ਰੇਖਾ ਕਾਫ਼ੀ ਬਦਲ ਗਈ ਹੈ। ਕਾਵਿ-ਭਾਸ਼ਾ, ਅਲੰਕਾਰ, ਬਿੰਬਾਂ ਅਤੇ ਬਿਰਤਾਂਤ-ਜੁਗਤਾਂ ਰਵਾਇਤੀ ਕਾਵਿ-ਸ਼ਾਸਤਰ ਨਾਲੋਂ ਕਾਫ਼ੀ ਭਿੰਨ ਹੋ ਗਈਆਂ ਹਨ। ਚਰਨ ਸਿੰਘ ਇਸ ਨਵੇਂ ਪਰਿਵੇਸ਼ ਵਿਚ ਪਲਿਆ ਅਤੇ ਪ੍ਰਵਾਨ ਚੜ੍ਹਿਆ ਹੈ। ਉਸ ਨੇ ਯੂਨੀਵਰਸਿਟੀਆਂ ਵਿਚੋਂ ਉੱਚ ਸਿੱਖਿਆ ਹਾਸਲ ਕਰ ਰੱਖੀ ਹੈ ਅਤੇ ਕੈਨੇਡਾ ਵਰਗੇ ਵਿਕਸਿਤ ਦੇਸ਼ ਦਾ ਨਾਗਰਿਕ ਬਣ ਜਾਣ ਕਾਰਨ ਉਸ ਦੇ ਭਾਸ਼ਾਈ ਮੁਹਾਵਰੇ ਅਤੇ ਸੰਚਾਰ-ਜੁਗਤਾਂ ਦਾ ਰੂਪਾਂਤਰਣ ਹੋ ਗਿਆ ਹੈ। ਇਸ ਸੰਦਰਭ ਵਿਚ ਉਸ ਦੀ. ਇਕ ਕਵਿਤਾ ਦਾ ਮਿਜ਼ਾਜ ਦੇਖੋ:

ਤੂੰ ਜੋ ਰੇਖਾ ਖਿੱਚ ਗਿਆ ਸੈਂ
ਗਤੀ-ਹੀਣ ਹੋ ਗਈ ਹੈ
ਤੂੰ ਜੋ ਦਾਇਰੇ ਵਾਹ ਗਿਆ ਸੈਂ
ਸੁੰਗੜਦੇ ਹੀ ਸੁੰਗੜਦੇ
ਬੇਅਰਥ ਬਿੰਦੂ ਬਣ ਗਏ ਹਨ

...

ਭੁਲੇਖਾ ਹੈ, ਜੀਵਨ ਪ੍ਰਿਜ਼ਮ 'ਚੋਂ
ਹਰ ਕਿਰਨ 90 ਦੇ ਐਂਗਲ ਤੋਂ ਮੁੜੇ
ਜ਼ੀਰੋ ਡਿਗਰੀ ਤੋਂ ਵੀ ਮੁੜ ਸਕਦੀ ਹੈ
ਤੇ ਮੁੜਦੀ ਹੈ
ਗੱਲ ਤਾਂ ਸਿਰਫ਼
A ਦੀ ਥਾਂ Z
ਅਤੇ Z ਦੀ ਥਾਂ A ਲਿਖਣ ਦੀ ਹੈ
ਧੁੱਪ 'ਚੋਂ ਛਾਂ ਮਾਨਣ ਦੀ
ਛਾਂ 'ਚੋਂ ਧੁੱਪ ਸੇਕਣ ਦੀ
ਪਹਿਨ ਕੇ ਕੱਚ ਦਾ ਜੁੱਸਾ
ਭਰਿਆ ਸੱਚ ਵੇਖਣ ਦੀ।

(ਦਾਇਰੇ ਦਾ ਖੇਤਰਫ਼ਲ, ਸ਼ੂਨਯ ਬੋਧ)

## 4. ਸ੍ਵੈਜੀਵਨੀ-ਮੂਲਕ ਬਿਰਤਾਂਤ

ਆਧੁਨਿਕ ਵਿਅਕਤੀ ਬਾਹਰ ਤੋਂ ਅੰਦਰ ਵੱਲ ਅਤੇ ਵਸਤੂ-ਮੁਖਤਾ ਤੋਂ ਅੰਤਰ-ਮੁਖਤਾ ਵੱਲ ਵਧ ਰਿਹਾ ਹੈ। ਸਮਾਜਕ-ਵਿਹਾਰਕ ਰਿਸ਼ਤੇ ਉਸ ਲਈ ਓਪਰੇ ਅਤੇ ਅਪ੍ਰਮਾਣਿਕ ਹੋ ਗਏ ਹਨ। ਅਜੋਕੇ ਪੂੰਜੀਵਾਦੀ ਸਭਿਆਚਾਰ ਵਿਚ ਹਰ

ਵਿਅਕਤੀ ਸ੍ਵੈ-ਕੇਂਦਰਿਤ ਹੋ ਚੁੱਕਾ ਹੈ। ਇਸ ਸੂਰਤ ਵਿਚ ਕਾਵਿ-ਸਿਰਜਣਾ ਸਮੇਂ ਅਨਯ-ਪੁਰਖੀ ਬਿਰਤਾਂਤ ਉਸ ਦੀ ਪਕੜ ਵਿਚ ਨਹੀਂ ਆਉਂਦੇ। ਇਹਨਾਂ ਦੀ ਬਜਾਇ ਉਹ ਸ੍ਵੈਜੀਵਨੀ-ਮੂਲਕ ਬਿਰਤਾਂਤ ਵਿਧੀਆਂ ਦਾ ਪ੍ਰਯੋਗ ਕਰਦਾ ਹੈ। ਇਹ ਵਿਧੀਆਂ ਕਾਵਿ ਵਿਚ ਸੰਭਾਸ਼ਣ ਅਤੇ ਬੀਰ-ਰਸੀ ਅੰਦਾਜ਼ ਦੀ ਸਿਰਜਣਾ ਕਰ ਦਿੰਦੀਆਂ ਹਨ। ਅਜਿਹੀ ਵਿਧੀ ਦੁਆਰਾ ਲਿਖੀਆਂ ਕਵਿਤਾਵਾਂ ਕਵੀ ਅਤੇ ਪਾਠਕ ਵਿਚ ਇਕ ਆਤਮੀਯ (intimate) ਰਿਸ਼ਤੇ ਦੀ ਸਥਾਪਨਾ ਕਰ ਦਿੰਦੀਆਂ ਹਨ। ਚਰਨ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਬਿਰਤਾਂਤ ਦੀ ਇਸ ਵਿਧੀ ਦਾ ਪ੍ਰਯੋਗ ਹੋਇਆ ਹੈ। ਇਕ ਉਦਾਹਰਣ ਦੇਖੋ:

ਮੈਂ ਆਪਣੇ ਆਪ ਤੇ
ਸਾਰੀ ਦੁਨੀਆਂ ਨਾਲੋਂ ਰਿਸ਼ਤੇ ਤੋੜ ਕੇ
ਆਪਣੇ ਅੰਦਰ ਬਹਿ ਗਿਆ ਹਾਂ
ਦੁਨੀਆਂ ਦੀ ਰੌਣਕ ਹੈ ਮੇਰੇ ਦੁਆਲੇ
ਮੈਂ ਰੌਣਕ ਵਿਚ ਇਕੱਲਾ ਰਹਿ ਗਿਆ ਹਾਂ
ਆਪਣੀ ਉਦਾਸੀ ਜੀਣ ਦਾ
ਆਪਣੀ ਚੁੱਪ ਪੀਣ ਦਾ ਆਦੀ ਹੋ ਗਿਆ ਹਾਂ।

o

ਮੈਂ ਮੌਤ ਦੀ ਧਰਤੀ ਪੈਰੀਂ ਸਿਰਜ ਲਈ ਹੈ
ਮੌਤ ਦਾ ਆਸਮਾਨ ਸਿਰ 'ਤੇ ਤਾਣਿਆ ਹੈ
ਮੈਂ ਮੌਤ ਦੇ ਪ੍ਰਾਣ ਦੇਹ 'ਚ ਧਰ ਲਏ ਹਨ
ਮੈਂ ਮੌਤ ਦੀ ਪੌਣ ਨੂੰ ਹੀਂ ਮਾਣਿਆ ਹੈ
ਮੈਂ ਮੜ੍ਹੀ ਦੀ ਅੱਗ ਦਾ ਸੇਕ ਪੀਤਾ ਹੈ
ਮੈਂ ਆਪਣੀ ਪਿਆਸ 'ਚ ਜਲ ਦੀ ਥਾਂ
ਜ਼ਹਿਰ ਧਰ ਲਿਆ ਹੈ
ਮੈਂ ਮੌਤ ਆਪਣੀ ਦੇਹ 'ਚ ਉਤਾਰੀ ਹੈ
ਆਪਣੀ ਪਹਿਚਾਣ ਭੁੱਲ ਗਿਆ ਹਾਂ
ਮੌਤ ਦੀ ਪਹਿਚਾਣ ਚਿਹਰੇ 'ਚੋਂ ਉਸਾਰੀ ਹੈ।

(ਰਿਸ਼ਤੇ, ਗਗਨ ਮੈ ਥਾਲੁ)

## 5. ਕਾਵਿ ਚਿੱਤਰਕਾਰੀ : ਲੈਂਡ-ਸਕੇਪਿੰਗ

ਚਰਨ ਸਿੰਘ ਮੂਲ ਰੂਪ ਵਿਚ ਵਿਚਾਰ-ਪ੍ਰਧਾਨ ਮਨੋ-ਦਾਰਸ਼ਨਿਕ ਕਵਿਤਾਵਾਂ ਲਿਖਣ ਵਾਲਾ ਕਵੀ ਹੈ। ਉਸ ਦੀਆਂ ਕਵਿਤਾਵਾਂ ਵਿਚ ਵਿਚਾਰ-ਤੱਤ ਏਨੇ

ਕੰਕਰੀਟ ਰੂਪ ਵਿਚ ਵਿਅਕਤ ਹੁੰਦਾ ਹੈ ਕਿ ਪਾਠਕ ਨੂੰ ਕਾਵਿ ਦੇ ਰੂਪ-ਤੱਤ ਨੂੰ ਵੇਖਣ-ਸਮਝਣ ਦਾ ਮੌਕਾ ਹੀ ਨਹੀਂ ਮਿਲਦਾ ਪਰੰਤੂ ਇਸ ਦਾ ਇਹ ਭਾਵ ਨਹੀਂ ਕਿ ਕਵੀ ਸ਼ਿਲਪਗਤ ਪਹਿਲੂਆਂ ਨੂੰ ਨਜ਼ਰ-ਅੰਦਾਜ਼ ਕਰ ਦਿੰਦਾ ਹੈ ਬਲਕਿ ਉਹ ਕਵਿਤਾ ਦੀ ਫ਼ਾਰਮ ਵੱਲ ਉਚੇਚੀ ਤਵੱਜਹੁ ਦਿੰਦਾ ਹੈ। ਉਹ ਜਾਣਦਾ ਹੈ ਕਿ ਅਸਲ ਵਿਚ ਫ਼ਾਰਮ ਹੀ ਕਵਿਤਾ ਹੁੰਦੀ ਹੈ ਅਤੇ ਫ਼ਾਰਮ ਵਿਚ ਵਿਸ਼ੈ ਅਥਵਾ ਰੂਪ ਇਕ-ਦੂਜੇ ਵਿਚ ਇਸ ਕਦਰ ਅਭੇਦ ਹੋ ਜਾਂਦੇ ਹਨ ਕਿ ਇਕ ਨੂੰ ਦੂਜੇ ਨਾਲੋਂ ਨਿਖੇੜਨਾ ਲਗਪਗ ਅਸੰਭਵ ਜਿਹਾ ਹੋ ਜ਼ਾਂਦਾ ਹੈ।

ਪਰੰਤੂ ਕਵੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਲੈਂਡ-ਸਕੇਪਿੰਗ ਦਾ ਬੜਾ ਸੁੰਦਰ ਪ੍ਰਯੋਗ ਵੀ ਦਿਖਾਈ ਦਿੰਦਾ ਹੈ। ਇਹਨਾਂ ਕਵਿਤਾਵਾਂ ਤੋਂ ਹੀ ਇਹ ਪ੍ਰਤੱਖ ਹੁੰਦਾ ਹੈ ਕਿ ਕਵੀ ਨੂੰ ਅਭਿਵਿਅੰਜਨ ਅਤੇ ਵਰਣਨ ਉਪਰ ਵੀ ਪੂਰਾ-ਪੂਰਾ ਅਧਿਕਾਰ ਹੈ। ਉਹ ਜਾਣਦਾ ਹੈ ਕਿ ਕਿਸੇ ਕਵਿਤਾ ਵਿਸ਼ੇਸ਼ ਵਿਚ ਅਭਿਵਿਅੰਜਨ ਕਲਾ ਨੂੰ ਕਿਵੇਂ ਸੰਵਾਰਨਾ-ਨਿਖਾਰਨਾ ਹੁੰਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਇਕ ਕਵਿਤਾ ਦੇਖੋ:

ਜਿਥੇ ਸ਼ਬਨਮ ਦੀ ਤਾਜ਼ਗੀ ਜਿਹਾ ਮੁਖ ਹੈ ਸਵੇਰ ਦਾ
ਜਿਥੇ ਸੁਰਮਈ ਤਰਕਾਲਾਂ ਨੈਣਾਂ 'ਚ ਢਲਦੀਆਂ ਹਨ
ਰਾਤ ਦੇ ਆਂਚਲ 'ਚ
ਤਾਰਿਆਂ ਦੀਆਂ ਜੋਤਾਂ ਜਗਦੀਆਂ ਹਨ
ਜਿਥੇਂ ਪੌਣਾਂ ਮਨੁੱਖ ਨੂੰ ਚੌਰ ਕਰਦੀਆਂ ਹਨ
ਗਗਨ ਸ਼ਬਦ ਦਾ ਅਲਾਪ ਕਰਦਾ ਹੈ
ਜਿਥੇ ਸੋਨੇ ਦੇ ਪਹਾੜਾਂ 'ਚੋਂ
ਚਾਂਦੀ ਦੀਆਂ ਨਦੀਆਂ ਵਗਦੀਆਂ ਹਨ।

o

ਤੜਕੇ ਸਾਰ ਪੰਛੀ ਚੋਗੇ ਲਈ ਉੱਡਦੇ ਹਨ
ਸੂਰਜ ਢਲਣ 'ਤੇ ਘਰਾਂ ਨੂੰ ਪਰਤਦੇ ਹਨ
ਕਾਇਨਾਤ ਦਾ ਕਾਰੋਬਾਰ ਚੱਲਦਾ ਹੈ
ਗੁਲਸ਼ਨ ਦਾ ਦੁਆਰ ਬਹਾਰ ਖੋਲ੍ਹਦੀ ਹੈ
ਮੋਰ ਨੱਚਦੇ ਹਨ, ਕੋਇਲ ਬੋਲਦੀ ਹੈ
ਜੰਗਲ 'ਚੋਂ ਪੌਣਾਂ ਦਾ ਸੰਗੀਤ ਉੱਠਦਾ ਹੈ
ਅੱਗ 'ਚੋਂ ਨਿੱਘ ਸਿੰਮਦਾ ਹੈ
ਧਰਤੀ ਸੂਰਜ ਦੁਆਲੇ ਘੁੰਮਦੀ ਹੈ
ਆਲ੍ਹਣਿਆਂ 'ਚੋਂ ਬੋਟਾਂ ਦੀ ਆਵਾਜ਼ ਸੁਣਦੀ ਹੈ

ਜਲ, ਜਲ 'ਚ ਤੁਰਦਾ ਹੈ
ਅੰਬਰ ਸਾਗਰ 'ਚ ਉਤਰਦਾ ਹੈ।

o

ਆਪਣੀ ਪੱਥਰ ਦੇਹ 'ਚ
ਜੀਵਨ ਗਤੀ ਉਤਾਰ
ਆਪਣੀ ਦੁਨੀਆਂ ਆਪ ਸਿਰਜ
ਆਪਣਾ ਸੰਸਾਰ ਦੁਆਲੇ ਉਸਾਰ
ਬੀਜ ਆਪਣੇ ਪੈਰਾਂ 'ਚ ਮੰਜ਼ਿਲਾਂ
ਆਪਣੇ ਪੈਰਾਂ 'ਚ
ਅੰਬਰ ਤੋਂ ਧਰਤ ਤੇ ਰਾਹਾਂ ਉਤਾਰ।

(ਅਗਤੀ ਤੋਂ ਗਤੀ ਤਕ, ਸ਼ੀਸ਼ੇ ਵਿਚਲਾ ਸੂਰਜ)

## 6. ਪਰਦੇਸਾਂ ਵਿਚ ਰੁਲਣ ਦਾ ਪਸ਼ਚਾਤਾਪ

ਚਰਨ ਸਿੰਘ ਦੇ ਕਾਵਿ ਵਿਚ ਅਭਿਵਿਅਕਤ ਹੋਣ ਵਾਲੇ ਬਹੁਤੇ ਸਰੋਕਾਰ ਪਰਵਾਸੀ ਜੀਵਨ ਵਿਚੋਂ ਉਪਜੇ ਹਨ। ਰੋਜ਼ੀ-ਰੋਟੀ ਲਈ ਜੇ ਉਸ ਨੂੰ ਪਰਵਾਸ ਨਾ ਹੰਢਾਉਣਾ ਪੈਂਦਾ ਤਾਂ ਉਸ ਦੇ ਕਾਵਿ ਦਾ ਮੂੰਹ-ਮੁਹਾਂਦਰਾ ਕੁਝ ਹੋਰ ਹੋਣਾ ਸੀ। ਬਹੁਤ ਸੰਭਵ ਹੈ ਕਿ ਇਧਰ ਰਹਿ ਕੇ ਉਹ ਆਧੁਨਿਕ ਪੰਜਾਬੀ ਕਾਵਿ ਦੀ ਕਿਸੇ ਮੁੱਖ ਧਾਰਾ ਦਾ ਸੰਚਾਲਨ ਕਰ ਰਿਹਾ ਹੁੰਦਾ। ਬੇਸ਼ੱਕ ਉਧਰ ਰਹਿ ਕੇ ਉਸ ਨੇ ਇਧਰ ਦੇ ਲਗਪਗ ਹਰ ਛੋਟੇ-ਵੱਡੇ ਕਵੀ ਨਾਲੋਂ ਵਧੇਰੇ ਸਿਰਜਣਾ ਕ਼ੀਤੀ ਹੈ ਅਤੇ ਹੁਣ ਤਕ ਉਸ ਨੇ ਇਕ ਹਜ਼ਾਰ ਤੋਂ ਵੀ ਵਧੇਰੇ ਕਵਿਤਾਵਾਂ ਲਿਖ ਲਈਆਂ ਹਨ ਪਰੰਤੂ ਪੰਜਾਬ ਤੋਂ ਦੂਰ ਰਹਿਣ ਕਾਰਨ ਉਹ ਨਾਲੋ-ਨਾਲ ਪਾਠਕਾਂ ਤਕ ਨਹੀਂ ਪਹੁੰਚ ਸਕੀਆਂ, ਜਿਸ ਦੇ ਸਿੱਟੇ ਵਜੋਂ ਉਸ ਦੇ ਪਾਠਕਾਂ ਦਾ ਘੇਰਾ ਸੀਮਿਤ ਰਹਿ ਗਿਆ ਹੈ। ਇਹ ਸਥਿਤੀ ਕਈ ਵਾਰ ਕਵੀ ਦੀ ਆਤਮਾ ਨੂੰ ਕਚੋਟਦੀ ਹੈ, ਉਸ ਨੂੰ ਪੀੜਿਤ ਕਰਦੀ ਹੈ। ਇਸ ਪੀੜਾ ਨੂੰ ਆਵਾਜ਼ ਦਿੰਦਾ ਹੋਇਆ ਕਵੀ ਲਿਖਦਾ ਹੈ :

ਅਸੀਂ ਉਹ ਪੰਛੀ ਹਾਂ
ਜੋ ਆਪਣੇ ਆਲ੍ਹਣੇ ਤਿਆਗ
ਪਰਦੇਸਾਂ 'ਚ ਆ ਵੱਸੇ
ਲਹੂ-ਮਾਸ ਦੇ ਰਿਸ਼ਤੇ ਤਿਆਗ
ਆਪਣੀ ਹੀ ਉਸਾਰੀ ਕੈਦ ਵਿਚ ਆ ਫਸੇ।

o

ਜਿਥੇ ਨਾ ਆਪਣੇ ਪਰ ਦੇਖਣ ਦੀ ਇਜਾਜ਼ਤ ਹੈ
ਨਾ ਆਪਣੀ ਪਰਵਾਜ਼ ਵੇਖਣ ਦਾ ਹੌਸਲਾ
ਪਾਣੀ ਦੇ ਰਿਸ਼ਤਿਆਂ 'ਚ ਘਿਰੇ
ਅਸੀਂ ਆਲ੍ਹਣੇ ਤੋਂ ਦੂਰ ਹੁੰਦੇ ਗਏ
ਆਪਣੇ ਆਪ ਤੋਂ ਵੀ ਦੂਰ ਹੋ ਗਏ
ਸਿਫ਼ਰਿਆਂ 'ਚ ਘਿਰੇ
ਨਾ ਬਿੰਦੂ ਬਣ ਸਕੇ, ਨਾ ਦਾਇਰਾ
ਇਕ ਲੀਕ ਪਿਟਦੇ-ਪਿਟਦੇ
ਬੱਸ ਇਕ ਗਤੀਹੀਣ ਲੀਕ ਹੋ ਕੇ ਰਹਿ ਗਏ।

o

ਜੇ ਧੁੰਨੀ ਦੀ ਕਸਤੂਰੀ ਪਰਦੇਸਾਂ 'ਚ ਲੱਭਣੀ ਸੀ
ਤਾਂ ਆਪਣੇ ਆਲ੍ਹਣੇ 'ਚੋਂ ਕਿਉਂ ਨਹੀਂ ਲੱਭੀ?
ਆਪਣੀਆਂ ਹਵਾਵਾਂ ਨੂੰ ਕਿਉਂ ਨਹੀਂ ਜੀਵਿਆ?
ਆਪਣੇ ਜਲ ਨੂੰ ਕਿਉਂ ਨਹੀਂ ਪੀਤਾ?
ਆਪਣੀ ਅੱਗ ਨੂੰ ਕਿਉਂ ਨਹੀਂ ਸੇਕਿਆ?
ਆਪਣੇ ਆਕਾਸ਼ ਦੀ ਕਿਉਂ ਛਾਂ ਨਹੀਂ ਮਾਣੀ?
ਆਪਣੀ ਧਰਤੀ 'ਚ ਆਪਾ ਬੀਜ ਕੇ
ਕਿਉਂ ਰੁੱਖ ਬਣ ਕੇ ਨਹੀਂ ਉੱਗੇ?
ਬਹਾਰਾਂ ਨੂੰ ਫੁੱਲ ਫ਼ਲ ਦੇਣ ਲਈ
ਮੁਸਾਫ਼ਰਾਂ ਨੂੰ ਛਾਂ ਦੇਣ ਲਈ
ਅਸੀਂ ਆਪਣੇ ਸੱਚ ਦੁਆਲੇ
ਕੂੜ ਬੁਣਦੇ-ਬੁਣਦੇ ਕੂੜ ਹੋ ਗਏ।

(ਮੈਂ ਤੇ ਮੇਰੀ ਮਿੱਟੀ, ਰੁੱਖ ਤੇ ਜੰਗਲ)

## 7. ਲਘੂ-ਮਾਨਵ ਤੋਂ ਮਹਾਂ-ਮਾਨਵ ਤਕ ਦੀ ਯਾਤਰਾ

ਚਰਨ ਸਿੰਘ ਦਾ ਕਾਵਿ-ਸਫ਼ਰ ਲਘੂ-ਮਾਨਵ ਤੋ ਮਹਾਂ-ਮਾਨਵ ਤਕ ਦੀ ਯਾਤਰਾ ਦਾ ਆਸ਼ਾਵਾਦੀ ਬਿਰਤਾਂਤ ਹੈ। ਮਨੁੱਖ ਦਾ ਵਿਕਾਸ ਪਸ਼ੂਪਣ ਵਿਚੋਂ ਸਹਿਜੇ-ਸਹਿਜੇ ਹੋਇਆ ਹੈ। ਅੱਜ ਵੀ ਮਨੁੱਖ ਉਪਰ ਸਦਾ ਇਹ ਖ਼ਤਰਾ ਬਣਿਆ ਰਹਿੰਦਾ ਹੈ ਕਿ ਕਦੋਂ ਉਹ ਦੁਬਾਰਾ ਇਕ ਜੰਗਲੀ ਪਸ਼ੂ ਬਣ ਜਾਵੇ। ਵੀਹਵੀਂ ਸਦੀ ਵਿਚ ਹੋਏ ਦੋ ਵਿਸ਼ਵ-ਯੁੱਧ, ਭਾਰਤ ਦੀ ਆਜ਼ਾਦੀ ਸਮੇਂ ਦੋਹਾਂ ਪੰਜਾਬਾਂ ਅੰਦਰ ਹੋਇਆ ਭਿਆਨਕ ਨਰ-ਸੰਘਾਰ, 1984 ਈ. ਤੋਂ ਬਾਅਦ ਭਾਰਤ ਵਿਚ ਹੋਏ

ਸਿੱਖ-ਵਿਰੋਧੀ ਦੰਗੇ ਅਤੇ ਸਮੇਂ-ਸਮੇਂ ਹੁੰਦੇ ਰਹਿਣ ਵਾਲੇ ਹੋਰ ਅਨੇਕ ਉਪੱਦ੍ਰਵ ਇਹ ਦਰਸਾਉਂਦੇ ਹਨ ਕਿ ਮਨੁੱਖ ਅਜੇ ਤਕ ਵੀ ਪੂਰੀ ਤਰ੍ਹਾਂ ਨਾਲ ਸਭਯ ਨਹੀਂ ਬਣਿਆ। ਉਸ ਨੂੰ ਕਦੇ ਵੀ ਇਕ ਵਹਿਸ਼ੀ ਜਾਨਵਰ ਬਣ ਜਾਣ ਲਈ ਉਕਸਾਇਆ ਜਾ ਸਕਦਾ ਹੈ। ਚਰਨ ਸਿੰਘ ਨੂੰ ਇਸ ਹਕੀਕਤ ਦੀ ਪੂਰੀ-ਪੂਰੀ ਸਮਝ ਹੈ। ਇਸੇ ਕਾਰਨ ਉਹ ਸ੍ਵੈਜੀਵਨੀ-ਮੂਲਕ ਅੰਦਾਜ਼ ਵਿਚ ਬਾਰ-ਬਾਰ ਮਨੁੱਖ ਨੂੰ ਲਘੂ-ਮਾਨਵ ਤੋਂ ਮਹਾਂ-ਮਾਨਵ ਦੀ ਯਾਤਰਾ ਉਪਰ ਤੋਰ ਦਿੰਦਾ ਹੈ। ਚਰਨ ਸਿੰਘ ਦਾ ਇਹ ਅੰਦਾਜ਼ ਆਧੁਨਿਕ ਪੰਜਾਬੀ ਕਾਵਿ ਵਿਚ ਉਸ ਦਾ ਇਕ ਸ਼ਿਰੋਮਣੀ ਸਥਾਨ ਨਿਸ਼ਚਿਤ ਕਰ ਦਿੰਦਾ ਹੈ। ਉਸ ਨੇ ਇਸ ਅੰਦਾਜ਼ ਨੂੰ ਨਿਰੂਪਿਤ ਕਰਨ ਵਾਲੀਆਂ ਅਨੇਕ ਕਵਿਤਾਵਾਂ ਦੀ ਰਚਨਾ ਕੀਤੀ ਹੈ। ਇਕ ਕਵਿਤਾ ਦੇ ਕੁਝ ਅੰਸ਼ ਦੇਖੋ:

ਫਿਰ ਮੈਂ ਆਪਣਾ ਆਪ ਉਧੇੜਿਆ
ਸੀਤਾ, ਧੋਇਆ ਤੇ ਨਚੋੜਿਆ
ਆਪਣੇ ਆਪ ਨੂੰ ਰੌਸ਼ਨੀ ਵੱਲ ਮੋੜਿਆ
ਮੂੰਹ ਫੇਰਿਆ ਤਾਮਸੀ ਪ੍ਰਵਿਰਤੀਆਂ ਤੋਂ
ਸੱਚ, ਸੁੰਦਰਤਾ ਤੇ ਕਲਿਆਣ ਦਾ ਚਾਨਣ
ਅੰਦਰ ਉਤਾਰਿਆ ਦੁਆਲੇ ਓੜ੍ਹਿਆ
ਆਪਣੇ ਵਿਚਲਾ ਮਾਨਵ ਜਗਾਇਆ
ਦੇਹ ਤੇ ਚੇਤਨਾ 'ਚੋਂ ਪਸ਼ੂ ਬਿਰਤੀਆਂ ਉਤਾਰੀਆਂ
ਬਿਖਰੀ ਜ਼ਿੰਦਗੀ ਸੁਆਰੀ
ਮੈਂ ਸ਼ਹਿਰਾਂ ਦੇ ਤਪਦੇ ਸੀਨੇ 'ਚ ਸੀਤ ਜਲ ਦੀ ਨਦੀ ਉਤਾਰੀ।

o

ਮੈਂ ਆਪਣਾ ਸਾਰਾ ਜਿਸਮ ਅੰਦਰੋਂ ਤੇ ਬਾਹਰੋਂ ਮਾਂਜਿਆ
ਮੇਰਾ ਤੇ ਮੇਰੇ ਜਿਸਮ ਦਾ ਕਾਇਆ ਕਲਪ ਹੋਇਆ
ਕਾਇਆ ਕਲਪ ਪਿੱਛੋਂ ਮੈਂ ਚੜ੍ਹਿਆ ਬਣ ਕੇ ਸੂਰਜ
ਜ਼ਿੰਦਗੀ ਦੀ ਪ੍ਰਭਾਤ ਨਿੱਘੀ ਕਰਨ ਲਈ
ਜ਼ਿੰਦਗੀ ਦੇ ਅੰਗ-ਅੰਗ 'ਚ ਕਿਰਨਾਂ ਧਰਨ ਲਈ
ਮਨੁੱਖ 'ਚ ਮਨੁੱਖਤਾ ਉਸਾਰਨ ਤੇ ਵਿਸਥਾਰਨ ਲਈ
ਆਪਣੇ 'ਚ ਵਗਦੇ
ਤਿਆਗ, ਕਲਿਆਣ ਤੇ ਪਿਆਰ ਦੇ ਝਰਨੇ
ਜ਼ਿੰਦਗੀ ਦੇ ਸਾਗਰ 'ਚ ਉਤਾਰਨ ਲਈ।

(ਨੌਂ ਦਰਵਾਜ਼ੇ, ਮੁੜ੍ਹਕੋ ਮੁੜ੍ਹਕੀ ਪੌਣ)

## 8. ਵਸਤੂ-ਚਿੱਤਰਕਾਰੀ : ਮਾਡਲਿੰਗ

ਚਰਨ ਸਿੰਘ ਇਕ ਪ੍ਰਯੋਗਸ਼ੀਲ ਕਵੀ ਹੈ। ਭਾਵੇਂ ਹਰ ਮਹੱਤਵਪੂਰਨ ਕਵੀ ਪ੍ਰਯੋਗਸ਼ੀਲ ਹੁੰਦਾ ਹੈ ਕਿਉਂਕਿ ਉਸ ਨੂੰ ਸਦਾ ਆਪਣੇ ਮਾਧਿਅਮ ਨਾਲ ਸੰਘਰਸ਼ ਕਰਨਾ ਪੈਂਦਾ ਹੈ ਪਰ ਚਰਨ ਸਿੰਘ ਦੇ ਕਾਵਿ ਦਾ ਜਨਮ ਹੀ ਪ੍ਰਯੋਗਵਾਦੀ ਮਾਹੌਲ ਵਿਚੋਂ ਹੋਇਆ ਹੈ। ਜਿਸ ਸਮੇਂ ਉਸ ਨੇ ਆਪਣੀ ਕਾਵਿ-ਯਾਤਰਾ ਆਰੰਭ ਕੀਤੀ ਸੀ, ਉਹਨਾਂ ਦਿਨਾਂ ਵਿਚ ਜਲੰਧਰ ਦੇ ਕੁਝ ਮਹੱਤਵਪੂਰਨ ਕਵੀ—ਰਵਿੰਦਰ ਰਵੀ, ਅਜਾਇਬ ਕਮਲ, ਜਸਬੀਰ ਸਿੰਘ ਆਹਲੂਵਾਲੀਆ ਅਤੇ ਸ.ਸ. ਮੀਸ਼ਾ ਆਦਿਕ ਆਧੁਨਿਕ ਪੰਜਾਬੀ ਕ਼ਾਵਿ ਦੇ ਖੇਤਰ ਵਿਚ ਕੁਝ ਸੁਚੇਤ ਪ੍ਰਯੋਗ ਕਰ ਰਹੇ ਸਨ। ਇਸ ਸਮੇਂ ਸਮੁੱਚੇ ਭਾਰਤ ਵਿਚ ਪ੍ਰਯੋਗਸ਼ੀਲ ਦੌਰ ਚੱਲ ਰਿਹਾ ਸੀ। ਭਾਰਤੀ ਕਾਵਿ ਦੇ ਪ੍ਰਸੰਗ ਵਿਚ ਅਗੇਯ, ਧਰਮਵੀਰ ਭਾਰਤੀ, ਮੁਕਤੀਬੋਧ, ਰਾਜਕਮਲ ਚੌਧਰੀ ਅਤੇ ਮਨੂ ਭੰਡਾਰੀ ਆਦਿਕ ਕਵੀ ਇਸ ਦਿਸ਼ਾ ਵਿਚ ਪ੍ਰਯਤਨਸੀਲ ਸਨ। ਇਹਨਾਂ ਤੋਂ ਵੀ ਪਹਿਲਾਂ ਯੂਰਪ ਵਿਚ ਟੀ.ਐਸ. ਏਲੀਅਟ, ਆਡੇਨ, ਕਮਿੰਗਜ਼ ਅਤੇ ਡਾਇਲਾਨ ਥਾਮਸ ਵਰਗੇ ਕਵੀ ਅੰਗਰੇਜ਼ੀ ਕਾਵਿ ਨੂੰ ਨਵਾਂ ਮੂੰਹ-ਮੁਹਾਂਦਰਾ ਪ੍ਰਦਾਨ ਕਰ ਚੁੱਕੇ ਸਨ। ਪੂੰਜੀਵਾਦੀ ਅਰਥਚਾਰੇ ਦੇ ਪ੍ਰਭਾਵ ਅਧੀਨ ਪੂਰੇ ਵਿਸ਼ਵ ਵਿਚ ਇਕ ਨਵਾਂ ਮਨੁੱਖ ਪੈਦਾ ਹੋ ਗਿਆ ਸੀ। ਇਸ ਨਵੇਂ ਮਨੁੱਖ ਨੂੰ ਆਪਣੇ ਭਾਵਾਂ ਦੇ ਅਭਿਵਿਅੰਜਨ ਲਈ ਨਵੀਂ ਕਾਵਿ-ਭਾਸ਼ਾ, ਨਵੇਂ ਰੂਪਕਾਂ ਅਤੇ ਪ੍ਰਤੀਕਾਂ ਦੀ ਜ਼ਰੂਰਤ ਅਨੁਭਵ ਹੋਣ ਲੱਗੀ ਸੀ। ਇਸੇ ਜ਼ਰੂਰਤ ਨੂੰ ਪੂਰਾ ਕਰਨ ਲਈ ਸਾਹਿਤ ਵਿਚ ਪ੍ਰਯੋਗਸ਼ੀਲ ਧਾਰਾ ਦਾ ਜਨਮ ਹੋਇਆ ਸੀ। ਚਰਨ ਸਿੰਘ ਇਸ ਧਾਰਾ ਨਾਲ ਜੁੜਿਆ ਅਤੇ ਹੌਲੀ-ਹੌਲੀ ਇਸ ਧਾਰਾ ਵਿਚ ਆਪਣੇ ਲਈ ਇਕ ਵਿਸ਼ੇਸ਼ ਮੁਕਾਮ ਸਿਰਜ ਲਿਆ। ਉਸ ਨੇ ਆਪਣੀਆਂ ਕਵਿਤਾਵਾਂ ਵਿਚ ਜੀਵਨ ਦੀਆਂ ਸਾਧਾਰਣ ਵਸਤਾਂ ਨੂੰ ਡੂੰਘੇ ਅਰਥ ਪ੍ਰਦਾਨ ਕਰ ਕੇ ਨਵੇਂ ਅੰਦਾਜ਼ ਨੂੰ ਜਨਮ ਦਿੱਤਾ। ਇਸ ਪ੍ਰਸੰਗ ਵਿਚ ਉਸ ਦੀਆਂ ਕੁਝ ਕਾਵਿ-ਟੁਕੜੀਆਂ ਦੇਖੋ :

ਮੈਂ ਅਖਰੋਟ ਦੀ ਛਿੱਲੜ ਹੀ ਨਹੀਂ
ਜੀਵਨ ਦੀ ਖ਼ੂਬਸੂਰਤੀ ਦੀ ਬਲਦੀ ਲਾਟ ਹਾਂ
ਮੇਰੇ 'ਚ ਦੰਦ, ਆਪਣੀ ਦੇਹ ਦੀ ਕਲੀ ਕਰਦੇ ਹਨ
ਮੋਤੀਆਂ ਦਾ ਰੂਪ ਧਾਰਦੇ ਹਨ
ਮੇਰੇ 'ਚ ਬੁਲ੍ਹ ਨਹਾਉਂਦੇ ਹਨ
ਸੁਰਖ਼ੀਆਂ ਦੀ ਕੁੱਖ ਕਹਾਉਂਦੇ ਹਨ। (ਦੰਦਾਸਾ, ਵਿਪਰੀਤ)

ਮੈਂ ਸਿਆਹੀ ਦੀ ਦੁਆਤ ਹਾਂ
ਆਦਿ ਹਾਂ ਜੁਗਾਦਿ ਹਾਂ

ਮਨੁੱਖ ਦੇ ਜਨਮ ਤੋਂ ਪਹਿਲਾਂ
ਮਨੁੱਖ ਦੀ ਕਿਸਮਤ ਦਾ ਹਿਸਾਬ ਹਾਂ
ਮੈਂ ਜਨਮ ਤੋਂ ਮੌਤ ਦਾ ਸਫ਼ਰ ਹਾਂ
ਮੈਂ ਹੀ ਮਨੁੱਖ ਦੀ ਕੁੱਖ ਹਾਂ
ਮੈਂ ਹੀ ਮਨੁੱਖ ਦੀ ਕਬਰ ਹਾਂ। (ਸਿਆਹੀ ਦੀ ਦੁਆਤ, ਵਿਪਰੀਤ)

ਮੈਂ ਪੰਜਾਂ ਛਿਆਂ ਵਰਕਿਆਂ ਦਾ
ਸਿਰਫ਼ ਕਾਇਦਾ ਹੀ ਨਹੀਂ
ਵੇਦਾਂ ਸ਼ਾਸਤਰਾਂ ਦਾ ਮੂਲ ਹਾਂ
ਜੜ੍ਹ ਹਾਂ, ਸ਼ਿੰਗਾਰ ਹਾਂ
ਮੈਂ ਪ੍ਰਕਿਰਤੀ ਦੇ ਬ੍ਰਹਿਮੰਡਾਂ ਦਾ ਨੂਰ ਹੀ ਨਹੀਂ
ਨੂਰ ਦਾ ਖ਼ੁਦ ਸਿਰਜਣਹਾਰ ਹਾਂ। (ਕਾਇਦਾ, ਵਿਪਰੀਤ)

## 9. ਪਤਿਤ ਸਭਿਆਚਾਰ ਦਾ ਨਿਰੂਪਣ

ਚਰਨ ਸਿੰਘ ਇਕ ਜ਼ਿੰਮੇਵਾਰ ਅਤੇ ਜਾਗਰੂਕ ਕਵੀ ਹੈ। ਇਸ ਲਈ ਉਹ ਆਪਣੇ ਆਲੇ-ਦੁਆਲੇ ਦੇ ਪਤਿਤ ਹੋ ਰਹੇ ਸਮਾਜ ਅਤੇ ਸਭਿਆਚਾਰ ਬਾਰੇ ਫ਼ਿਰਕਮੰਦ ਹੈ। ਉਹ ਇਉਂ ਨਹੀਂ ਸੋਚਦਾ ਕਿ ਜੇ ਵਿਅਕਤੀ ਆਪ ਚੰਗਾ ਹੈ, ਸਵਸਥ ਅਤੇ ਕਲਿਆਣਕਾਰੀ ਹੈ ਤਾਂ ਉਸ ਨੂੰ ਆਪਣੇ ਆਸੇ-ਪਾਸੇ ਫੈਲੇ ਕੋਝ ਅਤੇ ਗੰਦ ਤੋਂ ਘਬਰਾਉਣਾ ਨਹੀਂ ਚਾਹੀਦਾ। ਉਹ ਪਲਾਇਣਵਾਦੀ ਸੋਚ ਦਾ ਮਾਲਕ ਨਹੀਂ ਹੈ ਬਲਕਿ ਆਪਣੀ ਪੂਰੀ ਸ਼ਕਤੀ ਨਾਲ ਜ਼ਿੰਦਗੀ ਦੀਆਂ ਵਿਪਰੀਤ ਅਤੇ ਮਾਨਵਦੋਖੀ ਸ਼ਕਤੀਆਂ ਨਾਲ ਟਕਰਾਉਣ ਦਾ ਸਾਹਸ ਕਰਦਾ ਹੈ। ਉਸ ਨੇ ਅਨੁਭਵ ਕੀਤਾ ਹੈ ਕਿ ਉੱਤਰ-ਪੂੰਜੀਵਾਦ ਦੇ ਖਪਤਕਾਰੀ ਜੀਵਨ-ਮੁੱਲਾਂ ਨੇ ਮਨੁੱਖ ਦੇ ਅੰਦਰੋਂ ਸਾਰੀਆਂ ਉਚੇਰੀਆਂ ਕਦਰਾਂ-ਕੀਮਤਾਂ ਨੂੰ ਨਚੋੜ ਕੇ ਬਾਹਰ ਸੁੱਟ ਦਿੱਤਾ ਹੈ। ਸਿੱਟੇ ਵਜੋਂ ਮਨੁੱਖ ਇਕ ਨਰਭਕਸ਼ੀ ਰਾਕਸ਼ ਬਣ ਕੇ ਰਹਿ ਗਿਆ ਹੈ। ਉਸ ਨੇ ਕਈ ਸਦੀਆਂ ਵਿਚ ਉਸਾਰੇ ਮਾਨਵੀ ਸਭਿਆਚਾਰ ਨੂੰ ਤਹਿਸ-ਨਹਿਸ ਕਰ ਕੇ ਰੱਖ ਦਿੱਤਾ ਹੈ। ਸਚਮੁਚ ਕਈ ਵਾਰ ਤਾਂ ਸੰਵੇਦਨਸ਼ੀਲ ਅਤੇ ਸੱਚੇ-ਸੁੱਚੇ ਮਨੁੱਖਾਂ ਨੂੰ ਇਸ ਕਥਿਤ ਨਵੇਂ ਸਭਿਆਚਾਰ ਤੋਂ ਸ਼ਰਮ ਆਉਣ ਲੱਗਦੀ ਹੈ। ਇਸ ਪਤਿਤ ਹੋ ਚੁੱਕੇ ਸਭਿਆਚਾਰ ਦੀਆਂ ਘ੍ਰਿਣਿਤ ਤਸਵੀਰਾਂ ਖਿੱਚਦਾ ਹੋਇਆ ਕਵੀ ਲਿਖਦਾ ਹੈ:

ਮੈਂ ਕਿਸ ਸ਼ਹਿਰ 'ਚ ਆ ਗਿਆ ਹਾਂ
ਜਿਥੇ ਮੇਰਾ ਸਾਇਆ ਵੀ ਪਰਾਇਆ ਹੈ
ਨਾ ਕੋਈ ਘਰ ਹੈ ਮੇਰਾ, ਨਾ ਕੋਈ ਥਾਂ ਹੈ ਮੇਰੀ

ਨਾ ਵਜੂਦ ਹੈ ਮੇਰਾ, ਨਾ ਨਾਂ ਹੈ ਮੇਰਾ।

o

ਮਾਵਾਂ ਨੂੰ ਆਪਣੇ ਬੱਚਿਆਂ ਦੇ ਪਿਉ ਦਾ ਪਤਾ ਨਹੀਂ
ਮਮਤਾ ਬੱਚਿਆਂ ਲਈ ਬਾਪ ਦੇ
ਨਾਮ ਲਈ ਡੀ.ਐਨ.ਏ. ਟੈਸਟ ਦੀ ਮੁਥਾਜ ਹੈ
ਨਾ ਪਤੀ ਨੂੰ ਪਤਨੀ
ਨਾ ਪਤਨੀ ਨੂੰ ਪਤੀ ਰਾਸ ਹੈ
ਪਿਉਆਂ ਦੀਆਂ ਸੇਜਾਂ 'ਤੇ
ਧੀਆਂ ਦਾ ਨੰਗਾ ਜਿਸਮ ਕਰਵਟਾਂ ਬਦਲਦਾ ਹੈ
ਪਤੀ ਦੇ ਦੋਸਤਾਂ ਨਾਲ, ਭਰਾਵਾਂ ਨਾਲ
ਪਤਨੀ ਦੀ ਗੁਪਤ ਲਿੰਗ-ਸਾਂਝ ਹੈ
ਭੈਣ ਭਰਾ ਦੇ ਰਿਸ਼ਤੇ ਦੀ ਕਾਮ ਲੜੀ ਹੈ
ਮਰਦਾਨਾ ਹੁੱਕਰਾਂ ਦੀ ਬਜ਼ਾਰਾਂ 'ਚ ਝੜੀ ਹੈ
ਇਹ 'ਸਭਿਅਕ ਲੋਕਾਂ' ਦੀ ਤਹਿਜ਼ੀਬ ਹੈ
ਉੱਚ ਸ਼੍ਰੇਣੀ ਦੀ ਮਰ ਗਈ ਜ਼ਮੀਰ ਹੈ
ਇਸ ਸ਼ਹਿਰ ਦਾ ਹਰ ਸ਼ਖ਼ਸ
ਬੀਮਾਰ ਹੈ, ਅਪਾਹਜ ਹੈ
ਪੱਥਰਾਂ ਦੀ ਸੁਰ ਹੈ, ਥੇਹਾਂ ਤੇ ਡੰਗਰਾਂ ਦਾ ਸਾਜ਼ ਹੈ।...

o

ਮੈਂ ਕਿਸ ਸ਼ਹਿਰ 'ਚ ਆ ਗਿਆਂ
ਜਿਥੇ ਮੇਰਾ ਸਾਇਆ ਵੀ ਪਰਾਇਆ ਹੈ
ਨਾ ਕੋਈ ਘਰ ਹੈ ਮੇਰਾ, ਨਾ ਕੋਈ ਥਾਂ ਹੈ ਮੇਰੀ
ਨਾ ਵਜੂਦ ਹੈ ਮੇਰਾ, ਨਾ ਨਾਂ ਹੈ ਮੇਰਾ।

(ਸਭਿਅਕ ਲੋਕ, ਬਿੰਦੂ ਤੇ ਦਾਇਰੇ)

## 10. ਇਤਿਹਾਸ-ਮਿਥਿਹਾਸ ਦਾ ਪੁਨਰ-ਲੇਖਣ

ਚਰਨ ਸਿੰਘ ਨੂੰ ਇਸ ਤੱਥ ਦਾ ਤੀਬਰ ਅਹਿਸਾਸ ਹੈ ਕਿ ਇਤਿਹਾਸ ਅਤੇ ਮਿਥਿਹਾਸ ਉਪਰ ਆਪਣੇ-ਆਪਣੇ ਯੁਗ ਦੀ ਛਾਪ ਲੱਗੀ ਹੁੰਦੀ ਹੈ। ਇਹਨਾਂ ਨੂੰ ਆਪਣੇ ਲਈ ਅਰਥ-ਪੂਰਨ ਅਤੇ ਪ੍ਰਾਸੰਗਿਕ ਬਣਾਉਣ ਲਈ ਨਵੇਂ ਯੁਗ ਦੇ ਦਾਨਿਸ਼ਵਰਾਂ ਅਤੇ ਲੇਖਕਾਂ ਨੂੰ ਇਹਨਾਂ ਦੇ ਪੁਨਰ-ਲੇਖਣ ਦੀ ਜ਼ਰੂਰਤ ਪੈਂਦੀ ਹੈ। ਆਦਿ ਕਾਲ ਵਿਚ ਮਿਥਿਹਾਸ ਦੀ ਸਿਰਜਣਾ ਪ੍ਰਕਿਰਤੀ ਦੇ ਰਹੱਸਮਈ ਵਰਤਾਰੇ

ਨੂੰ ਸਮਝਣ ਲਈ ਉਸ ਵਕਤ ਦੇ ਮਨੁੱਖ ਦੀ ਜਗਿਆਸਾ ਪੂਰਤੀ ਲਈ ਕੀਤੀ ਗਈ ਸੀ। ਮੱਧਕਾਲ ਤਕ ਦਾ ਇਤਿਹਾਸ ਰਾਜਿਆਂ, ਰਜਵਾੜਿਆਂ ਦੇ ਆਪ-ਹੁਦਰੇ ਅਤੇ ਜ਼ਾਲਮ ਵਤੀਰੇ ਨੂੰ ਨਿਆਇਉਚਿਤ ਅਤੇ ਦੈਵੀ ਇੱਛਾ ਦਰਸਾਉਣ ਦੇ ਮੰਤਵ ਲਈ ਲਿਖਿਆ ਗਿਆ ਸੀ। ਪਰ ਅਜੋਕੇ ਮਨੁੱਖ ਨੂੰ ਸਮੁੱਚਾ ਮਿਥਿਹਾਸ ਅਤੇ ਇਤਿਹਾਸ ਆਮ ਮਨੁੱਖ ਦੇ ਦ੍ਰਿਸ਼ਟੀਕੋਣ ਤੋਂ ਨਵੇਂ ਸਿਰਿਉਂ ਲਿਖਣ ਦੀ ਲੋੜ ਹੈ ਤਾਂ ਹੀ ਇਹ ਮਨੁੱਖ ਆਪਣੇ ਆਪ ਨੂੰ ਸੰਸਾਰ ਦੇ ਮੇਚ ਦਾ ਅਨੁਭਵ ਕਰ ਸਕੇਗਾ। ਉਸ ਵਿਚੋਂ ਲਘੁਤਾ ਦਾ ਅਹਿਸਾਸ ਮਨਫ਼ੀ ਹੋ ਜਾਵੇਗਾ ਅਤੇ ਉਹ ਆਪਣੇ ਆਪ ਨੂੰ ਪੂਰੀ ਕਾਇਨਾਤ ਦਾ ਹਾਣੀ ਸਮਝਣ ਲੱਗੇਗਾ। ਚਰਨ ਸਿੰਘ ਨੇ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਦੁਆਰਾ ਸਾਧਾਰਣ ਮਨੁੱਖ ਦੇ ਮਨ ਵਿਚੋਂ ਹੀਣਤਾ ਦੇ ਅਹਿਸਾਸ ਨੂੰ ਖ਼ਤਮ ਕਰ ਕੇ ਇਕ ਨਵੇਂ ਅਤੇ ਸ਼ਕਤੀਸ਼ਾਲੀ ਆਮ ਆਦਮੀ ਦੀ ਸਿਰਜਣਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਪ੍ਰਯੋਗ ਵਿਚ ਉਸ ਦੀ ਇਕ ਕਵਿਤਾ ਦੇਖੋ:

ਮੈਂ ਸਮੂਹਕ ਜੀਵਨ ਦਾ ਦਰਪਣ ਤੇ
ਵਿਸਥਾਰ ਹੋ ਗਿਆ।
ਮੈਂ ਭੂਤ, ਵਰਤਮਾਨ ਤੇ ਭਵਿੱਖ ਦੀ
ਬੰਦਸ਼ ਤੋਂ ਆਰ-ਪਾਰ ਹੋ ਗਿਆ।

o

ਹੁਣ ਮੈਂ ਬੀਤੇ ਦਾ ਦਰਪਣ ਹਾਂ
ਅੱਜ ਦਾ ਚਿਹਰਾ, ਭਵਿੱਖ ਦਾ ਸਵੇਰਾ ਹਾਂ
ਮਹਿਲਾਂ ਤੋਂ ਕੁੱਲੀਆਂ ਤਕ ਦਾ ਸਫ਼ਰ ਹਾਂ
ਰਾਜਿਆਂ, ਰੰਕਾਂ ਤੇ ਪਰਜਾ ਦੀ ਆਵਾਜ਼ ਹਾਂ
ਮੈਂ ਸਮੂਹਕ ਜੀਵਨ ਦਾ ਵਿਸਥਾਰ ਹਾਂ
ਸਮੇਂ ਦੀ ਬੰਦਸ਼ ਤੋਂ ਆਰ-ਪਾਰ ਹਾਂ
ਮੈਂ ਆਪਣੀ ਖ਼ਾਲੀ ਵਰਕਿਆਂ 'ਚੋਂ ਗੂੰਜਦੀ
ਤਖ਼ਤ ਤੇ ਪਰਜਾ ਦੀ ਆਵਾਜ਼ ਹਾਂ।

(ਇਤਿਹਾਸ ਦਾ ਦੁਖਾਂਤ, ਅੰਤਰੀਵ)

ਇਸ ਪ੍ਰਕਾਰ ਅਸੀਂ ਦੇਦੇ ਹਾਂ ਕਿ ਚਰਨ ਸਿੰਘ ਨੇ ਆਧੁਨਿਕ ਪੰਜਾਬੀ ਕਾਵਿ ਨੂੰ ਬਹੁ-ਪੱਖੀ ਅਤੇ ਸਾਰਥਿਕ ਦੇਣ ਦਿੱਤੀ ਹੈ। ਪੰਜਾਬੀ ਕਾਵਿ ਦੀ ਜਿਸ ਪਰੰਪਰਾ ਵਿਚੋਂ ਉਸ ਨੇ ਜਨਮ ਲਿਆ ਸੀ, ਉਸ ਨੂੰ ਆਪਣੀ ਅਣਥੱਕ ਸਾਧਨਾ ਨਾਲ ਉਸ ਨੇ ਬੇਹੱਦ ਸੰਵਾਰਿਆ-ਨਿਖਾਰਿਆ ਹੈ। ਉਸ ਨੇ ਇਕ ਸੰਘਰਸ਼ਸ਼ੀਲ ਆਮ ਆਦਮੀ ਦੀ ਸੋਚ ਅਤੇ ਜਜ਼ਬੇ ਨੂੰ ਪੂਰੀ ਸ਼ਿੱਦਤ ਨਾਲ ਆਵਾਜ਼ ਪ੍ਰਦਾਨ ਕੀਤੀ

ਹੈ। ਉਹ ਪੂੰਜੀਵਾਦੀ ਸਮਾਜ ਦੇ ਦਬਾਵਾਂ ਹੇਠ ਗੁੰਗੇ ਅਤੇ ਬੋਲੇ ਹੋ ਚੁੱਕੇ ਮਨੁੱਖਾਂ ਦੀ ਧਿਰ ਬਣਿਆ ਹੈ। ਉਹਨਾਂ ਪ੍ਰਤੀ ਸੁਹਿਰਦ ਅਤੇ ਵਚਨਬੱਧ ਰਿਹਾ ਹੈ। ਉਸ ਨੇ ਆਪਣੇ ਅਨੁਭਵ ਦੀ ਪ੍ਰਮਾਣਿਕਤਾ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ ਬਲਕਿ ਜੋ ਮਹਿਸੂਸ ਕੀਤਾ ਹੈ, ਉਸ ਨੂੰ ਪੂਰੀ ਜੁਰਅੱਤ ਨਾਲ ਕਾਗਜ਼ ਉਪਰ ਅੰਕਿਤ ਕੀਤਾ ਹੈ। ਉਸ ਦੀਆਂ ਕਵਿਤਾਵਾਂ ਸਾਡੇ ਲਹੂ-ਲੁਹਾਣ ਅਤੇ ਵਲੂੰਧਰੇ ਯੁਗ ਦੇ ਅਹਿਮ ਦਸਤਾਵੇਜ਼ ਹਨ। ਉਸ ਦਾ ਨਾਮ ਪੰਜਾਬੀ ਸਾਹਿਤ ਦੇ ਇਤਿਹਾਸ ਦੇ ਪੰਨਿਆਂ ਉਪਰ ਸਦਾ ਲਈ ਅੰਕਿਤ ਰਹੇਗਾ। ਉਹ ਆਧੁਨਿਕ ਪੰਜਾਬੀ ਕਾਵਿ ਦਾ ਇਕ ਸ਼ਿਰੋਮਣੀ ਹਸਤਾਖ਼ਰ ਹੈ।

ਅੰਤਿਕਾ-1

# ਚਰਨ ਸਿੰਘ ਕਾਵਿ-ਰਚਨਾਵਲੀ

1. ਤੀਸਰੀ ਅੱਖ (1982)
2. ਮਿੱਟੀ 'ਚ ਉੱਕਰੇ ਅੱਖਰ (1984)
3. ਸ਼ੂਨਯ-ਬੋਧ (1987)
4. ਆਪੇ ਬੋਲ ਸੋ੍ਤ: ਲੰਬੀ ਕਵਿਤਾ (1998)
5. ਗਗਨ ਮੈ ਥਾਲੁ (2008)
6. ਸ਼ੀਸ਼ੇ ਵਿਚਲਾ ਸੂਰਜ (2008)
7. ਰੁੱਖ ਤੇ ਜੰਗਲ (2008)
8. ਮੁੜ੍ਹਕੋ ਮੁੜ੍ਹਕੀ ਪੌਣ (2009)
9. ਵਿਪਰੀਤ (2009)
10. ਬਿੰਦੂ ਤੇ ਦਾਇਰੇ (2009)
11. ਅੰਤਰੀਵ (2010)
12. ਸੂਰਜ ਤੇ ਕਿਰਨਾਂ (2010)
13. ਤ੍ਰੁਪਕਾ ਤ੍ਰੁਪਕਾ ਸੂਰਜ (2010)
14. ਆਧੁਨਿਕ ਵਿਸ਼ਵ: ਲੰਬੀ ਕਵਿਤਾ (2011)
15. ਪ੍ਰਕਰਮਾ (2011)
16. ਦੀਵੇ ਜਗਦੇ ਨੈਣ: ਅ.ਗਜ਼ਲ ਸੰਗ੍ਰਹਿ (2011)
17. ਰਿਸ਼ਮਾਂ (2012)
18. ਦਰਪਣ (2012)
19. ਅਨੁਭਵ (2012)
20. ਪ੍ਰਛਾਵੇਂ (2012)
21. ਤ੍ਰੈਕਾਲ (2012)
22. ਤ੍ਰਿਵੇਣੀ (2012)
23. ਆਗਮਨ (2012)
24. ਪ੍ਰਵਾਜ਼ (2012)
25. ਕੋਰਾ ਕਾਗਜ਼ (2012)
26. ਸ਼ਬਦਾਂ ਦਾ ਸਫ਼ਰ (2012)
27. ਬੁੱਕਲ (2012)
28. ਸ਼ੀਸ਼ੇ ਦਾ ਸ਼ਹਿਰ (2012)

ਅੰਤਿਕਾ-2

# ਪ੍ਰਕਾਸ਼ਨਾਧੀਨ ਪੁਸਤਕ-ਸੂਚੀ

1 ਹੰਝੂਆਂ ਦੇ ਦਰਿਆ (ਗੀਤ-ਸੰਗ੍ਰਹਿ)
2. ਮੈਂ, ਪਗਡੰਡੀ, ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
3. ਹੋਂਦ ਦੀ ਤਲਾਸ਼ (ਲੰਬੀ ਕਵਿਤਾ)
4. ਕੁਕਨੂਸ (ਕਾਵਿ-ਸੰਗ੍ਰਹਿ)
5. ਮੌਲੀ ਧਰਤੀ (ਕਾਵਿ-ਸੰਗ੍ਰਹਿ)
6. ਸੰਤੁਲਨ (ਕਾਵਿ-ਸੰਗ੍ਰਹਿ)
7. ਖ਼ਾਲੀ ਘਰ (ਕਾਵਿ-ਸੰਗ੍ਰਹਿ)
8. ਪ੍ਰਦਰਸ਼ਨੀ (ਕਾਵਿ-ਸੰਗ੍ਰਹਿ)
9. ਸਮਾਧੀ (ਕਾਵਿ-ਸੰਗ੍ਰਹਿ)
10. ਮੁਕਤੀ (ਲੰਬੀ ਕਵਿਤਾ)
11. ਕ੍ਰਾਂਤੀ (ਕਾਵਿ-ਸੰਗ੍ਰਹਿ)
12. ਹਸਤਨਾਪੁਰ (ਕਾਵਿ-ਸੰਗ੍ਰਹਿ)
13. ਜਗਿਆਸਾ (ਕਾਵਿ-ਸੰਗ੍ਰਹਿ)
14. ਪ੍ਰਦੂਸ਼ਨ (ਕਾਵਿ-ਸੰਗ੍ਰਹਿ)
15. ਬਸਤੀ ਤੇ ਸ਼ਹਿਰ (ਕਾਵਿ-ਸੰਗ੍ਰਹਿ)
16. ਅਰਥ (ਕਾਵਿ-ਸੰਗ੍ਰਹਿ)
17. ਸੁਰਖਸ਼ਾ (ਕਾਵਿ-ਸੰਗ੍ਰਹਿ)
18. ਮਹਿਮਾ (ਕਾਵਿ-ਸੰਗ੍ਰਹਿ)
19. ਚੁੱਪ ਦੀ ਆਵਾਜ਼ (ਕਾਵਿ-ਸੰਗ੍ਰਹਿ)
20. ਕਿਵ ਸਚਿਆਰਾ ਹੋਈਐ (ਨਾਟਕ)

# ਐਵਾਰਡਜ਼ ਤੇ ਸਨਮਾਨ

1. **Award of Distinction,** Indo-Canadian Times, 1984
2. ਸ਼ਾਨੇ ਪੰਜਾਬ: **Distinction Award,** Indo-Canadian Times, 1986.
3. **Prof. Mohan Singh Memorial Foundation,** Canada.
4. **Award of Distinction,** Radio RimJim, Canada, 1993.
5. NRI Sabha, Jalandhar City, **Award of Distinction,** 2003.
6. **Award for the contribution to Punjabi Literature,** 2007.
7. ਸ਼ੂਨਯ ਬੋਧ (ਕਾਵਿ ਸੰਗ੍ਰਹਿ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਐਮ.ਏ. ਪੰਜਾਬੀ ਦੇ ਸਿਲੇਬਸ ਦਾ ਹਿੱਸਾ ਬਣੀ।
8. ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਚਰਨ ਸਿੰਘ ਦੀਆਂ ਪੁਸਤਕਾਂ 'ਤੇ ਪੀਐਚ.ਡੀ. ਕੀਤੀ।
9. **Award for Outstanding Contribution to the Punjabi Poetry** from International Association of Punjabi Authors & Artists, I.N.C., 2011.
10. **Award for Outstanding Contribution towards Punjabi Literature,** from Canadian International Punjabi Sahit Academy, Canada, 2011.
11. ਪ੍ਰਸਿੱਧ ਆਲੋਚਕ ਪ੍ਰੋ. ਬ੍ਰਹਮਜਗਦੀਸ਼ ਸਿੰਘ ਨੇ ਆਧੁਨਿਕ ਪੰਜਾਬੀ ਕਾਵਿ ਵਿਚ ਚਰਨ ਸਿੰਘ ਦੇ ਯੋਗਦਾਨ ਬਾਰੇ ਪੁਸਤਕ ਪ੍ਰਕਾਸ਼ਿਤ ਕੀਤੀ ਚਰਨ ਸਿੰਘ ਦਾ ਕਾਵਿ-ਲੋਕ।

ISBN 978-81-7856-404-3



ਚਰਨ ਸਿੰਘ ਆਧੁਨਿਕ ਪੰਜਾਬੀ ਕਾਵਿ ਦੇ ਕੁਝ ਉਨ੍ਹਾਂ ਗਿਣੇ-ਚੁਣੇ ਹਸਤਾਖ਼ਰਾਂ ਵਿਚੋਂ ਹੈ, ਜਿਨ੍ਹਾਂ ਨੇ ਪੰਜਾਬੀ ਕਾਵਿ ਦੀ ਗੌਰਵਮਈ ਪਰੰਪਰਾ ਨੂੰ ਨਵਾਂ ਵਿਸਤਾਰ ਅਤੇ ਅਰਥਪੂਰਨ ਗਹਿਰਾਈ ਪ੍ਰਦਾਨ ਕੀਤੀ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਸਾਡੀ ਕਵਿਤਾ ਇਕ ਖੜੋਤ ਅਤੇ ਜੜ੍ਹਤਾ ਦਾ ਸ਼ਿਕਾਰ ਹੁੰਦੀ ਜਾ ਰਹੀ ਸੀ। ਸਾਡੇ ਕਵੀਆਂ ਦਾ ਅਨੁਭਵ ਅਪ੍ਰਮਾਣਿਕ ਹੁੰਦਾ ਜਾ ਰਿਹਾ ਸੀ, ਜਿਸ ਕਾਰਨ ਪਾਠਕ ਪੰਜਾਬੀ ਕਾਵਿ ਤੋਂ ਬੇਮੁਖ ਹੁੰਦੇ ਜਾ ਰਹੇ ਸਨ ਪਰੰਤੂ ਚਰਨ ਸਿੰਘ ਨੇ ਆਪਣੇ ਪ੍ਰਮਾਣਿਕ ਅਨੁਭਵ ਅਤੇ ਮੌਲਿਕ ਕਾਵਿ ਵਿਧੀਆਂ ਦੁਆਰਾ ਆਧੁਨਿਕ ਪੰਜਾਬੀ ਕਾਵਿ ਵਿਚ ਇਕ ਨਵੀਂ ਊਰਜਾ ਦਾ ਸੰਚਾਰ ਕਰ ਦਿੱਤਾ ਹੈ। ਆਪਣੇ ਇਸ ਪੁਰਸ਼ਾਰਥ ਦੇ ਕਾਰਨ ਉਹ ਸਮੂਹ ਪੰਜਾਬੀਆਂ ਦੀ ਪ੍ਰਸ਼ੰਸਾ ਦਾ ਯੋਗ ਹੱਕਦਾਰ ਹੈ।

ਉਸ ਦੇ ਕਾਵਿਕ ਅੰਦਾਜ਼ ਦਾ ਜਿਹੜਾ ਪੱਖ ਮੈਨੂੰ ਸਭ ਤੋਂ ਵੱਧ ਪਸੰਦ ਆਇਆ ਹੈ, ਉਹ ਉਸਦਾ ਅਵੰਡ ਅਤੇ ਅਖੰਡ ਆਸ਼ਾਵਾਦ ਹੈ। ਆਧੁਨਿਕ ਪੰਜਾਬੀ ਕਾਵਿ ਨੂੰ ਉਸਦੀ ਦੇਣ ਬਹੁਦਿਸ਼ਾਵੀ ਅਤੇ ਬਹੁਵਿਮਾਵੀ ਹੈ। ਮੈਂ ਸਮੂਹ ਪੰਜਾਬੀਆਂ ਨੂੰ ਉਸਦੇ ਕਾਵਿ ਲੋਕ ਵਿਚੋਂ ਗੁਜ਼ਰਨ ਦੀ ਨਿੱਘੀ ਦਾਅਵਤ ਦਿੰਦਾ ਹਾਂ।

**ਪ੍ਰੋ. ਬ੍ਰਹਮਜਗਦੀਸ਼ ਸਿੰਘ**

**ਵਾਰਿਸ ਸ਼ਾਹ ਫ਼ਾਉਂਡੇਸ਼ਨ**
ਅੰਮ੍ਰਿਤਸਰ-143002